**ਮੇਲਾ ਗਦਰੀ ਬਾਬਿਆਂ ਦਾ**

ਯੂਬਾ ਸਿਟੀ ਵਿਖੇ

**15 ਅਕਤੂਬਰ 2023**

ਦਿਨ ਐਤਵਾਰ

ਪਹੁੰਚਣ ਲਈ ਸੱਦਾ

(ਦੇਖੋ ਸਫਾ 2 'ਤੇ)



12ਵਾਂ ਸਾਲ — ਹਫਤਾਵਾਰੀ

# ਦੇਸ਼ ਦੁਆਬਾ

VOL -12 ISSUE - 27

October 11, 2023

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com




ਯੂਬਾ ਸਿਟੀ ਵਿਖੇ ਮੇਲਾ ਗਦਰੀ ਬਾਬਿਆਂ ਦਾ
15 ਅਕਤੂਬਰ 2023 ਨੂੰ (ਹੋਰ ਜਾਣਕਾਰੀ ਲਈ ਦੇਖੋ ਸਫਾ 2)


ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ


## ਮਹਾਂਮਹਿਮ ਗਵਰਨਰ ਕੈਲੇਫੋਰਨੀਆ ਵੱਲੋਂ ਜਾਤੀ ਵਿਤਕਰੇ ਵਿਰੋਧੀ ਸੈਨੇਟ ਬਿਲ 403 ਰੱਦ




ਕੈਲੀਫੋਰਨੀਆ ਦੇ ਗਵਰਨਰ Gavin Newsom ਨੇ ਸ਼ਨੀਵਾਰ (7 ਅਕਤੂਬਰ, 2023) ਨੂੰ ਜਾਤੀ ਵਿਤਕਰੇ 'ਤੇ ਸਪੱਸ਼ਟ ਤੌਰ 'ਤੇ ਪਾਬੰਦੀ ਲਗਾਉਣ ਲਈ ਰਾਜ ਵਿਧਾਨ ਸਭਾ ਦੁਆਰਾ ਹਾਲ ਹੀ ਵਿੱਚ ਪਾਸ ਕੀਤੇ ਬਿਲ ਨੂੰ ਵੀਟੋ ਕਰ ਦਿੱਤਾ ਹੈ।

(ਦੇਖੋ ਮਹਿਮਾਨ ਸੰਪਾਦਕੀ ਸਫਾ 6 'ਤੇ)


Unveiling of North America's
Largest Dr. B.R. Ambedkar Statue
STATUE OF EQUALITY

Join the historic moment and pay tribute to a social justice champion

OCT | SAT 14 | 2023
10:00 AM EST

VENUE:
15755 LIVINGSTON ROAD,
ACCOKEEK, MD 20607

10:00AM — Breakfast and Social Hour
11:00AM — Speeches and Discussion on Global Ambedkar Movement
1:00 PM — Lunch
2:00 PM — Statue Unveiling Ribbon Cutting Ceremony
2:15 PM — Speeches by Guests of Honor
6:00 PM — Dinner, Cultural Activities.

Scan the QR Code.
https://tinyurl.com/5n6k88ay

AMBEDKAR INTERNATIONAL CENTER
https://aicusa.org

CONTACT
Ram K 408 406 3582, Mahendra K 302 883 1456, Rakesh G 732 993 8040


# ਇਜ਼ਰਾਈਲ ਅਤੇ ਫਲਸਤੀਨੀਆਂ ਜੰਗ ਵਿੱਚ ਹੁਣ ਤੱਕ 1800 ਤੋਂ ਵੱਧ ਲੋਕ ਮਾਰੇ ਗਏ

## ਜੰਗ ਸ਼ੁਰੂ ਨਹੀਂ ਕੀਤੀ ਪਰ ਖ਼ਤਮ ਜ਼ਰੂਰ ਕਰਾਂਗੇ: ਨੇਤਨਯਾਹੂ

ਤਲ ਅਵੀਵ/ਯੇਰੂਸ਼ਲੱਮ/ਗਾਜ਼ਾ (ਬਿਊਰੋ)- ਇਜ਼ਰਾਈਲ ਅਤੇ ਫਲਸਤੀਨੀਆਂ ਵਿਚਕਾਰ ਪਿਛਲੇ ਚਾਰ ਕਰਦਿਆਂ ਕਿਹਾ ਕਿ ਇਜ਼ਰਾਈਲ ਦੇ ਇਲਾਕੇ 'ਚੋਂ ਕਰੀਬ 1500 ਹਮਾਸ ਦਹਿਸ਼ਤਗਰਦਾਂ ਦੀਆਂ ਲਾਸ਼ਾਂ ਮਿਲੀਆਂ ਹਨ। ਸੂਤਰਾਂ ਮੁਤਾਬਕ ਅਚਨਚੇਤ ਹਮਲੇ ਤੋਂ ਬਾਅਦ ਜਾਰੀ ਜੰਗ ਦੇ ਚੌਥੇ ਦਿਨ ਸਰਹੱਦ 'ਤੇ ਪੂਰਾ ਕੰਟਰੋਲ ਹਾਸਲ ਕਰ ਲਿਆ





ਦਿਨ ਤੋਂ ਜਾਰੀ ਜੰਗ ਵਿੱਚ ਹੁਣ ਤੱਕ 1800 ਤੋਂ ਵੱਧ ਲੋਕ ਮਾਰੇ ਗਏ ਹਨ ਤੇ ਜ਼ਖ਼ਮੀਆਂ ਦਾ ਅੰਕੜਾ 6800 ਨੂੰ ਟੱਪ ਗਿਆ ਹੈ। ਇਜ਼ਰਾਇਲੀ ਫ਼ੌਜ ਨੇ ਦੇਸ਼ ਦੇ ਦੱਖਣੀ ਹਿੱਸੇ 'ਚ ਜ਼ਿਆਦਾਤਰ ਥਾਵਾਂ 'ਤੇ ਮੁੜ ਕਬਜ਼ਾ ਕਰਨ ਦਾ ਦਾਅਵਾ ਇਜ਼ਰਾਇਲੀ ਫ਼ੌਜ ਨੇ ਦੇਸ਼ ਦੇ ਦੱਖਣੀ ਹਿੱਸੇ 'ਚ ਜ਼ਿਆਦਾਤਰ ਥਾਵਾਂ 'ਤੇ ਮੁੜ ਕਬਜ਼ਾ ਕਰਨ ਦਾ ਦਾਅਵਾ ਕਰਦਿਆਂ ਕਿਹਾ ਕਿ ਇਜ਼ਰਾਈਲ ਦੇ ਇਲਾਕੇ 'ਚੋਂ ਕਰੀਬ 1500 ਹਮਾਸ ਅਤਿਵਾਦੀਆਂ ਦੀਆਂ ਲਾਸ਼ਾਂ ਮਿਲੀਆਂ ਹਨ। ਇਜ਼ਰਾਈਲ ਦੇ ਗਿਆ ਹੈ। ਬੀਤੀ ਦੇਰ ਰਾਤ ਤੋਂ ਹਮਾਸ ਦਾ ਇੱਕ ਵੀ ਅਤਵਿਾਦੀ ਇਜ਼ਰਾਈਲ ਵਿੱਚ ਦਾਖਲ ਨਹੀਂ ਹੋਇਆ ਹੈ, ਹਾਲਾਂਕਿ ਘੁਸਪੈਠ ਹਾਲੇ ਵੀ ਸੰਭਵ ਹੋ ਸਕਦੀ ਹੈ। ਚਾਰ ਦਿਨਾਂ

(ਬਾਕੀ ਸਫਾ 29 'ਤੇ)

# ਲੋਕ ਸਭਾ ਤੋਂ ਪਹਿਲਾਂ ਸੈਮੀ-ਫਾਈਨਲ ਕਹੀਆਂ ਜਾਂਦੀਆਂ 5 ਸੂਬਿਆਂ ਦੀਆਂ ਚੋਣਾਂ ਦਾ ਐਲਾਨ

ਨਵੀਂ ਦਿੱਲੀ (ਬਿਊਰੋ)- ਪੰਜ ਸੂਬਿਆਂ 'ਚ ਵਿਧਾਨ ਸਭਾ ਚੋਣਾਂ ਦੀਆਂ ਤਰੀਕਾਂ ਦਾ ਐਲਾਨ ਹੋ ਗਿਆ ਹੈ। ਮੱਧ ਪ੍ਰਦੇਸ਼ 'ਚ 17 ਨਵੰਬਰ ਨੂੰ, ਰਾਜਸਥਾਨ 23 ਨਵੰਬਰ, ਛੱਤੀਸਗੜ੍ਹ 'ਚ 7 ਨਵੰਬਰ ਤੇ 17 ਨਵਬੰਰ ਨੂੰ ਦੋ ਪੜ੍ਹਾਵਾਂ 'ਚ, ਮਿਜ਼ੋਰਮ 'ਚ 7 ਨਵੰਬਰ ਅਤੇ ਤੇਲੰਗਾਨਾ 'ਚ 30 ਨਵੰਬਰ ਨੂੰ ਵੋਟਾਂ ਪੈਣਗੀਆਂ। ਨਤੀਜਾ 3 ਦਸੰਬਰ ਨੂੰ ਆਵੇਗਾ। ਜ਼ਿਕਰਯੋਗ ਹੈ ਕਿ ਸਿਰਫ਼ ਛੱਤੀਸਗੜ੍ਹ 'ਚ ਦੋ ਪੜ੍ਹਾਵਾਂ 'ਚ ਵੋਟਿੰਗ ਹੋਵੇਗੀ ਜਦਕਿ ਬਾਕੀ ਸੂਬਿਆਂ 'ਚ ਇਕ ਪੜ੍ਹਾਅ 'ਚ ਵੋਟਾਂ ਪੈਣਗੀਆਂ। ਮੁੱਖ ਚੋਣ ਕਮਿਸ਼ਨਰ ਨੇ ਦੱਸਿਆ ਕਿ 5 ਰਾਜਾਂ ਦੇ 16.14 ਕਰੋੜ ਵੋਟਰ ਆਪਣੀ ਵੋਟ ਪਾਉਣਗੇ। 5 ਰਾਜਾਂ ਦੀਆਂ 679 ਵਿਧਾਨ ਸਭਾ ਸੀਟਾਂ 'ਤੇ ਚੋਣਾਂ ਹੋਣਗੀਆਂ। ਸਾਰੀਆਂ ਸਿਆਸੀ ਪਾਰਟੀਆਂ ਤੋਂ ਸੁਝਾਅ ਲਏ ਗਏ। ਮੁੱਖ ਚੋਣ ਕਮਿਸ਼ਨਰ ਨੇ ਕਿਹਾ ਕਿ 17 ਅਕਤੂਬਰ ਤੋਂ 30 ਨਵੰਬਰ ਤਕ ਪੂਰੇ ਦੇਸ਼ ਵਿੱਚ ਜੇਕਰ ਕੋਈ ਵੋਟਰ ਸੂਚੀ 'ਚ ਕੋਈ ਬਦਲਾਅ ਕਰਨਾ ਚਾਹੁੰਦਾ ਹੈ ਤਾਂ ਉਹ ਕਰ ਸਕਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਮਿਜ਼ੋਰਮ, ਛੱਤੀਸਗੜ੍ਹ, ਰਾਜਸਥਾਨ, ਮੱਧ ਪ੍ਰਦੇਸ਼, ਤੇਲੰਗਾਨਾ ਵਿੱਚ 8.2 ਕਰੋੜ ਪੁਰਸ਼ ਵੋਟਰ, 7.8 ਕਰੋੜ ਮਹਿਲਾ ਵੋਟਰ ਅਤੇ 60.2 ਲੱਖ ਪਹਿਲੀ ਵਾਰ ਵੋਟਰ ਹੋਣਗੇ।




ਚੋਣ ਕਮਿਸ਼ਨ ਨੇ ਸ਼ੁੱਕਰਵਾਰ ਨੂੰ ਪੰਜ ਰਾਜਾਂ 'ਚ ਵਿਧਾਨ ਸਭਾ ਚੋਣਾਂ ਦੇ ਪ੍ਰੋ-ਗਰਾਮ ਦਾ ਐਲਾਨ ਕਰਨ ਤੋਂ ਪਹਿਲਾਂ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਦੇ ਨਾਲ ਅਬਜ਼ਰਵਰਾਂ ਦੀ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਤੈਅ ਕਰਨਾ ਹੋਵੇਗਾ ਕਿ ਚੋਣਾਂ 'ਚ ਕੋਈ ਵੀ ਪੈਸੇ ਦੀ ਤਾਕਤ ਅਤੇ ਬਾਹੂਬਲੀ ਰਾਹੀਂ ਵੋਟਰਾਂ ਨੂੰ ਪ੍ਰਭਾਵਿਤ ਨਾ ਕਰਸ ਕੇ। ਮਾਡਲ ਕੋਡ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕੀਤਾ ਗਿਆ ਹੈ। ਚੋਣਾਂ ਪੂਰੀ ਤਰ੍ਹਾਂ ਹਿੰਸਾ ਰਹਿਤ ਹੋਣੀਆਂ ਚਾਹੀਦੀਆਂ ਹਨ। ਮਿਜ਼ੋਰਮ ਵਿਧਾਨ ਸਭਾ ਦਾ ਕਾਰਜਕਾਲ ਇਸ ਸਾਲ 17 ਦਸੰਬਰ ਨੂੰ ਖਤਮ ਹੋ ਰਿਹਾ ਹੈ। ਇਸ ਦੇ ਨਾਲ ਹੀ ਤੇਲੰਗਾਨਾ, ਰਾਜਸਥਾਨ, ਛੱਤੀਸਗੜ੍ਹ ਤੇ ਰਾਜਸਥਾਨ ਦੀਆਂ ਵਿਧਾਨ ਸਭਾਵਾਂ ਦਾ ਕਾਰਜਕਾਲ ਅਗਲੇ ਸਾਲ ਜਨਵਰੀ 'ਚ ਖਤਮ ਹੋ ਜਾਵੇਗਾ।


**Amrik Chand (CPA)**

Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.

* Please call us for Professional & reliable services at reasonable rates.

959 Corporate Way, Fremont, CA. 94539

**SKY TRANSPORT SOLUTIONS**

ਟਰੱਕਾਂ ਵਾਲਿਆਂ ਵੀਰਾਂ ਦੇ
ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ

PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

**SAROAY INVESTMENT REALTY**

Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

**MAJESTIC HOMES**

RAMESH SUMAN
Broker Realtor
RCS-D ™

Office (925) 779-1234
Direct (925) 366-3618
Fax (905) 219-3918
DRE Licence- 00871752

www.majestichomes.us ramesh@rameshsuman.com
P.O. Box 3434, Antioch, CA 94531-3434

**DR. TAKHAR'S FAMILY MEDICINE & URGENT CARE CLINIC**

8191 Timberlake Way, Suite # 400, Sacramento, CA 95823, Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed

Dr. Paramjit S Takhar, MD
Goodie Takhar, PhD

We speak your language: Panjabi, Hindi, Urdu, Farsi, Arabic and Spanish

URGENT CARE CLINIC

**BAGGA JEWELERS**

SINCE 1996

916-912-8842, 916-329-8772
jewelers.Bagga@gmail.com

ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

Sandeep Jony Bagga

6930 65TH STREET # 115 SACRAMENTO CA 95823

ਚੁੱਪ-ਚਾਪ ਨਹੀਂ ਬੈਠ ਕੇ ਦੇਖ ਲੈਣਾ, ਆਫ਼ਤ ਕੋਈ ਨਾ ਕੋਈ ਲਿਆ ਦਿਆਂਗੇ।
ਅਸੀਂ ਤਲੀ 'ਤੇ ਰੱਖਿਆ ਸੀਸ ਆਪਣਾ, ਕੇਰਾਂ ਹਿੰਦ ਵਿਚ ਗਦਰ ਮਚਾ ਦਿਆਂਗੇ।
('ਗਦਰ ਦੀ ਗੂੰਜ' ਵਿਚੋਂ)



The Gadar Heritage Foundation And Indian Educational & Cultural organization

ਦੀ ਗਦਰ ਹੈਰੀਟੇਜ ਫਾਊਂਡੇਸ਼ਨ ਅਤੇ ਇੰਡੀਅਨ ਐਜੂਕੇਸ਼ਨਲ ਐਂਡ ਕਲਚਰਲ ਆਰਗੇਨਾਈਜ਼ੇਸ਼ਨ
ਵਲੋਂ
ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਵੱਡਮੁਲਾ ਯੋਗਦਾਨ ਪਾਉਣ ਵਾਲੇ
ਗਦਰੀ ਬਾਬਿਆਂ ਅਤੇ ਉਨ੍ਹਾਂ ਦੀ ਮਾਨਵਵਾਦੀ ਸੋਚ ਨੂੰ ਸਮਰਪਿਤ

# ਮੇਲਾ ਗ਼ਦਰੀ ਬਾਬਿਆਂ ਦਾ

**15 ਅਕਤੂਬਰ 2023, ਦਿਨ ਐਤਵਾਰ ਦੁਪਹਿਰ 1:00 ਵਜੇ ਤੋਂ ਸ਼ਾਮ 6:00 ਵਜੇ ਤੱਕ**

River Valley High School., 801 El Margarita Road, Yuba City, CA

**ਗਦਰ ਪਾਰਟੀ ਦੇ ਸ਼ਹੀਦਾਂ ਦੀਆਂ ਤਸਵੀਰਾਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ**

ਪਹੁੰਚ ਰਹੇ ਗਾਇਕ ਕਲਾਕਾਰ



ਜੋਤ ਰਣਜੀਤ ਕੌਰ



ਰਾਜ ਬਰਾੜ

ਮੰਚ ਸੰਚਾਲਨ



ਆਸ਼ਾ ਸ਼ਰਮਾ

ਮੁੱਖ ਮਹਿਮਾਨ



ਡਾ. ਸਰਬਜਿੰਦਰ ਸਿੰਘ

ਮੁੱਖ ਬੁਲਾਰਾ



ਡਾ. ਸਵੈਮਾਨ ਸਿੰਘ

Design By: Hayermedia

**ਸਮੂਹ ਭਾਰਤੀ ਭਾਈਚਾਰੇ ਨੂੰ ਪਹੁੰਚਣ ਦਾ ਖੁੱਲ੍ਹਾ ਸੱਦਾ**

ਗਿੱਧਾ, ਭੰਗੜਾ, ਗੀਤ, ਸੰਗੀਤ
Free Entry, Free Parking
ਚਾਹ ਪਾਣੀ ਦਾ ਲੰਗਰ

ਹੋਰ ਜਾਣਕਾਰੀ ਲਈ ਤੁਸੀ ਥੱਲੇ ਦਿੱਤੇ ਨੰਬਰਾਂ 'ਤੇ ਗੱਲ ਕਰ ਸਕਦੇ ਹੋ

Makhan Basi (530) 415-1680, Tarlok Johal (209)595-8767, Kulwant Singh (916) 584-2827
Amrik (925) 787-3890, Raghbir sandhu (279)977-2466, Baldev raj (916 ) 330-8632

# ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ
# ਧੰਨ ਧੰਨ ਰਾਜਾ ਨਾਭ ਕੰਵਲ ਸਾਹਿਬ ਜੀ ਦੀ 83ਵੀਂ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਿਹ।।

ਗੁਰੂ ਰੂਪ ਗੁਰੂ ਪਿਆਰੀ ਸਾਧ ਸੰਗਤ ਆਪ ਸਭ ਨੂੰ ਜਾਣ ਕੇ ਬੜੀ ਖੁਸ਼ੀ ਹੋਵੇਗੀ ਕਿ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਸ. ਜੈਲਾ ਜੱਗੀ ਅਤੇ ਸ. ਸੁੱਚਾ ਸਿੰਘ ਪਰਿਵਾਰ ਵੱਲੋਂ ਅਤੇ ਹੋਰ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਧੰਨ ਧੰਨ ਰਾਜਾ ਨਾਭ ਕੰਵਲ ਸਾਹਿਬ ਜੀ ਦੀ 83ਵੀਂ ਬਰਸੀ ਬੜੀ ਸ਼ਰਧਾ ਭਾਵਨਾ ਨਾਲ ਮਨਾਈ ਗਈ।

6 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਗਏ ਅਤੇ

7 ਅਕਤੂਬਰ ਦਿਨ ਸ਼ਨਿਚਰਵਾਰ ਸ਼ਾਮ ਨੂੰ ਗੁਰੂ ਘਰ ਵਿਖੇ ਦੀਵਾਨ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਰਾਗੀ ਭਾਈ ਬਲਵਿੰਦਰ ਸਿੰਘ ਜੀ ਨੇ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਥਕ ਢਾਡੀ ਜਥਾ ਭਾਈ ਸੁਖਵਿੰਦਰ ਸਿੰਘ ਜੀ ਅਨਮੋਲ ਜੀ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਅਗਲੇ ਦਿਨ

8 ਅਕਤੂਬਰ ਦਿਨ ਐਤਵਾਰ ਨੂੰ ਸਵੇਰੇ 10 ਵਜੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਗੁਰੂ ਘਰ ਦੇ ਕੀਰਤਨੀਏ ਭਾਈ ਬਲਵਿੰਦਰ ਸਿੰਘ ਜੀ ਨੇ ਧੰਨ ਧੰਨ ਰਾਜਾ ਨਾਭ ਕੰਵਲ ਸਾਹਿਬ ਜੀ ਦੇ ਇਤਿਹਾਸ ਨਾਲ ਸੰਗਤਾਂ ਨੂੰ ਨਿਹਾਲ ਕੀਤਾ। ਉਪਰੰਤ ਪੰਥ ਪ੍ਰਸਿੱਧ ਢਾਡੀ ਭਾਈ ਸੁਖਵਿੰਦਰ ਸਿੰਘ ਅਨਮੋਲ ਜੀ ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕੀਤਾ।

ਦੀਵਾਨ ਦੀ ਸਮਾਪਤੀ ਤੋਂ ਉਪਰੰਤ ਗੁਰੂ ਘਰ ਦੇ ਪ੍ਰਬੰਧਕਾਂ ਨੇ ਦੋਵਾਂ ਪਰਿਵਾਰਾਂ ਨੂੰ ਸਨਮਾਨਿਤ ਕੀਤਾ ਅਤੇ ਸ. ਜੈਲਾ ਜੱਗੀ ਅਤੇ ਸੁੱਚਾ ਸਿੰਘ ਜੀ ਰਾਏਪੁਰ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਤਿੰਨੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਅਤੇ ਦੂਰੋਂ-ਨੇੜਿਉਂ ਆਈਆਂ ਸੰਗਤਾਂ ਨੇ ਗੁਰੂ ਘਰ ਵਿਖੇ ਪਹੁੰਚਕੇ ਗੁਰੂ ਘਰ ਦੀਆਂ ਖੁਸ਼ੀਆਂ ਅਤੇ ਲਾਹਾ ਪ੍ਰਾਪਤ ਕੀਤਾ।



























**ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ 15 ਅਕਤੂਬਰ 2023, ਦਿਨ ਐਤਵਾਰ ਨੂੰ** ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਬਲਿਹਾਰ ਸਿੰਘ ਜੀ, ਗਰਚਾ ਸਮੂਹ ਪਰਿਵਾਰ ਵੱਲੋਂ ਗੁਰੂ ਸਾਹਿਬ ਜੀ ਦੇ ਸ਼ੁਕਰਾਨੇ ਤੇ ਪਰਿਵਾਰ ਦੀ ਚੜ੍ਹਦੀ ਕਲਾ ਦੇ ਸਬੰਧ ਵਿਚ ਹੈ ਜੀ। ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।





### ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਸੈਕਰਾਮੈਂਟੋ ਚ ਕਰਵਾਏ ਗਏ ਕਬੱਡੀ ਕੱਪ 'ਚ ਸ਼ਹੀਦ ਬਾਬਾ ਦੀਪ ਸਿੰਘ ਕਲੱਬ ਪਹਿਲੇ, ਰੋਜਵਿਲ ਦੀ ਟੀਮ ਦੂਜੇ ਥਾਂ ਰਹੀ

## ਬੈਸਟ ਰੇਡਰ ਮੱਖਣ ਮੱਖੀ ਤੇ ਬੈਸਟ ਜਾਫੀ ਯੋਧਾ ਸੁਰਖਪੁਰੀਆ ਐਲਾਨਿਆ






**ਸੈਕਰਾਮੈਂਟੋ** – ਐਤਕਾਂ ਵੀ ਹਰ ਵਰ੍ਹੇ ਵਾਂਗ ਸੈਕਰਾਮੈਂਟੋ ਦੇ ਸ਼ਹੀਦ ਬਾਬਾ ਦੀਪ ਸਿੰਘ ਵਲੋਂ ਕਰਵਾਏ ਗਏ ਕਬੱਡੀ ਕੱਪ ਦੌਰਾਨ ਰੋਚਕ ਮੁਕਾਬਲੇ ਦੇਖਣ ਨੂੰ ਮਿਲੇ ਭਾਵੇਂ ਕਿ ਦੋ ਟੀਮਾਂ ਨੂੰ ਨਿਯਮਾਂ ਦੀ ਪਾਲਣਾ ਨਾ ਕਰਨ ਬਦਲੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਸੀ। ਇਸ ਕਬੱਡੀ ਕੱਪ ਦੌਰਾਨ ਓਪਨ ਚ ਸ਼ਹੀਦ ਬਾਬਾ ਦੀਪ ਸਿੰਘ ਸਪੋਰਟਸ ਅਕੈਡਮੀ ਦੀ ਟੀਮ ਨੇ ਪਹਿਲੇ ਥਾਂ ਰਹਿ ਕੇ ਟਰਾਫੀ ਜਿੱਤੀ ਤੇ 25 ਹਜਾਰ ਡਾਲਰ ਦਾ ਇਨਾਮ ਪ੍ਰਾਪਤ ਕੀਤਾ ਇਹ ਇਨਾਮ ਦੀ ਨਕਦ ਰਾਸ਼ੀ ਚੜਦਾ ਪੰਜਾਬ ਕਲੱਬ ਰੋਜਵਿਲ ਵਲੋਂ ਦਿੱਤਾ ਗਿਆ, ਦੂਜੇ ਥਾਂ ਰੋਜਵਿਲ ਦੀ ਟੀਮ ਰਹੀ ਜਿਸ ਨੂੰ ਚੜਦੀ ਕਲਾ ਕਲੱਬ ਫੇਅਰਫੀਲਡ ਵਲੋਂ 22 ਹਜਾਰ ਦਾ ਨਗਦ ਇਨਾਮ ਦਿੱਤਾ ਗਿਆ ਇਸੇ ਤਰਾਂ ਤੀਜੇ ਥਾਂ ਤੇ ਰਹਿਣ ਵਾਲੀ ਟੀਮ ਬਾਬ ਸੰਗ ਜੀ ਕਲੱਬ ਇੰਡੀਆਨਾ ਰਹੀ ਜਿਸਨੂੰ 18 ਹਜਾਰ ਦਾ ਇਨਾਮ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਵਲੋਂ ਦਿੱਤਾ ਗਿਆ। ਇਸੇ ਤਰਾਂ ਚੌਥੀ ਥਾਂ ਸੈਂਟਾ ਕਲੇਰਾ ਤੇ ਪੰਜਵੇਂ ਯੂਬਾ ਸਿਟੀ ਬ੍ਰਦਰਜ ਦੀ ਟੀਮ ਰਹੀ।

ਇਸ ਕਬੱਡੀ ਕੱਪ ਵਿੱਚ ਗਵਰਨਰ ਲਈ ਚੋਣਾਂ ਲੜ ਰਹੀ ਏਲੀਨੀ ਕੌਨਾਲੇਕਸ ਮੁੱਖ ਮਹਿਮਾਨ ਵਜੋਂ ਲੰਬਾ ਸਮਾਂ ਹਾਜਰ ਰਹੀ, ਉਨਾਂ ਨੇ ਗਰਾਊਂਡ ਵਿੱਚ ਜਾ ਕੇ ਖਿਡਾਰੀਆਂ ਨਾਲ ਗੱਲਾ ਬਾਤਾਂ ਦੋਰਾਨ ਹੱਲਾਸ਼ੇਰੀ ਵੀ ਦਿੱਤੀ। ਇਸ ਖੇਡ ਸਮਾਗਮ ਚ ਬੋਲਦਿਆਂ ਏਲੀਨੀ ਕੌਨਾਲੇਕਸ ਨੇ ਕਿਹਾ ਕਿ ਮੈਂ ਅੱਜ ਇਸ ਭਾਈਚਾਰੇ ਦੇ ਖੇਡ ਸਮਾਗਮ ਚ ਆਣ ਕੇ ਮਾਣ ਮਹਿਸੂਸ ਕਰਦੀ ਹਾਂ ਤੇ ਇਸ ਪੰਜਾਬੀ ਭਾਈਚਾਰੇ ਨੇ ਕੈਲੀਫੋਰਨੀਆਂ ਦੀ ਤਰੱਕੀ 'ਚ ਅਹਿਮ ਰੋਲ ਅਦਾ ਕੀਤਾ ਹੈ, ਜਦੋਂ ਵੀ ਮੇਰੀ ਲੋੜ ਹੋਵੇ ਮੈਂ ਤੁਹਾਡੇ ਭਾਈਚਾਰੇ ਲਈ ਖੜੀ ਰਹਾਂਗੀ।"

ਇਸ ਮੌਕੇ ਮੁੱਖ ਮਹਿਮਾਨ ਏਲੀਨੀ ਕੌਨਾਲੇਕਸ ਨੂੰ ਸ਼ਹੀਦ ਬਾਬਾ ਦੀਪ ਸਿੰਘ ਦੇ ਪ੍ਰਗਟ ਸਿੰਘ ਮੇਅਰ ਗਾਲਟ ਸਿਟੀ ਵਲੋਂ ਤੇ ਗੁਰਦੁਆਰਾ ਬਰਾਡਸ਼ਾਅ ਰੋਡ ਦੀ ਪ੍ਰਬੰਧਕ ਕਮੇਟੀ ਵਲੋਂ ਪਲੈਕਾਂ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਸਮਾਗਮ ਦੌਰਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਸਾਰੇ ਕਬੱਡੀ ਸਮਾਗਮ ਦੀ ਦੇਖ ਰੇਖ ਕੀਤੀ। ਇਸ ਦੌਰਾਨ ਸੁਖਮਿੰਦਰ ਸਿੰਘ ਧਾਲੀਵਾਲ ਮੇਅਰ ਲੈਥਰੋਪ ਨੂੰ ਪਲੈਕ ਦੇ ਕੇ ਸਤਿਕਾਰ ਦਿੱਤਾ ਗਿਆ। ਇਸ ਕਬੱਡੀ ਟੂਰਨਮੈਂਟ ਚ ਅੰਡਰ 21 ਦੇ ਵੀ ਫਸਵੇਂ ਮੈਚ ਹੋਏ ਜਿਨਾਂ ਵੀ ਨਗਦ ਇਨਾਮ ਦਿੱਤੇ ਗਏ। ਸਟੇਜ ਤੋਂ ਸੁਚੱਜੇ ਢੰਗ ਨਾਲ ਬੀਬੀ ਆਸ਼ਾ ਸ਼ਰਮਾਂ ਸਮਾਗਮ ਨੂੰ ਤਰਤੀਬ ਦਿੰਦੇ ਰਹੇ ਮੁੱਖ ਮਹਿਮਾਨਾਂ ਨੂੰ ਰੂਬਰੂ ਕਰਵਾਉਂਦੇ ਰਹੇ ਦੂਸਰੇ ਪਾਸੇ ਗਰਾਊਂਡ ਚ ਕੁਮੈਂਟਰੀ ਮੱਖਣ ਅਲੀ, ਸਵਰਨਜੀਤ, ਇਕਬਾਲ ਗਾਲਿਬ ਤੇ ਰੰਡਿਆਲੇ ਨੇ ਹਜਾਰਾਂ ਦਰਸ਼ਕਾਂ ਨੂੰ ਆਪਣੀ ਆਪਣੀ ਕੁਮੈਂਟਰੀ ਨਾਲ ਕਬੱਡੀ ਨਾਲ ਜੋੜੀ ਰੱਖਿਆ। ਇਸ ਮੌਕੇ ਬੈਸਟ ਜਾਫੀ ਵਜੋਂ ਯੋਧਾ ਸੁਰਖਪੁਰੀਆ ਤੇ ਬੈਸਟ ਰੇਡਰ ਵਜੋਂ ਮੱਖਣ ਮੱਖੀ ਨੂੰ ਚੁਣਿਆ ਗਿਆ।

ਇਸ ਮੌਕੇ ਦੋ ਟੀਮਾਂ ਜਿਨਾਂ ਚ ਬੇ ਏਰੀਆ ਤੇ ਨਾਰਥ ਅਮਰੀਕਾ ਦੀ ਟੀਮ ਨੂੰ ਨਿਯਮਾਂ ਮੁਤਾਬਕ ਨਾ ਖੇਡਣ ਤੇ ਪ੍ਰਬੰਧਕਾਂ ਵਲੋਂ ਬਾਹਰ ਦਾ ਰਾਸਤਾ ਦਿਖਾ ਦਿੱਤਾ ਗਿਆ ਜਿਸਦਾ ਐਲਾਨ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਆਫ ਯੂ ਐਸ ਏ ਦੇ ਸੁਰਿੰਦਰ ਸਿੰਘ ਅਟਵਾਲ ਨੇ ਕੀਤਾ। ਇਸ ਮੌਕੇ ਵਿਕੀ ਸਿਮੀਪੁਰੀਏ, ਤਾਰੀ ਡੱਬ ਤੇ ਕੁਲਵੰਤ ਧਾਮੀ ਨੇ ਪ੍ਰਬੰਧਕਾਂ ਨਾਲ ਸਟੈਂਡ ਲਿਆ। ਇਸ ਮੌਕੇ ਪ੍ਰਬੰਧਕਾਂ ਚ ਪ੍ਰਗਟ ਸਿੰਘ ਸੰਧੂ, ਧੀਰਾ ਨਿੱਝਰ, ਗੁਰਮੀਤ ਵੜੈਚ, ਬਿੱਟੂ ਰੰਧਾਵਾ, ਨਰਿੰਦਰ ਸਿੰਘ ਥਾਂਦੀ, ਹੈਪੀ ਬਰਿਆਨਾ, ਹੈਰੀ ਸੰਘਾ, ਤਰਲੋਚਨ ਅਟਵਾਲ, ਗੋਲਡੀ ਲਾਲੀ, ਹੈਪੀ ਔਲਖ, ਸ਼ੇਰੂ ਭਾਟੀਆ, ਭੁਪਿੰਦਰ ਸੰਘੇੜਾ, ਭਿੰਦਾ ਚਾਹਲ, ਗੁਰਜੀਤ ਦਿਓਲ,ਲਾਡਾ ਕਾਹਲੋਂ, ਪੰਮਾ ਲਿੱਧੜ, ਬਲਵਿੰਦਰ ਸੰਧੂ, ਗੁਰਦੇਵ ਤੂਰ ਤੇ ਪਿਆਰਾ ਸੰਧੂ ਆਦਿ ਨੇ ਪ੍ਰਮੋਟਰਾਂ ਤੇ ਜੇਤੂਆਂ ਨੂੰ ਇਨਾਮ ਤਕਸੀਮ ਕੀਤੇ। ਇਸ ਮੌਕੇ ਚੜਦਾ ਪੰਜਾਬ ਦੇ ਬਲਜੀਤ ਬਾਸੀ ਨੂੰ ਸ਼ੇਰੂ ਭਾਟੀਆ ਤੇ ਤਰਲੋਚਨ ਅਟਵਾਲ ਨੇ ਤੇ ਲਾਇਵ ਕਬੱਡੀ ਦੇ ਪ੍ਰੋਡਿਓਸਰ ਗੁਰਜੋਤ ਮੈਨੀ ਨੂੰ ਬਲਜੀਤ ਬਾਸੀ ਨੇ ਗੋਲਡ ਮੈਡਲ ਨਾਲ ਸਨਮਾਨਿਤ ਕੀਤਾ।

ਇਸ ਮੌਕੇ ਹਰੇਕ ਖਿਡਾਰੀ ਦਾ ਪ੍ਰਬੰਧਕਾਂ ਵਲੋਂ 11 ਸੌ ਡਾਲਰ ਦੇ ਕੇ ਸਨਮਾਨ ਵੀ ਕੀਤਾ ਗਿਆ। ਬਾਕੀ ਆਫੀਸਲਜ ਚ ਸੇਵਾ ਸਿੰਘ ਰੰਧਾਵਾ, ਗੁਰਮੇਲ ਸਿੰਘ, ਰੈਫਰੀ ਦਵਿੰਦਰ ਸਿੰਘ ਚਮਕੌਰ ਸਾਹਿਬ ਦਾ ਵੀ ਵਿਸ਼ੇਸ ਸਤਿਕਾਰ ਕੀਤਾ ਗਿਆ। ਇਸ ਮੌਕੇ ਐਤਕਾਂ ਸਖਤ ਸਕਿਉਰਿਟੀ ਦਾ ਪ੍ਰਬੰਧ ਵੀ ਕੀਆ ਗਿਆ ਸੀ ਤੇ ਬੀਬੀਆਂ ਦਾ ਵੱਖਰੇ ਤੌਰ ਤੇ ਬੈਠਣ ਦਾ ਵੀ ਪ੍ਰਬੰਧ ਕੀਤਾ ਗਿਆ ਸੀ। ਪ੍ਰਬੰਧਕਾਂ ਵਲੋਂ 29 ਸਤੰਬਰ 2024 ਨੂੰ ਅਗਲਾ ਕਬੱਡੀ ਕੱਪ ਕਰਵਾਏ ਜਾਣ ਦੇ ਐਲਾਨ ਨਾਲ ਇਹ ਕਬੱਡੀ ਕੱਪ ਖਤਮ ਹੋਇਆ।

SKY TRANSPORT SOLUTIONS

STRIVE FOR MORE

WE PROVIDE ALL TRUCKING RELATED PERMITS AND SERVICES

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

121 E 11th St. Tracy, CA 95376

# ਸਿੱਖ ਕੌਂਸਲ ਆਫ ਸੈਂਟਰਲ ਕੈਲੇਫੋਰਨੀਆਂ ਦਾ ਸਿਟੀ ਕਾਲਜ ਫਰਿਜ਼ਨੋ ਵੱਲੋਂ ਵਿਸ਼ੇਸ਼ ਸਨਮਾਨ






**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਇਲਾਕੇ ਦੇ ਗੁਰੂਘਰਾਂ ਦੀ ਸਾਂਝੀ ਕਮੇਟੀ ਹੈ। ਜੋ ਸਮੇਂ ਸਿੱਖੀ ਦੇ ਪ੍ਰਚਾਰ, ਲੋੜਵੰਦਾ ਦੀ ਮਦਦ ਅਤੇ ਅਮੈਰੀਕਨ ਭਾਈਚਾਰੇ ਵਿੱਚ ਸਿੱਖੀ ਦੀ ਪਹਿਚਾਣ ਲਈ ਯਤਨ ਕਰਦੀ ਰਹਿੰਦੀ ਹੈ। ਇਸੇ ਲੜੀ ਅਧੀਨ ਸਿੱਖ ਕੌਸ਼ਲ ਵੱਲੋਂ ਫਰਿਜ਼ਨੋ ਦੇ ਸਿਟੀ ਕਾਲਜ਼ ਨਾਲ ਰਲ ਬਹੁਤ ਸਲਾਹੁਣਯੋਗ ਕਾਰਜ ਕੀਤੇ ਜਾ ਰਹੇ ਹਨ। ਸਿੱਖ ਕੌਸ਼ਲ ਦੇ ਯਤਨਾਂ ਸਦਕਾ ਸਿਟੀ ਕਾਲਜ਼ ਵੱਲੋਂ ਬਹੁ-ਭਾਸ਼ਾਈ ਵਿਦਿਆਰਥੀਆਂ ਨੂੰ ਅੰਗਰੇਜ਼ੀ ਦੀਆਂ ਕਲਾਸਾਂ ਲਈ ਉਤਸ਼ਾਹਤ ਕੀਤਾ ਜਾਂਦਾ ਹੈ। ਇਸ ਦੇ ਨਾਲ-ਨਾਲ ਪੰਜਾਬੀ ਭਾਸ਼ਾ ਨੂੰ ਵੀ ਇੱਕ ਵਿਸ਼ੇ ਵਜੋਂ ਮਾਨਤਾ ਦੇ ਕੇ ਸਲੇਬਸ ਵਿੱਚ ਲਾਗੂ ਕੀਤਾ ਗਿਆ ਹੈ। ਇਸ ਸੰਬੰਧੀ ਗੁਰਦੁਆਰਾ ਸਿੰਘ ਸਭਾ ਫਰਿਜ਼ਨੋ ਵੱਲੋਂ ਆਪਣੀ ਇਮਾਰਤ ਵਿੱਚ ਕਲਾਸਾਂ ਲਈ ਕਮਰੇ ਦੀ ਵਿਵਸਥਾ ਵੀ ਕੀਤੀ ਗਈ ਹੈ। ਇਸੇ ਤਰਾਂ ਸਿਟੀ ਕਾਲਜ਼ ਦੇ ਲੋੜਵੰਦ ਬੱਚਿਆਂ ਲਈ ਉੱਥੇ ਬਣੀ ਮੁੱਫਤ ਖਾਣੇ ਦੀ ਪੈਂਟਰੀ ਲਈ ਸਮੇਂ-ਸਮੇਂ ਸਿੱਖ ਕੌਸ਼ਲ ਖਾਣੇ ਦੇ ਪਦਾਰਥ ਦਾਨ ਦਿੰਦੀ ਰਹਿੰਦੀ ਹੈ। ਜਿੱਥੇ ਵਿਦਿਆਰਥੀ ਮੁੱਫਤ ਖਾਣਾ ਲੈ ਕੇ ਖਾ ਸਕਦੇ ਹਨ।

ਸਿੱਖ ਕੌਂਸਲ ਇੰਨ੍ਹਾਂ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਸਿਟੀ ਕਾਲਜ਼ ਵੱਲੋਂ ਇੱਕ ਵਿਸ਼ੇਸ਼ ਪ੍ਰੋਗਰਾਮ ਦੌਰਾਨ ਸਿੱਖ ਭਾਈਚਾਰੇ ਦਾ ਮਾਣ ਵਧਾਉਂਦੇ ਹੋਏ ਸਿੱਖ ਕੌਸ਼ਲ ਨੂੰ "ਰੈਂਮ ਚੈਪੀਅਨ ਅਵਾਰਡ" ਦੇ ਕੇ ਸਨਮਾਨਿਤ ਕੀਤਾ। ਇਸ ਸਨਮਾਨ ਨੂੰ ਪ੍ਰਾਪਤ ਕਰਨ ਸਮੇਂ ਸਿੱਖ ਕੌਸ਼ਲ ਦੇ ਜਨਰਲ ਸਕੱਤਰ ਸ੍ਰ: ਸੁਖਦੇਵ ਸਿੰਘ ਚੀਮਾ ਦੀ ਅਗਵਾਈ ਵਿਚ ਹਾਜ਼ਰ ਮੈਂਬਰਾਂ ਵਿੱਚ ਰਾਜਵਿੰਦਰ ਪਾਲ ਸਿੰਘ ਬਰਾੜ, ਅਸਿਸਟੈਂਟ-ਜਨਰਲ ਸਕੱਤਰ, ਸ੍ਰ: ਗੁਰਬਚਨ ਸਿੰਘ, ਖਜ਼ਾਨਚੀ ਅਤੇ ਸ੍ਰ: ਗੁਰਜੰਟ ਸਿੰਘ ਗਿੱਲ ਆਦਿਕ ਬਹੁਤ ਸਾਰੇ ਸਿੱਖ ਕੌਂਸਲ ਦੇ ਮੈਂਬਰਾਂ ਨੇ ਸ਼ਿਰਕਤ ਕੀਤੀ। ਸਿੱਖ ਕੌਸ਼ਲ ਆਫ ਸੈਂਟਰਲ ਕੈਲੇਫੋਰਨੀਆਂ ਦੇ ਕੀਤੇ ਜਾ ਰਹੇ ਸਲਾਘਾਯੋਗ ਕਾਰਜ਼ ਸਿੱਖੀ ਦੇ ਪ੍ਰਚਾਰ ਅਤੇ ਪਹਿਚਾਣ ਵਿੱਚ ਵੱਡਮੁੱਲਾ ਯੋਗਦਾਨ ਪਾ ਰਹੇ ਹਨ।

## ਸ਼ੋਕ ਸਮਾਚਾਰ

# ਸ਼ੌਕਤ ਅਲੀ ਦੇ ਅੰਤਮ ਦਰਸ਼ਨ, ਸਪੁਰਦ-ਏ-ਖਾਕ ਅਤੇ ਅੰਤਮ ਅਰਦਾਸ 12 ਅਕਤੂਬਰ 2023, ਦਿਨ ਵੀਰਵਾਰ ਨੂੰ ਹੋਵੇਗੀ

**ਫਰਿਜ਼ਨੋ, ਕੈਲੇਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਹਰ ਭਾਈਚਾਰੇ ਵਿੱਚ ਆਪਣੀ ਨਿਮਰਤਾ, ਕਾਬਲੀਅਤ ਅਤੇ ਭਾਈਚਾਰਕ ਸਾਂਝ ਰੱਖਣ ਵਾਲੇ ਫਰਿਜ਼ਨੋ ਨਿਵਾਸੀ ਜਨਾਬ ਸੌਕਤ ਅਲੀ ਬੀਤੇ ਦਿਨੀ 5 ਅਕਤੂਬਰ 2023 ਨੂੰ ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਅਕਾਲ ਚਲਾਣਾ ਕਰ ਗਏ ਸਨ। ਉਹ ਬਹੁਤ ਮਿਹਨਤ ਕਰਨ ਵਾਲੇ ਮਿਲਾਪੜੇ ਸੁਭਾਅ ਦੇ ਮਾਲਕ ਸਨ। ਉਹ ਸਭ ਧਰਮਾਂ ਨੂੰ ਸਤਿਕਾਰ ਦਿੰਦੇ ਸਨ। ਜੋ ਸਮੁੱਚੇ ਭਾਈਚਾਰੇ ਵਿੱਚ ਆਪਣੀਆਂ ਸੇਵਾਵਾਂ ਖਿੜੇ ਮੱਥੇ ਖੁਸ਼ੀ-ਖੁਸ਼ੀ ਨਿਭਾਉਂਦੇ ਸਨ। ਜਿੰਨਾਂ ਨੇ ਆਪਣੀ ਮਿਹਨਤ ਅਤੇ ਸਿਦਕ ਨਾਲ ਵੱਖ-ਵੱਖ ਥਾਂਵਾਂ 'ਤੇ ਕੰਮ ਕੀਤਾ। ਜਿੱਥੇ ਵੀ ਜਾਂਦੇ ਉੱਥੇ ਹਰ ਇੱਕ ਨਾਲ ਆਪਣੀ ਅਪਣੱਤ ਦੀ ਸਾਂਝ ਬਣਾ ਲੈਂਦੇ। ਹੁਣ ਉਹ ਪਿੱਛਲੇ ਕੁਝ ਸਾਲਾਂ ਤੋਂ ਵੱਖ- ਵੱਖ ਭਾਈਚਾਰਕ, ਧਾਰਮਿਕ ਸਮਾਗਮਾਂ ਅਤੇ ਨਿੱਜੀ ਪ੍ਰੋਗਰਾਮਾਂ ਵਿੱਚ ਪੰਜਾਬੀ ਖਾਣੇ ਦੀ ਕੈਟਰਿੰਗ ਦੀਆਂ ਸੇਵਾਵਾ ਨਿਭਾ ਰਹੇ ਸਨ। ਆਪਣੀ ਮਿਹਨਤ ਅਤੇ ਚੰਗੀਆਂ ਸੇਵਾਵਾਂ ਬਦਲੇ ਸਭ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾ ਚੁੱਕੇ ਸਨ।



ਸ਼ੋਕਤ ਅਲੀ ਜੀ ਦੀਆਂ ਅੰਤਮ ਰਸਮਾਂ ਅਕਤੂਬਰ 12 ਨੂੰ ਹੋਣਗੀਆਂ। ਜਿਸ ਅਨੁਸਾਰ ਉਨ੍ਹਾਂ ਦੇ "ਅੰਤਮ ਦਰਸ਼ਨ" Cloivs Funeral Chapel 302 Cloivs Ave, Cloivs CA 93612 ਵਿਖੇ ਸਵੇਰੇ 10:00 ਤੋਂ 11:00 ਵਜ਼ੇ ਤੱਕ ਹੋਣਗੇ। ਇਸ ਉਪਰੰਤ ਉਨ੍ਹਾਂ ਦੇ ਮ੍ਰਿਤਕ ਸਰੀਰ ਨੂੰ "ਸਪੁਰਦ-ਏ-ਖ਼ਾਕ" Madera Islaimc Cemetery - 19720 Road 26. Madera CA 93638 ਵਿਖੇ ਦੁਪਿਹਰ 12 ਵਜ਼ੇ ਤੋਂ 1 ਵਜ਼ੇ ਤੱਕ ਕੀਤਾ ਜਾਵੇਗਾ। ਇਸ ਬਾਅਦ "ਅੰਤਮ ਅਰਦਾਸ" ਗੁਰਦੁਆਰਾ ਪਰਮੇਸ਼ਵਰ ਦੁਵਾਰ ਮੰਡੇਰਾ ਵਿਖੇ ਬਾਅਦ ਦੁਪਿਹਰ 1 ਵਜ਼ੇ ਤੋਂ 2 ਵਜ਼ੇ ਤੱਕ ਹੋਵੇਗੀ। ਜਿਸ ਦਾ ਪਤਾ: Parmeshwar Duwar (Madera iSkh Temple) 23249 Avenue 14, Madera CA 93637 ਹੈ।

ਇਸ ਦੁੱਖ ਦੀ ਘੜੀ ਵਿੱਚ ਸ਼ਾਮਲ ਹੋਣ ਜਾਂ ਹੋਰ ਜਾਣਕਾਰੀ ਲਈ ਪਰਿਵਾਰ ਨਾਲ ਫੋਨ ਨੰਬਰ: (559) 835-8894, (559) 577-7009 'ਤੇ ਗੱਲ ਕਰ ਸਕਦੇ ਹੋ। ਇਸ ਦੁੱਖ ਦੀ ਘੜੀ ਵਿੱਚ ਅਸੀਂ "ਧਾਲੀਆਂ ਅਤੇ ਮਾਛੀਕੇ ਮੀਡੀਆਂ ਅਮਰੀਕਾ" ਵੱਲੋਂ ਸ਼ੌਕਤ ਅਲੀ ਦੇ ਤੁਰ ਜਾਣ 'ਤੇ ਦੁੱਖ ਦਾ ਇਜ਼ਹਾਰ ਕਰਦੇ ਹਾਂ ਅਤੇ ਉਨਾਂ ਦੀ ਪਤਨੀ ਰਾਜ ਅਲੀ, ਪੁੱਤਰ ਅਸੀਮ ਅਲੀ ਅਤੇ ਅਜ਼ੀਮ ਅਲੀ, ਉਨਾਂ ਦੇ ਬਰਦਰ-ਇਨ-ਲਾਅ ਮੁਹੰਮਦ ਸਦੀਕ ਅਤੇ ਹੋਰ ਨਜ਼ਦੀਕੀਆਂ ਨਾਲ ਹਮਦਰਦੀ ਦਾ ਪ੍ਰਗਟਾਂ ਕਰਦੇ ਹੋਏ ਇਸ ਦੁੱਖ ਦੀ ਘੜੀ ਵਿੱਚ ਸ਼ਰੀਕ ਹੁੰਦੇ ਹਾਂ। ਪਰਮਾਤਮਾ ਅੱਗੇ ਅਰਦਾਸ ਕਰਦੇ ਹਾਂ ਕਿ ਉਨ੍ਹਾਂ ਦੀ ਸ਼ੌਕਤ ਅਲੀ ਦੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਅਤੇ ਪਰਿਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ।

# ਨਿਊ ਮੈਕਸੀਕੋ ਰਾਜ ਵਿਚ ਪਿਛਲੇ ਸਾਲ ਹੋਈ ਇਕ ਕਾਲੇ ਵਿਅਕਤੀ ਦੀ ਮੌਤ ਦੇ ਮਾਮਲੇ ਵਿੱਚ ਇਕ ਪੁਲਿਸ ਅਫਸਰ ਵਿਰੁਧ ਦੋਸ਼ ਆਇਦ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)-** ਅਮਰੀਕਾ ਦੇ ਨਿਊ ਮੈਕਸੀਕੋ ਰਾਜ ਵਿਚ ਪਿਛਲੇ ਸਾਲ ਇਕ ਗੈਸ ਸਟੇਸ਼ਨ ਦੇ ਬਾਹਰਵਾਰ ਪੁਲਿਸ ਹਥੋਂ ਮਾਰੇ ਗਏ ਇਕ ਕਾਲੇ ਵਿਅਕਤੀ ਦੇ ਮਾਮਲੇ ਵਿਚ ਇਕ ਪੁਲਿਸ ਅਫਸਰ ਵਿਰੁੱਧ ਹੱਤਿਆ ਦੇ ਦੋਸ਼ ਆਇਦ ਕਰਨ ਦੀ ਖਬਰ ਹੈ। ਸਟੇਟ ਅਟਾਰਨੀ ਜਨਰਲ ਨੇ ਇਹ ਐਲਾਨ ਕਰਦਿਆਂ ਕਿਹਾ ਹੈ ਕਿ ਪੁਲਿਸ ਅਫਸਰ ਦੁਆਰਾ ਤਾਕਤ ਦੀ ਵਰਤੋਂ ਨੂੰ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ। ਲਾਸ ਕਰੂਸਸ ਦਾ ਪੁਲਿਸ ਅਫਸਰ ਬਰਾਡ ਲੂਨਸਫੋਰਡ ਡੋਨਾ ਅਨਾ ਕਾਊਂਟੀ ਦੇ ਸ਼ੈਰਿਫ ਦਫਤਰ ਵਿਚ ਆਪਣੇ ਵਕੀਲ ਨਾਲ ਪੇਸ਼ ਹੋਇਆ। ਨਿਊ ਮੈਕਸੀਕੋ ਅਟਾਰਨੀ ਜਨਰਲ ਰਾਊਲ ਟੋਰੇਜ਼ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਉਸ ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ ਹੱਤਿਆ ਦੇ ਦੋਸ਼ ਆਇਦ ਕੀਤੇ ਗਏ ਹਨ। ਬਾਅਦ ਵਿਚ ਉਸ ਨੂੰ ਨਿੱਜੀ ਮੁਚਲਕੇ 'ਤੇ ਰਿਹਾਅ ਕਰ ਦਿੱਤਾ ਗਿਆ। ਪਿਛਲੇ ਸਾਲ 2 ਅਗਸਤ ਨੂੰ ਪ੍ਰੈਸਲੇਅ ਏਜ਼ਾ ਨਾਮੀ ਕਾਲਾ ਵਿਅਕਤੀ ਕਥਿੱਤ ਤੌਰ 'ਤੇ ਲੂਨਸਫਰੋਡ ਵੱਲੋਂ ਚਲਾਈ ਗੋਲੀ ਨਾਲ ਉਸ ਵੇਲੇ ਮਾਰਿਆ ਗਿਆ ਸੀ ਜਦੋਂ ਉਹ ਇਕ ਸਟੋਰ ਵਿਚੋਂ ਬਿਨਾਂ ਪੈਸੇ ਦਿੱਤੇ ਬੀਅਰ ਚੁੱਕ ਕੇ ਲੈ ਗਿਆ ਸੀ।







ਦੇਸ਼ ਦੁਆਬਾ

# ਮਹਾਂਮਹਿਮ ਗਵਰਨਰ ਕੈਲੇਫੋਰਨੀਆ ਵੱਲੋਂ ਜਾਤੀ ਵਿਤਕਰੇ ਵਿਰੋਧੀ ਸੈਨੇਟ ਬਿਲ 403 ਰੱਦ

**ਮਹਿਮਾਨ ਸੰਪਾਦਕੀ**

ਲਗਭਗ ਛੇ ਮਹੀਨੇ ਦੇ ਲੰਮੇ ਸੰਘਰਸ਼ ਉਪਰੰਤ ਅਮਰੀਕਾ ਦੀ ਕੈਲੇਫੋਰਨੀਆ ਸਟੇਟ ਵੱਲੋਂ ਭਾਰੀ ਬਹੁਗਿਣਤੀ ਨਾਲ ਪਾਸ ਕੀਤਾ ਗਿਆ ਜਾਤੀ ਵਿਤਕਰੇ ਵਿਰੋਧੀ ਐਸ. ਬੀ. 403 ਮਹਾਂਮਹਿਮ ਗਵਰਨਰ ਵੱਲੋਂ ਰੱਦ ਕਰ ਦਿੱਤਾ ਗਿਆ ਹੈ। ਇਸ ਬਿਲ ਦੁਆਰਾ ਸਿਲੀਕੋਨ ਵੈਲੀ ਵਿਚ ਸਿੱਖਿਆ, ਹਾਊਸਿੰਗ ਅਤੇ ਰੋਜ਼ਗਾਰ ਦੇ ਖੇਤਰ ਵਿਚ ਹੁੰਦੇ ਜਾਤੀ ਆਧਾਰਿਤ ਵਿਤਕਰੇ ਤੇ ਪਾਬੰਦੀ ਲਾਉਣ ਦੀ ਮੰਗ ਕੀਤੀ ਗਈਸੀ। ਅਮਰੀਕਾ ਵਰਗੇ ਸਹੀ ਅਰਥਾਂ ਵਿਚ ਲੋਕਤੰਤਰ ਦੇ ਸਿਧਾਂਤਾਂ ਨੂੰ ਪਰਣਾਏ ਦੇਸ਼ ਵਿਚ ਵਸਦੇ ਦੱਖਣੀ ਏਸ਼ੀਆ ਦੇ ਪੀੜਤ, ਵਿਸ਼ੇਸ਼ ਕਰਕੇ ਜਾਤੀ ਵਿਤਕਰੇ ਦੇ ਸ਼ਿਕਾਰ ਭਾਰਤੀਆਂ ਦੀਆਂ ਭਾਵਨਾਵਾਂ ਨੂੰ ਇਸ ਫੈਸਲੇ ਨਾਲ ਡੂੰਘਾ ਦੁੱਖ ਪਹੁੰਚਿਆ ਹੈ। ਭਾਰਤ ਦੀ ਵਰਣ-ਵੰਡ ਅਤੇ ਜਾਤੀ ਵਿਵਸਥਾ ਤੋਂ ਸਤਾਏ ਹੋਏ ਲੋਕਾਂ ਦੇ ਮਾਨਵੀ ਹੱਕਾਂ ਨੂੰ ਜੇਕਰ ਅਮਰੀਕਾ ਵਰਗੇ ਦੇਸ਼ ਵਿਚ ਵੀ ਮਾਨਤਾ ਪ੍ਰਾਪਤ ਨਹੀਂ ਹੁੰਦੀ ਤਾਂ ਇਸਤੋਂ ਵੱਡੀ ਨਿਰਾਸ਼ਾ ਭਰੀ ਸਥਿਤੀ ਹੋਰ ਕੀ ਹੋ ਸਕਦੀ ਹੈ।

ਜਾਤੀ ਵਿਤਕਰੇ ਵਿਰੋਧੀ ਐਸ. ਬੀ.403 ਦੀ ਸ਼ੁਰੂਆਤ ਮਾਰਚ 2023 ਤੋਂ ਹੁੰਦੀ ਹੈ, ਜਦੋਂ ਸੈਨੇਟਰ ਆਇਸ਼ਾ ਵਹਾਬ 22 ਤਾਰੀਖ ਨੂੰ ਕੈਲੇਫੋਰਨੀਆ ਦੀ ਸਟੇਟ ਅਸੈਂਬਲੀ ਵਿਚ ਇਹ ਬਿਲ ਪੇਸ਼ ਕਰਦੇ ਹਨ। ਇਸ ਬਿਲ ਨੂੰ ਅਸੈਂਬਲੀ ਵਿਚ ਪੇਸ਼ ਕੀਤੇ ਜਾਣ ਦਾ ਆਧਾਰ ਸਿਸਕੋ ਕੰਪਨੀ ਵਿਚ ਦੋ ਦਲਿਤਾਂ ਨਾਲ ਹੋਇਆ ਜਾਤੀ ਵਿਤਕਰਾ ਅਤੇ ਉਸ ਉਪਰੰਤ ਸਿਲੀਕੋਨ ਵੈਲੀ ਵਿਚ ਦੱਖਣੀ ਏਸ਼ੀਆ ਦੇ ਪਿਛੋਕੜ ਵਾਲੇ ਸੈਂਕੜੇ ਮੁਲਾਜ਼ਮਾਂ ਦੀ ਗਵਾਹੀ ਦੇ ਅੰਤਰਗਤ ਕਾਮਿਆਂ ਨਾਲ ਹੁੰਦੀ ਜਾਤੀਗਤ ਬੇਇਨਸਾਫੀ ਸੀ। ਵਾਸਤਵ ਵਿਚ ਇਹ ਨਿਰੰਤਰ ਸੰਘਰਸ਼ ਪੀੜਤ ਮਨੁੱਖਤਾ ਦੇ ਕਲਿਆਣ ਹਿਤ ਸਮਾਜਿਕ ਨਿਆਂ ਲਈ ਸੀ ਅਤੇ ਇਸ ਦਾ ਸਬੰਧ ਕਿਸੇ ਵਿਸ਼ੇਸ਼ ਜਾਤੀ ਨੂੰ ਉਭਾਰਨ ਜਾਂ ਠੇਸ ਪਹੁੰਚਾਉਣ ਲਈ ਨਹੀਂ ਸੀ। ਮੈਡਮ ਆਇਸ਼ਾ ਵਹਾਬ ਦੀ ਅਗਵਾਈ ਹੇਠ ਦੁਨੀਆਂ ਭਰ ਦੇ ਕਾਮਿਆਂ ਦੇ ਮਨੁੱਖੀ ਅਧਿਕਾਰਾਂ ਲਈ ਸਮਤਾ, ਸੁਤੰਤਰਤਾ ਅਤੇ ਸਮਾਜਿਕ ਨਿਆਂ ਅਧੀਨ, ਪੁੱਟਿਆ ਗਿਆ ਇਹ ਕਦਮ ਅਤੀ ਸ਼ਲਾਘਾਯੋਗ ਅਤੇ ਇਤਿਹਾਸਕ ਕਾਰਜ ਸੀ। ਇਹ ਕਦਮ ਵਿਸ਼ਵ ਦੇ ਮਹਾਨ ਮਾਨਵਵਾਦੀਆਂ ਵੱਲੋਂ ਆਰੰਭੇ ਗਏ ਅੰਦੋਲਨਾਂ ਦਾ ਹੀ ਇਕ ਮਹੱਤਵਪੂਰਨ ਪੜਾਅ ਸੀ।

ਇਸ ਵਿਚ ਕੋਈ ਸੰਦੇਹ ਨਹੀਂ ਕਿ ਜਾਤੀ ਵਿਤਕਰੇ ਵਿਰੋਧੀ ਐਸ. ਬੀ. 403 ਦੇ ਰੱਦ ਹੋਣ ਦੇ ਮੰਦਭਾਗੇ ਫੈਸਲੇ ਨਾਲ ਇਸਦੇ ਹੱਕ ਵਿਚ ਸੰਘਰਸ਼ ਕਰਨ ਵਾਲੇ ਯੋਧਿਆਂ ਦੀਆਂ ਭਾਵਨਾਵਾਂ ਨੂੰ ਵਕਤੀ ਤੌਰ ’ਤੇ ਠੇਸ ਲੱਗੀ ਹੈ, ਪਰ ਸਾਨੂੰ ਸਾਰਿਆਂ ਨੂੰ ਇਹ ਮੰਨ ਕੇ ਸੰਗਠਨਾਤਮਕ ਢੰਗ ਨਾਲ ਸੰਘਰਸ਼ਸ਼ੀਲ ਰਹਿਣਾ ਚਾਹੀਦੈ ਕਿ ਹਰ ਸਮੱਸਿਆ ਅਤੇ ਬੁਰਾਈ ਦਾ ਅੰਤ ਲਾਜ਼ਮੀ ਹੈ। ਇੱਥੇ ਭਾਰਤ ਵਿਚ ਰਹਿੰਦਿਆਂ ਅਸੀਂ ਤੁਹਾਡੇ ਯਤਨਾਂ ਅਤੇ ਮਾਨਵੀ ਹੱਕਾਂ ਲਈ ਕੀਤੇ ਜਾ ਰਹੇ ਸੰਗਰਾਮ ਪ੍ਰਤੀ ਪੂਰੀ ਤਰ੍ਹਾਂ ਬਾਵਸਤਾ ਹਾਂ। ਇਸ ਅਨਿਆਂ ਵਿਰੁੱਧ ਤੁਸੀਂ ਸਾਰਿਆਂ (ਮਰਦ-ਔਰਤਾਂ, ਬਜ਼ੁਰਗਾਂ-ਬੱਚਿਆਂ, ਨੌਜਵਾਨਾਂ, ਪੀੜਤ ਧਿਰਾਂ) ਅਤੇ “ਅੰਬੇਦਕਰ ਟਾਈਮਜ਼” ਅਤੇ “ਦੇਸ਼ ਦੁਆਬਾ” ਦੇ ਸੰਚਾਲਕਾਂ ਨੇ ਆਪਸੀ ਸਹਿਯੋਗ ਅਤੇ ਮਿਲਵਰਤਣ ਦੁਆਰਾ ਜੋ ਯਤਨ ਕੀਤੇ ਹਨ, ਉਹ ਬੇਹੱਦ ਸ਼ਲਾਘਾਯੋਗ ਹਨ। ਬੇਸ਼ੱਕ ਅੱਜ ਅਸਫਲਤਾ ਹੱਥ ਲੱਗੀ ਹੈ, ਪਰ ਸਟੇਟ ਅਸੈਂਬਲੀ ਵੱਲੋਂ ਭਾਰੀ ਬਹੁਮਤ ਨਾਲ ਪਾਸ ਕੀਤੇ ਗਏ ਐਸ. ਬੀ. 403 ਨੇ ਵਿਸ਼ਵ ਭਰ ਦੇ ਬੁੱਧੀਜੀਵੀਆਂ ਦਾ, ਅਮਰੀਕਾ ਵਿਚ ਵਸਦੇ ਭਾਰਤੀ ਸਵਰਣ ਜਾਤੀਆਂ ਦੇ ਗਰੁੱਪਾਂ ਦੁਆਰਾ ਆਪਣੇ ਧਾਰਮਿਕ ਵਿਰਸੇ ਦੇ ਫਲਸਫੇ ਅਧੀਨ, ਹਜ਼ਾਰਾਂ ਸਾਲਾਂ ਤੋਂ ਭਾਰਤ ਵਿਚ ਦਲਿਤਾਂ ਨਾਲ ਕੀਤੇ ਜਾਂਦੇ ਅਨਿਆਂ ਪ੍ਰਤੀ, ਧਿਆਨ ਵੀ ਆਕਰਸ਼ਿਤ ਕੀਤਾ ਹੈ।

ਅੱਜ ਜਦੋਂ ਮੈਂ ਐਸ. ਬੀ. 403 ਨੂੰ ਰੱਦ ਕੀਤੇ ਜਾਣ ਪ੍ਰਤੀ ਆਪਣੀਆਂ ਭਾਵਨਾਵਾਂ ਨੂੰ ਸ਼ਬਦਾਂ ਦੀ ਜੜਤ ਵਿਚ ਰੇਖਾਂਕਿਤ ਕਰ ਰਿਹਾ ਹਾਂ ਤਾਂ ਮੇਰੇ ਸਾਹਮਣੇ ਮੈਡਮ ਆਇਸ਼ਾ ਵਹਾਬ ਦੁਆਰਾ ਇਸ ਬਿਲ ਸਬੰਧੀ, 10 ਅਕਤੂਬਰ 2023 ਨੂੰ ਜਾਰੀ ਸਟੇਟਮੈਂਟ ਪਈ ਹੈ, ਜਿਸ ਵਿਚ ਉਨ੍ਹਾਂ ਨੇ ਦੁਹਰਾਇਐ ਕਿ ਸਮਾਜਿਕ ਨਿਆਂ ਲਈ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ। ਆਇਸ਼ਾ ਵਹਾਬ ਜੀ ਦੇ ਭਰਪੂਰ ਸਹਿਯੋਗ ਨਾਲ ਐਸ. ਬੀ. 403 ਦਾ ਸਟੇਟ ਅਸੈਂਬਲੀ ਤੋਂ ਭਾਰੀ ਬਹੁਮਤ ਨਾਲ ਪਾਸ ਹੋ ਕੇ ਗਵਰਨਰ ਹਾਊਸ ਤੱਕ ਪਹੁੰਚਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਇਸਦੇ ਨਾਲ ਹੀ 9 ਅਕਤੂਬਰ 2023 ਨੂੰ ਸ੍ਰੀ ਰਾਜੂ ਰਾਜਗੋਪਾਲ ਜੀ, ਕੋ-ਫਾਊਂਡਰ ਆਫ ਹਿੰਦੂਜ਼ ਫਾਰ ਹਿਊਮਨ ਰਾਈਟਜ਼ ਅਤੇ ’ਅਮਰੀਕਾ ਅਗੇਂਸਟ ਕਾਸਟ ਡਿਸਕ੍ਰਿਮੀਨੇਸ਼ਨ’ ਦੇ ਮੈਂਬਰ ਦੁਆਰਾ ਲਿਖਿਆ ਗਿਆ ਇਕ ਆਰਟੀਕਲ ਵੀ ਮੇਰੇ ਸਾਹਮਣੇ ਹੈ। ਰਾਜੂ ਰਾਜਗੋਪਾਲ ਜੀ ਦੇ ਆਪਣੇ ਆਰਟੀਕਲ ਵਿਚ ਲਿਖੇ ਇਹ ਸ਼ਬਦ ਲੋਕਤੰਤਰ ਅਤੇ ਮਾਨਵੀ ਹੱਕਾਂ ਦੀ ਬਰਾਬਰੀ ਵਿਚ ਯਕੀਨ ਰੱਖਣ ਵਾਲੇ ਵਿਅਕਤੀ ਨੂੰ ਟੁੰਬਦੇ ਹਨ.

ਕੈਲੀਫੋਰਨੀਆ ਵਿਚ ਕਾਮਿਆਂ ਨਾਲ ਹੋ ਰਹੇ ਜਾਤੀ ਆਧਾਰਿਤ ਵਿਤਕਰੇ ਨੂੰ ਉਭਾਰਨ ਅਤੇ ਉਸਦੇ ਸਮਾਧਾਨ ਲਈ ਕੀਤੇ ਗਏ ਯਤਨਾਂ ਲਈ ਅਸੀਂ ਇਨ੍ਹਾਂ ਸਾਥੀਆਂ ਦੇ ਵਿਸ਼ੇਸ਼ ਧੰਨਵਾਦੀ ਹਾਂ।

20ਵੀਂ ਸਦੀ ਵਿਚ ਬਾਬਾ ਸਾਹਿਬ ਡਾ. ਅੰਬੇਡਕਰ, ਬਾਬੂ ਮੰਗੂ ਰਾਮ ਮੁੱਗੋਵਾਲੀਆ, ਬਾਬੂ ਕਾਂਸ਼ੀ ਰਾਮ ਅਤੇ ਗਦਰ ਪਾਰਟੀ ਦੇ ਅਨੇਕਾਂ ਯੋਧਿਆਂ ਨੇ ਸਮਾਜਿਕ ਇਨਸਾਫ ਲਈ ਜਿਹੜੀਆਂ ਮੰਜ਼ਿਲਾਂ ਸਰ ਕੀਤੀਆਂ ਹਨ, ਸਾਨੂੰ, ਸਾਰੀਆਂ ਪੀੜਤ ਧਿਰਾਂ ਨੂੰ, ਉਨ੍ਹਾਂ ਪ੍ਰਾਪਤੀਆਂ ਨੂੰ ਕਾਇਮ ਰੱਖਣ ਅਤੇ ਉਸਾਰੂ ਸੋਚ ਦੁਆਰਾ ਅੱਗੇ ਵਧਣ ਲਈ ਹਮੇਸ਼ਾ ਯਤਨਸ਼ੀਲ ਰਹਿਣਾ ਚਾਹੀਦਾ ਹੈ।

ਸਮਤਾ, ਸੁਤੰਤਰਤਾ, ਭਾਈਚਾਰਕ ਏਕਤਾ ਅਤੇ ਸਮਾਜਿਕ ਨਿਆਂ ਲਈ ਅਹਿੰਸਾਤਮਕ ਅੰਦੋਲਨ ਕਰਨ ਵਾਲੇ ਯੋਧਿਆਂ ਨੂੰ ਹਾਰਦਿਕ ਸਲਾਮ।

**-ਡਾ. ਜੀ. ਸੀ. ਕੌਲ**

# ਭਾਰਤ-ਕੈਨੇਡਾ ਰੇੜਕੇ ਪ੍ਰਤੀ ਕੂਟਨੀਤਕ ਪਹੁੰਚ

**ਗੁਰਜੀਤ ਸਿੰਘ**

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਨਿ ਟਰੂਡੋ ਨੇ ਜਦੋਂ ਹਾਊਸ ਆਫ ਕਾਮਨਜ਼ ਵਿਚ ਖੜ੍ਹ ਕੇ ਭਾਰਤ ਉਪਰ ਦੋਸ਼ ਲਾਇਆ ਸੀ ਅਤੇ ਇਕ ਭਾਰਤੀ ਦੂਤ ਨੂੰ ਕੱਢਣ ਦਾ ਐਲਾਨ ਕਰ ਕੇ ਇਕ ਜੋਖ਼ਮ ਭਰਪੂਰ ਰਾਹ ਚੁਣਿਆ ਸੀ, ਉਦੋਂ ਤੋਂ ਹੀ ਦੋਵਾਂ ਦੇਸ਼ਾਂ ਦੇ ਰਿਸ਼ਤਿਆਂ ਵਿਚ ਤਣਾਅ ਪੈਦਾ ਹੋ ਗਿਆ ਸੀ। ਜੇ ਉਨ੍ਹਾਂ ਇਹ ਸੋਚਿਆ ਸੀ ਕਿ ਇਸ ਨਾਲ ਭਾਰਤੀ ਪਰਵਾਸੀ ਭਾਈਚਾਰੇ ਨਾਲ ਉਨ੍ਹਾਂ ਦੇ ਸਬੰਧਾਂ ਨੂੰ ਹੁਲਾਰਾ ਮਿਲ ਸਕੇਗਾ ਤਾਂ ਇਹ ਉਨ੍ਹਾਂ ਦੀ ਭੁੱਲ ਸੀ। ਸ੍ਰੀ ਟਰੂਡੋ ਹੁਣ ਦੁਵੱਲੇ ਸਬੰਧਾਂ ਵਿਚ ਹੋਰ ਵਿਗਾੜ ਨੂੰ ਠੱਲ੍ਹ ਪਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਜਿਸ ਦਾ ਮੁੱਖ ਕਾਰਨ ਇਹ ਹੈ ਕਿ ਉਨ੍ਹਾਂ ਨੂੰ ਭਾਰਤ ਦੀ ਤਰਫ਼ੋਂ ਇਸ ਕਿਸਮ ਦੇ ਤਿੱਖੇ ਤੇ ਮਜ਼ਬੂਤ ਪ੍ਰਤੀਕਰਮ ਦੀ ਤਵੱਕੋ ਨਹੀਂ ਸੀ।

ਭਾਰਤ ਨੇ ਕੈਨੇਡਾ ਨੂੰ ਆਪਣੇ 40 ਡਿਪਲੋਮੈਟ ਵਾਪਸ ਬੁਲਾਉਣ ਲਈ ਆਖਿਆ ਹੈ ਤਾਂ ਕਿ ਦੋਵੇਂ ਦੇਸ਼ਾਂ ਦੇ ਡਿਪਲੋਮੈਟਾਂ ਦੀ ਸੰਖਿਆ ਵਿਚ ਬਰਾਬਰੀ ਲਿਆਂਦੀ ਜਾ ਸਕੇ। ਕੈਨੇਡਾ ਵਿਚ ਭਾਰਤੀ ਡਿਪਲੋਮੈਟਾਂ ਦੀ ਗਿਣਤੀ 21 ਹੈ। ਇਸ ਕਦਮ ਨਾਲ ਦੁਵੱਲੇ ਰਿਸ਼ਤਿਆਂ ’ਤੇ ਕਿਹੋ ਜਿਹਾ ਪ੍ਰਭਾਵ ਪਵੇਗਾ? ਕੂਟਨੀਤਕ ਚੈਨਲਾਂ ਅਤੇ ਲੋਕਾਂ ਦਰਮਿਆਨ ਆਪਸੀ ਰਾਬਤੇ ਜ਼ਰੀਏ ਦੁਵੱਲੇ ਸਬੰਧ ਉਸਾਰਨ ਲਈ ਦਹਾਕੇ ਲੱਗ ਜਾਂਦੇ ਹਨ। ਕਿਸੇ ਤਰ੍ਹਾਂ ਦੇ ਸਿਆਸੀ ਕਾਰਨਾਂ ਕਰ ਕੇ ਕੀਤੀ ਜਾਣ ਵਾਲੀ ਕਾਰਵਾਈ ਨਾਲ ਇਨ੍ਹਾਂ ਸਬੰਧਾਂ ਨੂੰ ਵਿਗਾੜਿਆ ਵੀ ਜਾ ਸਕਦਾ ਹੈ ਜਵਿੇਂ ਕਿ ਕੈਨੇਡਾ ਦੀ ਮੂਰਖਾਨਾ ਕਾਰਵਾਈ ਕਰ ਕੇ ਹੋਇਆ ਜਾਪ ਰਿਹਾ ਹੈ।



ਭਾਰਤ ਨੇ ਕੈਨੇਡਾ ਦੇ ਹਮਲੇ ਦੀ ਧਾਰ ਨੂੰ ਖੁੰਢਾ ਕਰਦਿਆਂ ਸਾਫ਼ ਲਫਜ਼ਾਂ ਵਿਚ ਆਖਿਆ ਹੈ ਕਿ ਜੇ ਕੋਈ ਸਬੂਤ ਪੇਸ਼ ਕੀਤਾ ਜਾਂਦਾ ਹੈ ਤਾਂ ਉਹ ਇਸ ਮਾਮਲੇ ’ਤੇ ਚਰਚਾ ਕਰਨ ਲਈ ਤਿਆਰ ਹੈ। ਇਸ ਤਰ੍ਹਾਂ ਦੀ ਗੱਲਬਾਤ ਹਮੇਸ਼ਾ ਨਿੱਜੀ ਹੁੰਦੀ ਹੈ ਅਤੇ ਇਸ ਦਾ ਕੋਈ ਨਾ ਕੋਈ ਆਧਾਰ ਵੀ ਹੋਣਾ ਚਾਹੀਦਾ ਹੈ। ਕੈਨੇਡਾ ਨੇ ਕੂਟਨੀਤੀ ਦੇ ਇਨ੍ਹਾਂ ਦੋਵੇਂ ਆਧਾਰਾਂ ਨੂੰ ਅਣਡਿੱਠ ਕੀਤਾ ਹੈ। ਭਾਰਤ ਨੇ ਆਪਣੇ ਸਟੈਂਡ ਬਾਰੇ ਅਮਰੀਕਾ ਨੂੰ ਜਾਣਕਾਰੀ ਦੇ ਦਿੱਤੀ ਹੈ ਕਿਉਂਕਿ ਕੈਨੇਡਾ ਵਲੋਂ ਲਾਏ ਗਏ ਦੋਸ਼ ਅਮਰੀਕਾ ਵਲੋਂ ਮੁਹੱਈਆ ਕਰਵਾਈ ਗਈ ਜਾਣਕਾਰੀ ’ਤੇ ਆਧਾਰਿਤ ਸਨ। ਅਮਰੀਕਾ ਇਸ ਵੇਲੇ ਯੂਕਰੇਨ ਦੀ ਮਾਇਕ ਇਮਦਾਦ ਮੁਲਤਵੀ ਕਰਨ ਵਾਲੇ ਆਪਣੇ ਸਹਿਯੋਗੀ ਮੁਲਕਾਂ ਨੂੰ ਸ਼ਾਂਤ ਕਰਨ ਲੱਗਿਆ ਹੋਇਆ ਹੈ ਅਤੇ ਭਾਰਤ ਨਾਲ ਰੇੜਕਾ ਪਾ ਕੇ ਬੈਠੇ ਕੈਨੇਡਾ ਤੋਂ ਬਿਨਾ ਵੀ ਉਸ ਦਾ ਕੰਮ ਚੱਲ ਸਕਦਾ ਹੈ। ਲੰਮੇ ਅਰਸੇ ਤੋਂ ਭਾਰਤ ਦੇ ਕੈਨੇਡਾ ਨਾਲ ਸਬੰਧ ਸਿਆਸੀ ਕਿਸਮ ਦੇ ਨਹੀਂ ਰਹੇ ਸਗੋਂ ਇਹ ਆਰਥਿਕ ਵਿਕਾਸ, ਲੋਕਾਂ ਦੇ ਆਪਸੀ ਸਬੰਧਾਂ, ਸੈਰ-ਸਪਾਟੇ, ਵਿਦਿਆਰਥੀਆਂ ਅਤੇ ਪਰਵਾਸ ’ਤੇ ਆਧਾਰਿਤ ਰਹੇ ਹਨ।

ਕੈਨੇਡਾ ਨਾਲ ਸਬੰਧਾਂ ਵਿਚ ਉਂਨੀ ਦੇਰ ਤੱਕ ਉਛਾਲ ਜਾਰੀ ਰਿਹਾ ਜਿੰਨੀ ਦੇਰ ਤੱਕ ਸਰਕਾਰਾਂ ਦੇ ਆਪਸੀ ਸਹਿਯੋਗ ਅਤੇ ਇਹ ਬਿਨਾ ਕਿਸੇ ਦਖ਼ਲਅੰਦਾਜ਼ੀ ਤੋਂ ਚਲਦੇ ਰਹੇ। ਇਸ ਵਿਚ ਭਾਰਤੀ ਅਦਾਰਿਆਂ ਵਿਚ ਕਰੀਬ 60 ਅਰਬ ਡਾਲਰ ਦੇ ਕੈਨੇਡੀਅਨ ਪੈਨਸ਼ਨ ਫੰਡਾਂ ਦਾ ਨਵਿੇਸ਼ ਵੀ ਸ਼ਾਮਲ ਹੈ। ਕੈਨੇਡਾ ਵਿਚਲੇ ਵਿਦੇਸ਼ੀ ਵਿਦਿਆਰਥੀਆਂ ’ਚੋਂ ਲਗਭਗ ਚਾਲੀ ਫੀਸਦ ਭਾਰਤੀ ਵਿਦਿਆਰਥੀ ਹਨ। ਉਹ ਕੈਨੇਡੀਅਨ ਯੂਨੀਵਰਸਿਟੀਆਂ ਵਿਚ 10.2 ਅਰਬ ਡਾਲਰ ਦਾ ਯੋਗਦਾਨ ਪਾਉਂਦੇ ਹਨ। ਚਲੰਤ ਘਟਨਾਕ੍ਰਮਾਂ ਕਰ ਕੇ ਇਨ੍ਹਾਂ ਸੰਸਥਾਵਾਂ ਲਈ ਦਿੱਕਤਾਂ ਪੈਦਾ ਹੋ ਸਕਦੀਆਂ ਹਨ, ਜੇ ਕੁਝ ਹੋਰ ਨਹੀਂ ਤਾਂ ਘੱਟੋ ਘੱਟ ਦੋਵੇਂ ਦੇਸ਼ਾਂ ’ਚ ਵੀਜ਼ਾ ਪ੍ਰਕਿਰਿਆ ਵਿਚ ਯਕੀਨਨ ਦੇਰੀ ਆਵੇਗੀ। ਇਸ ਦਾ ਮਤਲਬ ਹੋਵੇਗਾ ਕਿ ਕੈਨੇਡੀਅਨ ਯੂਨੀਵਰਸਿਟੀਆਂ ਵਿਚ ਦਾਖ਼ਲ ਹੋਏ ਵਿਦਿਆਰਥੀਆਂ ਨੂੰ ਹੋਰ ਲੰਮੀ ਉਡੀਕ ਕਰਨੀ ਪਵੇਗੀ ਅਤੇ ਉਹ ਬੱਝਵੇਂ ਢੰਗ ਨਾਲ ਕਲਾਸਾਂ ਨਹੀਂ ਲਾ ਸਕਣਗੇ। ਜੇ ਇਹ ਕੁਝ ਹੋਰ ਸਮਾਂ ਜਾਰੀ ਰਿਹਾ ਤਾਂ ਭਾਰਤੀ ਵਿਦਿਆਰਥੀ ਕੈਨੇਡਾ ਦੀ ਥਾਂ ਹੋਰਨਾਂ ਦੇਸ਼ਾਂ ਦਾ ਰੁਖ਼ ਕਰਨਗੇ। ਇਨ੍ਹਾਂ ਵਿਚ ਆਸਟਰੇਲੀਆ ਅਤੇ ਜਰਮਨੀ ਸ਼ਾਮਲ ਹਨ ਜਿੱਥੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਪਹਿਲਾਂ ਹੀ ਵਧ ਰਹੀ ਹੈ।

ਪ੍ਰਧਾਨ ਮੰਤਰੀ ਟਰੂਡੋ ਅਤੇ ਵਿਦੇਸ਼ ਮੰਤਰੀ ਮੈਲੇਨੀ ਜੌਲੀ ਦੋਵਾਂ ਨੇ ਆਖਿਆ ਹੈ ਕਿ ਉਹ ਭਾਰਤ ’ਤੇ ਦਬਾਓ ਵਧਾਉਣਾ ਨਹੀਂ ਚਾਹੁੰਦੇ ਸਗੋਂ ਸ਼ਾਂਤਮਈ ਕੂਟਨੀਤਕ ਗੱਲਬਾਤ ਕਰਨਾ ਚਾਹੁੰਦੇ ਹਨ। ਭਾਰਤ ਦੇ ਪ੍ਰਤੀਕਰਮ ਤੋਂ ਉਹ ਕਾਫੀ ਹੱਕੇ ਬੱਕੇ ਹਨ ਜਿਸ ਕਰ ਕੇ ਉਨ੍ਹਾਂ ਨੇ ਆਪਣੀ ਸ਼ੁਰੂਆਤੀ ਸੁਰ, ਜਿਸ ਵਿਚ ਉਹ ਬਿਨਾ ਕੋਈ ਸਬੂਤ ਪੇਸ਼ ਕੀਤਿਆਂ ਆਪਣੀ ਪ੍ਰਭੂਸੱਤਾ ਦੇ ਉਲੰਘਣ ਦੇ ਦੋਸ਼ ਲਾਉਂਦੇ ਸਨ, ਕਾਫ਼ੀ ਹੱਦ ਤੱਕ ਬਦਲ ਲਈ ਹੈ।

ਭਾਰਤ ਨੇ ਸਿਆਸੀ ਪ੍ਰਤੀਕਰਮ ਦੀ ਬਜਾਏ ਕੂਟਨੀਤਕ ਪ੍ਰਤੀਕਰਮ ਦਿੱਤਾ ਹੈ। ਭਾਰਤ ਨੂੰ ਪਰਵਾਸੀ ਭਾਈਚਾਰੇ ਦੀ ਰਾਜਨੀਤੀ ਦੀ ਸਮਝ ਹੈ ਪਰ ਇਹ ਵੀ ਜਾਣਦਾ ਹੈ ਕਿ ਸ੍ਰੀ ਟਰੂਡੋ ਕੈਨੇਡਾ ਵਿਚ ਭਾਰਤੀ ਮੂਲ ਦੇ ਲੋਕਾਂ ਨੂੰ ਹੀ ਭਰਮਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਹਾਲਾਂਕਿ ਇਸ ਵਿਚ ਕੋਈ ਗ਼ਲਤ ਗੱਲ ਨਹੀਂ ਹੈ ਪਰ ਉਹ ਇਹ ਕੰਮ ਭਾਰਤ ਦੀ ਕੀਮਤ ’ਤੇ ਕਰ ਰਹੇ ਹਨ। ਇਸ ਕਰ ਕੇ ਭਾਰਤ ਨੇ ਦੋ ਪ੍ਰਮੁੱਖ ਫ਼ੈਸਲੇ ਕੀਤੇ ਹਨ: ਪਹਿਲਾ, ਕੈਨੇਡਾ ਵਿਚ ਅਤੇ ਫਿਰ ਵਿਸ਼ਵ ਭਰ ਵਿਚ ਭਾਰਤੀ ਮਿਸ਼ਨਾਂ ਵਲੋਂ ਕੈਨੇਡੀਅਨਾਂ ਨੂੰ ਦਿੱਤੇ ਜਾਣ ਵਾਲੇ ਵੀਜ਼ੇ ਮੁਲਤਵੀ ਕਰਨੇ। ਦੂਜਾ, ਨਵੀਂ ਦਿੱਲੀ ਨੇ ਲੰਘੀ 3 ਅਕਤੂਬਰ ਨੂੰ ਕੈਨੇਡਾ ਨੂੰ ਦੱਸਿਆ ਕਿ ਕਰੀਬ ਦੋ ਤਿਹਾਈ ਕੈਨੇਡੀਅਨ ਡਿਪਲੋਮੈਟਾਂ ਨੂੰ ਇਕ ਹਫ਼ਤੇ ਦੇ ਅੰਦਰ ਭਾਰਤ ਛੱਡ ਕੇ ਜਾਣਾ ਪਵੇਗਾ। ਹੈਰਾਨੀ ਦੀ ਗੱਲ ਹੈ ਕਿ 60 ਦੇ ਕਰੀਬ ਕੈਨੇਡੀਅਨ ਡਿਪਲੋਮੈਟ ਭਾਰਤ ਵਿਚ ਕੀ ਕਰ ਰਹੇ ਹਨ ਕਿਉਂਕਿ ਵਿਕਾਸ ਸਹਿਯੋਗ ਪ੍ਰੋਗਰਾਮ ਵਡੇਰੇ ਪੱਧਰ ’ਤੇ ਨਹੀਂ ਚਲਾਏ ਜਾ ਰਹੇ। ਜ਼ਾਹਰਾ ਤੌਰ ’ਤੇ ਉਹ ਵੀਜ਼ਾ, ਪਰਵਾਸ, ਵਿਦਿਆਰਥੀਆਂ ਆਦਿ ਨਾਲ ਜੁੜੇ ਮਾਮਲਿਆਂ ਨੂੰ ਦੇਖਦੇ ਹੋਣਗੇ। ਇਨ੍ਹਾਂ ਡਿਪਲੋਮੈਟਾਂ ਦੇ ਵਾਪਸ ਜਾਣ ਨਾਲ ਕੈਨੇਡਾ ਅਤੇ ਭਾਰਤ ਵਿਚਕਾਰ ਲੋਕਾਂ ਦੇ ਆਪਸੀ ਸੰਪਰਕ ’ਤੇ ਮਾੜਾ ਅਸਰ ਪਵੇਗਾ। ਕੈਨੇਡੀਅਨ ਯੂਨੀਵਰਸਿਟੀਆਂ ਨੂੰ ਡਰ ਹੈ ਕਿ ਉਨ੍ਹਾਂ ਦੇ ਦਾਖ਼ਲੇ ਘਟ ਸਕਦੇ ਹਨ। ਛੋਟੀਆਂ ਕੈਨੇਡੀਅਨ ਯੂਨੀਵਰਸਿਟੀਆਂ ਵਿਚ ਮਾੜੀਆਂ ਸੁਵਿਧਾਵਾਂ ਦੀਆਂ ਰਿਪੋਰਟਾਂ ਪਹਿਲਾਂ ਹੀ ਸੋਸ਼ਲ ਮੀਡੀਆ ਵਿਚ ਵਾਇਰਲ ਹੋ ਰਹੀਆਂ ਹਨ।


ਭਾਰਤੀਆਂ ’ਤੇ ਇਸ ਦਾ ਮਾੜਾ ਅਸਰ ਪਵੇਗਾ ਸਗੋਂ ਇਸ ਦੇ ਰਾਜਨੀਤਕ ਨਤੀਜੇ ਕੈਨੇਡਾ ਵਿੱਚ ਮਹਿਸੂਸ ਕੀਤੇ ਜਾ ਰਹੇ ਹਨ। ਜਿੱਥੇ ਵੱਡੀ ਗਿਣਤੀ ਭਾਰਤੀ ਪਰਵਾਸੀਆਂ ਨੂੰ ਅਚਾਨਕ ਪਤਾ ਲੱਗੇਗਾ ਕਿ ਜਿਨ੍ਹਾਂ ਲੋਕਾਂ ਕੋਲ ਪਹਿਲਾਂ ਤੋਂ ਹੀ ਵੀਜ਼ੇ ਨਹੀਂ ਹਨ, ਉਨ੍ਹਾਂ ਦਾ ਨੇੜੇ ਆ ਰਹੇ ਛੁੱਟੀਆਂ/ਤਿਉਹਾਰਾਂ ਦੇ ਸੀਜ਼ਨ ਦੌਰਾਨ ਭਾਰਤ ਵਿਚ ਪਰਿਵਾਰਕ ਮੇਲ ਜੋਲ/ਭਾਰਤ ਆਉਣਾ ਪ੍ਰਭਾਵਿਤ ਹੋਵੇਗਾ। ਉਨ੍ਹਾਂ ਦੇ ਪਰਿਵਾਰ ਕੈਨੇਡਾ ਨਹੀਂ ਜਾ ਸਕਣਗੇ ਅਤੇ ਨਾ ਹੀ ਉਹ ਭਾਰਤ ਆ ਸਕਣਗੇ। ਵਪਾਰਕ ਸਬੰਧ ਵੀ ਪ੍ਰਭਾਵਿਤ ਹੋ ਰਹੇ ਹਨ ਕਿਉਂਕਿ ਕੈਨੇਡਾ ਅਤੇ ਭਾਰਤ ਨੇ ਵਪਾਰ ਵਾਰਤਾਵਾਂ ਵੀ ਮੁਲਤਵੀ ਕਰ ਦਿੱਤੀਆਂ ਹਨ। ਮਸਰਾਂ ਦੀ ਦਾਲ ਦੇ ਭਾਰਤੀ ਦਰਾਮਦਕਾਰਾਂ ਨੇ ਹੁਣ ਤੋਂ ਹੀ ਆਸਟਰੇਲੀਆ ਤੋਂ ਆਪਣੀਆਂ ਦਰਾਮਦਾਂ ਵਧਾ ਦਿੱਤੀਆਂ ਹਨ। ਇਹ ਗੱਲ ਸਾਫ਼ ਹੈ ਕਿ ਕੈਨੇਡੀਅਨ ਸਰਕਾਰ ਨੂੰ ਹੁਣ ਭਾਰਤ ਖਿਲਾਫ਼ ਜਨਤਕ ਤੌਰ ’ਤੇ ਦੂਸ਼ਣਬਾਜ਼ੀ ਕਰਨ ਦੀ ਬਜਾਏ ਇਸ ਨਾਲ ਕੂਟਨੀਤਕ ਢੰਗ ਨਾਲ ਸਿੱਝਣ ਦੀ ਅਹਿਮੀਅਤ ਦਾ ਅਹਿਸਾਸ ਹੋ ਰਿਹਾ ਹੈ।

ਕੀ ਇਸ ਨਾਲ ਸਬੰਧਾਂ ਦੇ ਨੁਕਸਾਨ ਦੀ ਛੇਤੀ ਭਰਪਾਈ ਹੋ ਸਕੇਗੀ? ਇਸ ਗੱਲ ਦੇ ਆਸਾਰ ਨਹੀਂ ਹਨ। ਕੈਨੇਡਾ ਨੇ ਇਸ ਨੂੰ ਬਹੁਤ ਜ਼ਿਆਦਾ ਤੂਲ ਦਿੱਤੀ ਹੈ ਅਤੇ ਇਹ ਭੁੱਲ ਗਿਆ ਹੈ ਕਿ ਭਾਰਤ ਵਿਚ ਉਸ ਨਾਲੋਂ ਵੀ ਪਹਿਲਾਂ ਚੋਣਾਂ ਆਉਣ ਵਾਲੀਆਂ ਹਨ। ਇਸ ਲਈ ਜੇ ਭਾਰਤ ਵਲੋਂ ਕੋਈ ਸਖ਼ਤ ਕਾਰਵਾਈ ਕੀਤੀ ਜਾਵੇਗੀ ਤਾਂ ਆਮ ਲੋਕਾਂ ਵਲੋਂ ਇਸ ਦਾ ਸਵਾਗਤ ਹੀ ਕੀਤਾ ਜਾਵੇਗਾ। ਕੈਨੇਡਾ ਨੂੰ ਇਹ ਵੀ ਅਹਿਸਾਸ ਹੋ ਰਿਹਾ ਹੈ ਕਿ ਵੀਜ਼ਾ ਸੇਵਾਵਾਂ ਮੁਲਤਵੀ ਕਰਨ ਦੇ ਭਾਰਤ ਦੇ ਫ਼ੈਸਲੇ ਨਾਲ ਉਸ ਦੇਸ਼ ਵਿਚ ਰਹਿ ਰਿਹਾ ਭਾਰਤੀ ਭਾਈਚਾਰਾ ਨਾਰਾਜ਼ ਹੋ ਰਿਹਾ ਹੈ। ਟਰੂਡੋ ਵਲੋਂ ਆਪਣੇ ਐਲਾਨਾਂ ਨਾਲ ਭਾਰਤੀ ਪਰਵਾਸੀ ਭਾਈਚਾਰੇ ਦੇ ਕੁਝ ਹਿੱਸਿਆਂ ਨੂੰ ਪਤਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਜ਼ਾਹਰਾ ਤੌਰ ’ਤੇ ਇਸ ਦਾ ਅਸਰ ਉਲਟਾ ਪਵੇਗਾ ਕਿਉਂਕਿ ਭਾਈਚਾਰੇ ਦੇ ਆਮ ਹਿੱਸੇ ਇਸ ਤਰ੍ਹਾਂ ਦੇ ਮਾਹੌਲ ਨੂੰ ਬਹੁਤਾ ਪਸੰਦ ਨਹੀਂ ਕਰਦੇ। ਇਸ ਸਭ ਕਾਸੇ ਦੇ ਸਬਕ ਬਹੁਤ ਸਪੱਸ਼ਟ ਹਨ। ਉਦਾਰਵਾਦੀ, ਜਮਹੂਰੀ ਕਦਰਾਂ ਕੀਮਤਾਂ ਅਤੇ ਕਾਨੂੰਨ ਦੇ ਰਾਜ ਦੇ ਧਾਰਨੀ ਮੁਲਕਾਂ ਨੂੰ ਆਪਣੇ ਭਾਈਵਾਲਾਂ ਨੂੰ ਧੱਕ ਕੇ ਲਾਂਭੇ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਉਨ੍ਹਾਂ ਨੂੰ ਕੂਟਨੀਤਕ ਰਾਹਾਂ ਦੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਆਪਣੇ ਉਦੇਸ਼ ਪੂਰੇ ਕਰਨ ਲਈ ਸ਼ਾਂਤ ਕੂਟਨੀਤੀ ਅਪਣਾਉਣੀ ਚਾਹੀਦੀ ਹੈ। ਭਾਰਤ ਕੈਨੇਡਾ ਨਾਲ ਪਿਛਲੇ ਕਈ ਸਾਲਾਂ ਤੋਂ ਅਪਰਾਧੀਆਂ ਅਤੇ ਅਤਿਵਾਦੀਆਂ ਨਾਲ ਸਿੱਝਣ ਦੇ ਸਵਾਲ ਨੂੰ ਲੈ ਕੇ ਨਾਰਾਜ਼ ਹੈ ਪਰ ਇਸ ਨੇ ਡਿਪਲੋਮੈਟ ਕੱਢਣ ਜਿਹਾ ਕੋਈ ਕਦਮ ਨਹੀਂ ਉਠਾਇਆ ਸੀ।

ਕੈਨੇਡਾ ਨੇ ਭਾਰਤੀ ਡਿਪਲੋਮੈਟ ਖਿਲਾਫ਼ ਕਾਰਵਾਈ ਕਰਨ ਦਾ ਰਾਹ ਚੁਣਿਆ ਅਤੇ ਹੁਣ ਉਸ ਨੂੰ ਭਾਰਤ ਦੀ ਤਰਫ਼ੋਂ ਬਦਲੇ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਕਰ ਕੇ ਕੈਨੇਡਾ ਦੀ ਸਰਕਾਰ ਕੋਲ ਬਹੁਤੇ ਰਾਹ ਨਹੀਂ ਬਚੇ। ਭਾਰਤ ਕੈਨੇਡਾ ਸਬੰਧਾਂ ਦਾ ਆਧਾਰ ਕਮਜ਼ੋਰ ਹੋਇਆ ਹੈ। ਸਬੰਧਾਂ ਨੂੰ ਬਹਾਲ ਕਰਨ ਲਈ ਕੈਨੇਡਾ ਨੂੰ ਕਾਰਵਾਈ ਕਰਨੀ ਪਵੇਗੀ। ਇਸ ਦੀ ਸ਼ੁਰੂਆਤ ਹਵਾਲਗੀ, ਕਾਨੂੰਨੀ ਕਾਰਵਾਈ ਅਤੇ ਇੰਟਰਪੋਲ ਨੋਟਿਸਾਂ ਦੀਆਂ ਬੇਨਤੀਆਂ ਦਾ ਜਵਾਬ ਦੇਣ ਨਾਲ ਕੀਤੀ ਜਾ ਸਕਦੀ ਹੈ। ਭਾਰਤ ਦੀ ਕੈਨੇਡਾ ਨਾਲ 1987 ਤੋਂ ਹਵਾਲਗੀ ਸੰਧੀ ਹੈ ਅਤੇ 1994 ਤੋਂ ਆਪਸੀ ਕਾਨੂੰਨੀ ਸਹਾਇਤਾ ਲਈ ਸੰਧੀ ਚੱਲ ਰਹੀ ਹੈ। ਕੈਨੇਡੀਅਨ ਅਧਿਕਾਰੀਆਂ ਨੇ ਇਨ੍ਹਾਂ ਨੂੰ ਅਣਡਿੱਠ ਕੀਤਾ ਹੈ। ਕੂਟਨੀਤੀ ਮਹਿਜ਼ ਵੀਜ਼ੇ ਜਾਰੀ ਕਰਨ ਦਾ ਨਾਂ ਨਹੀਂ ਹੁੰਦੀ, ਜਵਿੇਂ ਕਿ ਕੈਨੇਡਾ ਦੇ ਵਿਹਾਰ ਤੋਂ ਨਜ਼ਰ ਆ ਰਿਹਾ ਹੈ, ਸਗੋਂ ਇਹ ਆਪਸੀ ਭਰੋਸਾ ਪੈਦਾ ਕਰਨ ਅਤੇ ਇਸ ਨੂੰ ਬਣਾ ਕੇ ਰੱਖਣ ਦੀ ਕਲਾ ਹੁੰਦੀ ਹੈ।

# ਇਜ਼ਰਾਈਲ ਲਈ ਹੀਰੋ ਬਣੀ 25 ਸਾਲ ਦੀ ਇੰਬਾਲ, ਮਾਰ ਮੁਕਾਏ ਦਰਜਨਾਂ ਅੱਤਵਾਦੀ

ਇਜ਼ਰਾਈਲ 'ਚ ਹਮਾਸ ਦੇ ਅੱਤਵਾਦੀਆਂ ਦੇ ਕਹਿਰ ਕਾਰਨ ਹੁਣ ਤਕ 1500 ਤੋਂ ਵੱਧ ਲੋਕਾਂ ਦੀ ਮੌਤ ਹੋ ਚੁੱਕੀ ਹੈ। ਹਮਾਸ ਨੇ ਸ਼ਨੀਵਾਰ ਸਵੇਰੇ ਇਜ਼ਰਾਈਲ 'ਤੇ ਰਾਕੇਟ ਹਮਲੇ ਕੀਤੇ। ਇਸ ਤੋਂ ਬਾਅਦ ਉਸ ਦੇ ਅੱਤਵਾਦੀ ਇਜ਼ਰਾਈਲ ਦੀ ਧਰਤੀ 'ਤੇ ਦਾਖਲ ਹੋ ਗਏ। ਇੱਥੇ ਉਨ੍ਹਾਂ ਵੱਡੀ ਗਿਣਤੀ 'ਚ ਲੋਕਾਂ ਦਾ ਕਤਲੇਆਮ ਕੀਤਾ। ਉਹ ਸੈਂਕੜੇ ਲੋਕਾਂ ਨੂੰ ਅਗਵਾ ਕਰ ਕੇ ਆਪਣੇ ਨਾਲ ਲੈ ਗਏ। ਇਸ ਦੌਰਾਨ ਕੁਝ ਲੋਕ ਆਪਣੇ ਹੀ ਲੋਕਾਂ ਲਈ ਹੀਰੋ ਬਣ ਕੇ ਸਾਹਮਣੇ ਆਏ। ਉਸ ਨੇ ਆਪਣੀ ਜਾਨ ਦੀ ਪਰਵਾਹ ਕੀਤੇ ਬਿਨਾਂ ਕਈ ਲੋਕਾਂ ਦੀ ਜਾਨ ਬਚਾਈ। ਅਜਿਹੇ ਲੋਕਾਂ ਵਿੱਚ 25 ਸਾਲਾ ਇੰਬਾਲ ਲੀਬਰਮੈਨ ਵੀ ਸ਼ਾਮਲ ਹੈ।



ਉਸ ਦੀ ਬਹਾਦਰੀ ਦੀਆਂ ਕਹਾਣੀਆਂ ਸੋਸ਼ਲ ਮੀਡੀਆ 'ਤੇ ਖੂਬ ਸੁਣਾਈਆਂ ਜਾ ਰਹੀਆਂ ਹਨ। ਉਨ੍ਹਾਂ ਹਮਾਸ ਦੇ ਅੱਤਵਾਦੀਆਂ ਤੋਂ ਨਿਰ ਅਮ ਦੇ ਪੂਰੇ ਭਾਈਚਾਰੇ ਨੂੰ ਬਚਾਇਆ। ਇੰਨਾ ਹੀ ਨਹੀਂ ਦਰਜਨਾਂ ਅੱਤਵਾਦੀ ਵੀ ਮਾਰੇ ਗਏ। ਇੰਬਾਲ ਨੇ ਵਸਨੀਕਾਂ ਦੇ ਇਕ ਸਮੂਹ ਨੂੰ ਲੈ ਕੇ ਮੈਦਾਨ 'ਚ ਨਿੱਤਰੀ। ਇਸ ਦੌਰਾਸ ਇਸ ਸਮੂਹ ਨੇ ਨਾ ਸਿਰਫ ਕਿਬੁਤਜ਼ (ਸਮਾਜ) ਦੀ ਰੱਖਿਆ ਕੀਤੀ ਬਲਕਿ ਅੱਤਵਾਦੀਆਂ ਨੂੰ ਵੀ ਹਰਾਇਆ। ਇਹ ਸਥਾਨ ਗਾਜ਼ਾ ਪੱਟੀ ਤੋਂ ਸਿਰਫ਼ ਇੱਕ ਮੀਲ ਦੂਰ ਸਥਿਤ ਹੈ।

ਇੰਬਲ ਨੇ ਸ਼ਨਿੱਚਰਵਾਰ ਸਵੇਰੇ ਧਮਾਕਿਆਂ ਦੀ ਆਵਾਜ਼ ਸੁਣੀ। ਉਹ ਝੱਟ ਸਮਝ ਗਈ ਕਿ ਇਹ ਆਵਾਜ਼ਾਂ ਸਾਧਾਰਨ ਨਹੀਂ ਸਨ। ਉਹ ਤੇਜ਼ੀ ਨਾਲ ਅਸਲਾਖਾਨੇ ਵੱਲ ਭੱਜੀ ਤੇ 12 ਮੈਂਬਰੀ ਸੁਰੱਖਿਆ ਟੀਮ ਨੂੰ ਬੰਦੂਕਾਂ ਵੰਡ ਦਿੱਤੀਆਂ। ਉਸਨੇ ਆਪਣੇ ਕਿਬੁਤਜ਼ਨਿਕ ਦਸਤੇ ਨੂੰ ਇਕ ਰਣਨੀਤਕ ਸਥਾਨ 'ਤੇ ਭੇਜਿਆ, ਜਿੱਥੇ ਇਹ ਲੋਕ ਘਾਤ ਲਾਈ ਬੈਠੇ ਸਨ ਤੇ ਸਾਹਮਣਿਓਂ ਆ ਰਹੇ ਅੱਤਵਾਦੀਆਂ ਦੇ ਵਿਰੁੱਧ ਤੁਰੰਤ ਜਵਾਬੀ ਕਾਰਵਾਈ ਕੀਤੀ ਗਈ। ਇਕੱਲੇ ਇੰਬਾਲ ਨੇ ਪੰਜ ਅੱਤਵਾਦੀਆਂ ਨੂੰ ਮਾਰ ਮੁਕਾਇਆ ਜਦਕਿ ਉਸ ਦੀ ਟੀਮ ਦੇ ਮੈਂਬਰਾਂ ਨੇ 20 ਤੋਂ ਵੱਧ ਅੱਤਵਾਦੀਆਂ ਨੂੰ ਮੌਤ ਦੇ ਘਾਟ ਉਤਾਰਿਆ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

## ਮ੍ਰਿਤਕ ਦੇਹਾਂ ਨੂੰ ਅਣਉੁਚਿਤ ਢੰਗ ਨਾਲ ਰੱਖਣ ਦਾ ਮਾਮਲਾ

# ਅਮਰੀਕਾ ਦੇ ਕੋਲੋਰਾਡੋ ਰਾਜ ਦੇ ਇਕ ਮੁਰਦਾ ਘਰ ਵਿਚੋਂ ਮਿਲੀਆਂ 115 ਮ੍ਰਿਤਕ ਦੇਹਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**-ਅਮਰੀਕਾ ਦੇ ਕੋਲੋਰਾਡੋ ਰਾਜ ਦੇ ਦੱਖਣ ਵਿਚ ਸਥਿੱਤ ਇਕ ਮੁਰਦਾ ਘਰ ਵਿਚੋਂ 115 ਮ੍ਰਿਤਕ ਦੇਹਾਂ ਮਿਲੀਆਂ ਹਨ ਜਿਨਾਂ ਨੂੰ ਅਣਉੁਚਿਤ ਢੰਗ ਤਰੀਕੇ ਨਾਲ ਰਖਿਆ ਗਿਆ ਸੀ। ਅਧਿਕਾਰੀਆਂ ਅਨੁਸਾਰ 'ਗਰੀਨ ਬਰੀਅਲ' ਦੇ ਨਾਂ ਨਾਲ ਜਾਣਿਆ ਜਾਂਦਾ ਇਹ ਸ਼ਮਸ਼ਾਨ ਘਾਟ ਪੈਨਰੋਜ ਨਾਮੀ ਇਕ ਛੋਟੇ ਜਿਹੇ ਕਸਬੇ ਵਿਚ ਸਥਿੱਤ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਮੌਕੇ ਦਾ ਦ੍ਰਿਸ਼ ਬਹੁਤ ਭਿਆਨਕ ਸੀ। ਮੁਰਦਾ ਘਰ ਵਿਚੋਂ ਬੋਅ ਆਉਣ ਸਬੰਧੀ ਰਿਪੋਰਟ ਮਿਲਣ 'ਤੇ ਅਧਿਕਾਰੀ ਮੌਕੇ ਉਪਰ ਪੁੱਜੇ ਤਾਂ ਸ਼ਮਸ਼ਾਨ ਘਾਟ ਦੇ ਮਾਲਕ ਜੋਨ ਹਾਲਫੋਰਡ ਨੇ ਸਮੱਸਿਆ ਨੂੰ ਟਾਲਣ ਦਾ ਯਤਨ ਕੀਤਾ। ਫਰੀਮਾਂਟ ਕਾਊਂਟੀ ਦੇ ਸ਼ੈਰਿਫ ਐਲਨ ਕੂਪਰ ਨੇ ਇਕ ਪ੍ਰੈਸ ਬਿਆਨ ਵਿਚ ਕਿਹਾ ਹੈ ਕਿ ਇਸ ਮਾਮਲੇ ਵਿਚ ਅਜੇ ਕੋਈ ਗ੍ਰਿਫਤਾਰੀ ਨਹੀਂ ਕੀਤੀ ਗਈ ਹੈ ਤੇ ਸ਼ਮਸ਼ਾਨ ਘਾਟ ਦਾ ਮਾਲਕ ਜਾਂਚ ਵਿਚ ਸਹਿਯੋਗ ਕਰ ਰਿਹਾ ਹੈ। ਉਨਾਂ ਕਿਹਾ ਕਿ ਅਜੇ ਇਹ ਸਾਫ ਨਹੀਂ ਹੈ ਕਿ ਸ਼ਮਸ਼ਾਨ ਘਾਟ ਦਾ ਮਾਲਕ ਗੁਨਾਹਗਾਰ ਹੈ ਜਾਂ ਨਹੀਂ। ਫਰੀਮਾਂਟ ਕਾਊਂਟੀ ਕੋਰੋਨਰ ਰੈਂਡੀ ਕੇਲਰ ਨੇ ਕਿਹਾ ਹੈ ਕਿ ਅਣਉੁਚਿਤ ਢੰਗ ਨਾਲ ਮ੍ਰਿਤਕ ਦੇਹਾਂ ਮਿਲਣ ਉਪਰੰਤ ਮਾਮਲੇ ਦੀ ਗੰਭੀਰਤਾ ਦਾ ਪਤਾ ਲੱਗਾ ਹੈ। ਅਧਿਕਾਰੀ ਇਸ ਮੁੱਦੇ ਨੂੰ ਗੰਭੀਰਤਾ ਨਾਲ ਲੈਣਗੇ। ਕੇਲਰ ਨੇ ਹੋਰ ਕਿਹਾ ਕਿ ਮ੍ਰਿਤਕ ਦੇਹਾਂ ਨੂੰ ਪਛਾਣਨ ਲਈ ਕੁਝ ਮਹੀਨੇ ਲੱਗ ਸਕਦੇ ਹਨ ਕਿਉਂਕਿ ਇਸ ਵਾਸਤੇ ਉਂਗਲੀਆਂ ਦੇ ਨਿਸ਼ਾਨਾਂ ਦੀ ਜਾਂਚ ਕਰਨੀ ਪਵੇਗੀ ਜਾਂ ਡੀ ਐਨ ਏ ਰਾਹੀਂ ਪਤਾ ਲਾਉਣਾ ਪਵੇਗਾ। ਉਨਾਂ ਨੇ ਇਹ ਨਹੀਂ ਦੱਸਿਆ ਕਿ ਮ੍ਰਿਤਕ ਦੇਹਾਂ ਕਿਥੇ ਤੇ ਕਿਸ ਹਾਲਤ ਵਿਚ ਰਖੀਆਂ ਹੋਈਆਂ ਸਨ। ਕੇਲਰ ਨੇ ਕਿਹਾ ਕਿ ਇਹ ਵੀ ਅਜੇ ਸਪੱਸ਼ਟ ਨਹੀਂ ਹੈ ਕਿ ਇਨਾਂ ਮ੍ਰਿਤਕ ਦੇਹਾਂ ਨੂੰ ਦਫਨਾਉਣ ਜਾਂ ਅੰਤਿਮ ਸੰਸਕਾਰ ਲਈ ਰਖਿਆ ਗਿਆ ਸੀ।



# ਅਮਰੀਕਾ ਵਿਚ ਗੋਲੀਬਾਰੀ ਕਰਕੇ 29 ਲੋਕਾਂ ਨੂੰ ਜ਼ਖਮੀ ਕਰਨ ਵਾਲੇ ਵਿਅਕਤੀ ਨੂੰ ਹੋਈਆਂ 10 ਉਮਰ ਕੈਦਾਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਭੀੜ ਭੜਕੇ ਵਾਲੇ ਨਿਊ ਯਾਰਕ ਸਿਟੀ ਸਬਵੇਅ 'ਤੇ ਪਿਛਲੇ ਸਾਲ ਧੂੰਆਂ ਬੰਬ ਚਲਾਉਣ ਉਪਰੰਤ ਗੋਲੀਬਾਰੀ ਕਰਨ ਵਾਲੇ ਵਿਅਕਤੀ ਨੂੰ 10 ਉਮਰ ਕੈਦਾਂ ਦੀ ਸਜ਼ਾ ਸੁਣਾਈ ਗਈ ਹੈ। ਉਸ ਨੂੰ 10 ਉਮਰ ਕੈਦਾਂ ਤੋਂ ਇਲਾਵਾ 10 ਸਾਲ ਹੋਰ ਵੀ ਸਜ਼ਾ ਸੁਣਾਈ ਗਈ ਹੈ। ਇਸ ਗੋਲੀਬਾਰੀ ਵਿਚ 29 ਲੋਕ ਜ਼ਖਮੀ ਹੋਏ ਸਨ। ਫਰੈਂਕ ਜੇਮਜ ਨਾਮੀ ਦੋਸ਼ੀ ਨੇ ਇਸ ਸਾਲ ਜਨਵਰੀ ਵਿਚ ਇਕ ਸੰਘੀ ਅਦਾਲਤ ਵਿਚ ਆਪਣਾ ਗੁਨਾਹ ਕਬੂਲ ਕਰ ਲਿਆ ਸੀ। ਉਸ ਵਿਰੁੱਧ ਅਪ੍ਰੈਲ 2022 ਵਿਚ ਹੋਈ ਘਟਨਾ ਦੇ ਮਾਮਲੇ ਵਿਚ ਅੱਤਵਾਦੀ ਹਮਲਾ, ਹਿੰਸਾ ਫੈਲਾਉਣ ਤੇ ਅਗਨ ਸ਼ਸ਼ਤਰ ਦੀ ਵਰਤੋਂ ਸਬੰਧੀ 10 ਦੋਸ਼ ਆਇਦ ਕੀਤੇ ਗਏ ਸਨ। ਇਸਤਗਾਸਾ ਪੱਖ ਨੇ ਅਦਾਲਤ ਕੋਲੋਂ ਦੋਸ਼ੀ ਨੂੰ ਉਮਰ ਕੈਦ ਦੇਣ ਦੀ ਮੰਗ ਕੀਤੀ ਸੀ ਜਦ ਕਿ ਬਚਾਅ ਪੱਖ ਦੇ ਵਕੀਲ ਨੇ ਇਸ ਦਾ ਵਿਰੋਧ ਕਰਦਿਆਂ 18 ਸਾਲ ਸਜ਼ਾ ਦੇਣ ਦੀ ਮੰਗ ਕੀਤੀ ਸੀ।



# ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ 6 ਨਬਾਲਗਾਂ ਨੇ ਜਬਰ-ਜਨਾਹ ਦੇ ਮਾਮਲੇ ਵਿਚ ਆਪਣੇ ਆਪ ਨੂੰ ਬੇਗੁਨਾਹ ਦੱਸਿਆ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਰੈਪਿਡ ਸਿਟੀ ਵਿਚ ਜੂਨ ਵਿਚ ਇਕ ਬੇਸਬਾਲ ਟੂਰਨਾਮੈਂਟ ਦੌਰਾਨ 2 ਨਬਾਲਗ ਲੜਕੀਆਂ ਨਾਲ ਹੋਏ ਕਥਿੱਤ ਜਬਰਜਨਾਹ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ 6 ਨਬਾਲਗਾਂ ਨੇ ਆਪਣੇ ਆਪ ਨੂੰ ਨਿਰਦੋਸ਼ ਦੱਸਿਆ ਹੈ। ਉਨਾਂ ਨੇ ਇਕ ਅਦਾਲਤ ਵਿਚ ਦਾਇਰ ਅਪੀਲ ਵਿਚ ਕਿਹਾ ਹੈ ਕਿ ਉਨਾਂ ਨੇ ਨਾ ਹੀ ਜਬਰਜਨਾਹ ਕੀਤਾ ਹੈ ਤੇ ਨਾ ਹੀ ਕਿਸੇ ਦੀ ਅਜਿਹਾ ਕਰਨ ਵਿਚ ਮੱਦਦ ਕੀਤੀ ਹੈ ਤੇ ਨਾ ਹੀ ਅਜਿਹਾ ਕਰਨ ਲਈ ਕਿਸੇ ਨੂੰ ਉਕਸਾਇਆ ਹੈ। ਸਟੇਟ ਅਟਾਰਨੀ ਦੇ ਦਫਤਰ ਅਨੁਸਾਰ ਦੋਨਾਂ ਪੀੜਤ ਕੁੜੀਆਂ ਦੀ ਉਮਰ 16 ਸਾਲ ਹੈ। ਪੈਨਿੰਗਟਨ ਕਾਊਂਟੀ ਦੀ ਅਦਾਲਤ ਦੇ ਦਸਤਾਵੇਜਾਂ ਅਨੁਸਾਰ 6 ਨਬਾਲਗਾਂ ਵਿਰੁੱਧ ਇਸ ਸਾਲ ਅਗਸਤ ਵਿਚ ਦੋਸ਼ ਪੱਤਰ ਦਾਇਰ ਕੀਤਾ ਗਿਆ ਸੀ। ਇਨਾਂ 6 ਨਬਾਲਗਾਂ ਵਿਚ ਹਡਸਨ ਹੇਲੇ (18), ਲਾਨਡਨ ਵਾਡੈਲ (19), ਪੇਅਟਨ ਮੰਡੇਲ (17), ਲਿਨਕੋਲਨ ਬੇਟਸ (18), ਕਾਰਟਰ ਮਿਲਰ (18) ਤੇ ਕਾਰਟਰ ਸਿਬਸਨ (17) ਸ਼ਾਮਿਲ ਹਨ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਸਮੂਹਿਕ ਹੱਤਿਆਵਾਂ ਦੀਆਂ ਧਮਕੀਆਂ ਦੇਣ ਵਾਲਾ ਨੌਜਵਾਨ ਗ੍ਰਿਫਤਾਰ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)**– ਅਮਰੀਕਾ ਦੇ ਫਲੋਰਿਡਾ ਰਾਜ ਦੇ ਦੱਖਣ ਵਿਚ ਇਕ ਟਰੱਕ ਵਿਚੋਂ ਧਮਕੀਆਂ ਭਰੇ ਲਿਖਤੀ ਨੋਟ ਮਿਲਣ ਉਪਰੰਤ ਟਰੱਕ ਦੇ ਡਰਾਈਵਰ ਇਕ 19 ਸਾਲਾ ਨੌਜਵਾਨ ਨੂੰ ਗ੍ਰਿਫਤਾਰ ਕਰ ਲੈਣ ਦੀ ਰਿਪੋਰਟ ਹੈ। ਪਾਮ ਬੀਚ ਕਾਊਂਟੀ ਦੇ ਸ਼ੈਰਿਫ ਦਫਤਰ ਦੇ ਇਕ ਹਲਫੀਆ ਬਿਆਨ ਅਨੁਸਾਰ ਇਕ ਟਰੈਫਿਕ ਸਟਾਪ 'ਤੇ ਆਮ ਵਾਂਗ ਛਾਣਬੀਣ ਦੌਰਾਨ ਹੈਨਰੀ ਹੋਰਟਨ ਨਾਮੀ ਨੌਜਵਾਨ ਜਿਸ ਪਿਕ ਅੱਪ ਟਰੱਕ ਨੂੰ ਚਲਾ ਰਿਹਾ ਸੀ, ਉਸ ਵਿਚੋਂ ਕਈ ਲਿਖਤੀ ਪੱਤਰ ਬਰਾਮਦ ਹੋਏ ਜਿਨਾਂ ਵਿਚ ਹਥਿਆਰ ਖਰੀਦਣ ਤੇ ਉਪਰੰਤ ਓਕੀਕੋਬੀ ਹਾਈ ਸਕੂਲ ਦੇ ਹਰ ਵਿਅਕਤੀ ਨੂੰ ਮਾਰ ਦੇਣ ਦੀ ਯੋਜਨਾ ਦਾ ਜਿਕਰ ਕੀਤਾ ਗਿਆ ਸੀ। ਹੋਰਟਨ ਨੇ ਮਈ 2022 ਵਿਚ ਓਕੀਕੋਬੀ ਕਾਊਂਟੀ ਵਿਚ ਸਥਿੱਤ ਉਕਤ ਹਾਈ ਸਕੂਲ ਤੋਂ ਗਰੈਜੂਏਸ਼ਨ ਕੀਤੀ ਸੀ। ਹਲਫੀਆ ਬਿਆਨ ਅਨੁਸਾਰ ਹੋਰਟਨ ਨੇ ਗ੍ਰਿਫਤਾਰੀ ਉਪਰੰਤ ਪੁਲਿਸ ਨੂੰ ਦੱਸਿਆ ਕਿ ਉਸ ਨੂੰ ਕੁਝ ਸਮਾਂ ਪਹਿਲਾਂ ਦਿਮਾਗੀ ਸਮੱਸਿਆ ਪੈਦਾ ਹੋਈ ਸੀ ਤੇ ਉਸ ਦੇ ਦਿਮਾਗ ਵਿਚ ਸਮੂਹਿਕ ਹੱਤਿਆਵਾਂ ਕਰਨ ਦੇ ਵਿਚਾਰ ਆਉਂਦੇ ਹਨ। ਉਹ ਆਪਣੇ 22 ਵੇਂ ਜਨਮ ਦਿਨ 'ਤੇ 2 ਜਨਵਰੀ 2026 ਨੂੰ ਹਾਈ ਸਕੂਲ ਦੇ 15 ਲੋਕਾਂ ਨੂੰ ਮਾਰਨਾ ਚਹੁੰਦਾ ਸੀ। ਪੁਲਿਸ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਉਹ ਕਿਥੇ ਜਾ ਰਿਹਾ ਸੀ ਤਾਂ ਉਸ ਨੇ ਕਿਹਾ ਉਹ ਮਿਆਮੀ ਦੇ ਇਕ ਚਰਚ ਵਿਚ ਜਾਣਾ ਚਹੁੰਦਾ ਸੀ ਜਿਥੇ ਵੀ ਉਸ ਦੀ ਸਮੂਹਿਕ ਹੱਤਿਆਵਾਂ ਕਰਨ ਦੀ ਯੋਜਨਾ ਸੀ। ਸੁਪਰਡੈਂਟ ਕੇਨ ਕੇਨਵਰਥੀ ਨੇ ਕਿਹਾ ਹੈ ਕਿ ਓਕੀਕੋਬੀ ਕਾਊਂਟੀ ਸਕੂਲ ਡਿਸਟ੍ਰਿਕਟ ਇਸ ਮਾਮਲੇ ਦੀ ਜਾਂਚ ਵਿਚ ਸ਼ੈਰਿਫ ਦਫਤਰ ਤੇ ਸਟੇਟ ਅਟਾਰਨੀ ਦਫਤਰ ਨਾਲ ਪੂਰਾ ਸਹਿਯੋਗ ਕਰ ਰਿਹਾ ਹੈ।






# ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦਾ 17ਵਾਂ ਸਥਾਪਨਾ ਦਿਵਸ ਧੂੰਮ ਧਾਮ ਨਾਲ ਮਨਾਇਆ ਗਿਆ







**ਜਲੰਧਰ–** ਪੰਜਾਬ ਬੁੱਧਿਸਟ ਸੁਸਾਇਟੀ ਰਜਿ. ਪੰਜਾਬ ਵੱਲੋਂ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦਾ 17ਵਾਂ ਸਥਾਪਨਾ ਦਿਵਸ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਵਿਖੇ ਬੜੀ ਧੂੰਮ-ਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ, ਜਿਸ ਵਿਚ ਭਿਕਸ਼ੂ ਸੰਘ ਪੰਜਾਬ ਦੇ ਇੰਚਾਰਜ ਭਿਕਸ਼ੂ ਪ੍ਰਗਿਆ ਬੋਧੀ ਅਤੇ ਭਿਕਸ਼ੂ ਦਰਸ਼ਨਦੀਪ ਨੇ ਪ੍ਰਵਚਨ ਕਰਦਿਆਂ ਕਿਹਾ ਕਿ ਤਕਸ਼ਿਲਾ ਮਹਾਂ ਬੁੱਧ ਵਿਹਾਰ ਕਾਦੀਆਂ ਦਾ ਉਦਘਾਟਨ 8 ਅਕਤੂਬਰ 2006 ਨੂੰ ਕੀਤਾ ਗਿਆ ਸੀ, ਜਿਸ ਦਾ ਅੱਜ ਸਤਾਰਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਹ ਬੁੱਧ ਵਿਹਾਰ ਮਾਨਵਤਾਵਾਦੀ ਧੰਮ ਦਾ ਪ੍ਰਚਾਰ ਅਤੇ ਪ੍ਰਸਾਰ ਅਤੇ ਭਿਕਸ਼ੂ ਟ੍ਰੇਨਿੰਗ ਸੈਂਟਰ ਵਾਸਤੇ ਸਥਾਪਤ ਕੀਤਾ ਗਿਆ ਹੈ। ਉਹਨਾਂ ਇਹ ਵੀ ਕਿਹਾ ਕਿ ਬੁੱਧ ਧੰਮ ਦੀਆਂ ਸਿੱਖਿਆਵਾਂ ਅਤੇ ਰੀਤੀ-ਰਿਵਾਜਾਂ ਨੂੰ ਸਿੱਖ ਕੇ ਉਹਨਾਂ ਨੂੰ ਅਮਲੀ ਰੂਪ ਵਿਚ ਲਾਗੂ ਕਰਨਾ ਸਾਰੇ ਉਪਾਸਕ ਅਤੇ ਉਪਾਸਿਕਾਵਾਂ ਦਾ ਫਰਜ਼ ਬਣਦਾ ਹੈ।

ਇਸ ਮੌਕੇ ਤੇ ਐਡਵੋਕੇਟ ਹਰਭਜਨ ਸਾਂਪਲਾ, ਪ੍ਰਧਾਨ ਪੰਜਾਬ ਬੁੱਧਿਸਟ ਸੁਸਾਇਟੀ ਰਜਿ. ਪੰਜਾਬ ਨੇ ਤਕਸ਼ਿਲਾਮਹਾਂ ਬੁੱਧ ਵਿਹਾਰ ਕਾਦੀਆਂ ਦੀ ਸਥਾਪਨਾ ਉਪਰ ਸਾਰਿਆਂ ਨੂੰ ਵਧਾਈ ਦਿੱਤੀ ਅਤੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਨੂੰ ਸੁਚਾਰੂ ਤਰੀਕੇ ਨਾਲ ਚਲਾਉਣ ਲਈ ਭਿਕਸ਼ੂ ਸੰਘ ਦਾ ਧੰਨਵਾਦ ਕੀਤਾ। ਉਹਨਾਂ ਦੱਸਿਆ ਕਿ ਧੰਮ ਚੱਕਰ ਪਰਵਤਨ ਦਿਵਸ ਅਤੇ ਅਸ਼ੋਕਾ ਵਿਜੈ ਦਸਮੀ ਮਿਤੀ 24 ਅਕਤੂਬਰ 2023 ਨੂੰ ਸਵੇਰੇ 10 ਵਜੇ ਤਕਸ਼ਿਲਾ ਮਹਾਂ ਬੁੱਧ ਵਿਹਾਰ ਵਿਖੇ ਬਹੁਤ ਧੂੰਮਧਾਮ ਨਾਲ ਮਨਾਇਆ ਜਾ ਰਿਹਾ ਹੈ ਅਤੇ ਇਸ ਪ੍ਰੋਗਰਾਮ ਤੋਂ ਬਾਅਦ ਪੰਜਾਬ ਬੁੱਧਿਸਟ ਸੁਸਾਇਟੀ ਰਜਿ. ਪੰਜਾਬ ਦੇ ਅਹੁਦੇਦਾਰਾਂ ਦੀ ਚੋਣ ਕੀਤੀ ਜਾਵੇਗੀ। ਇਸ ਮੌਕੇ ਤੇ ਸ੍ਰੀ ਰਾਮਦਾਸ ਗੁਰੂ, ਬਲਵਿੰਦਰ ਕੁਮਾਰ, ਗੁਰ-ਪ੍ਰਸ਼ਾਦ, ਅਜੈ ਕੁਮਾਰ, ਨਵਜੀਤ ਚੌਹਾਨ, ਇੰਜੀਨੀਅਰ ਓਮ ਪ੍ਰਕਾਸ਼, ਜਤਿੰਦਰ ਕੁਮਾਰ ਅਤੇ ਹੋਰ ਬਹੁਤ ਸਾਰੇ ਉਪਾਸਕ ਅਤੇ ਉਪਾਸਿਕਾਵਾਂ ਹਾਜ਼ਰ ਸਨ। ਇਸ ਮੌਕੇ 'ਤੇ ਉਪਾਸਕਾਂ ਵੱਲੋਂ ਭੋਜਨਦਾਨ ਕੀਤਾ ਗਿਆ ਅਤੇ ਰਾਤ ਵੇਲੇ ਦੀਪਮਾਲਾ ਕੀਤੀ ਗਈ।

# ਅਮਰੀਕਾ ਵਿਚ 77 ਸਾਲਾ ਸੇਵਾ ਮੁਕਤ ਯੁਨੀਵਰਸਿਟੀ ਡੀਨ ਦੀਆਂ ਗੋਲੀਆਂ ਮਾਰ ਕੇ ਹੱਤਿਆ, ਗੋਲੀ ਸਿਰ ਵਿਚ ਮਾਰੀ ਗਈ- ਡਾਕਟਰਾਂ ਨੇ ਕੀਤੀ ਪੁਸ਼ਟੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਵਿਚ ਵਰਮਾਊਂਟ ਸਟੇਟ ਯੁਨੀਵਰਸਿਟੀ ਦੀ ਇਕ ਸੇਵਾ ਮੁਕਤ ਡੀਨ ਦੀ ਗੋਲੀਆਂ ਮਾਰ ਕੇ ਹੱਤਿਆ ਕਰਨ ਦੇਣ ਦੀ ਖਬਰ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਾਬਕਾ ਡੀਨ 77 ਸਾਲਾ ਆਨੋਰੀ ਫਲੇਮਿੰਗ ਦੀ ਵਰਮਾਊਂਟ ਸਟੇਟ ਯੁਨੀਵਰਸਿਟੀ ਕੈਲਸਟਨ ਕੈਂਪਸ ਨੇੜੇ ਹੱਤਿਆ ਕੀਤੀ ਗਈ ਜਿਥੇ ਉਸ ਨੇ ਕੰਮ ਕੀਤਾ ਤੇ ਸਿੱਖਿਆ ਦੇ ਖੇਤਰ ਵਿਚ ਅਗਵਾਈ ਕੀਤੀ। ਵਰਮਾਊਂਟ ਸਟੇਟ ਪੁਲਿਸ ਅਨੁਸਾਰ ਸਮਝਿਆ ਜਾਂਦਾ ਹੈ ਕਿ ਆਨੋਰੀ ਫਲੇਮਿੰਗ ਜੋ ਪੁਲੀਟਜ਼ਰ



ਪੁਰਸਕਾਰ ਜੇਤੂ ਲੇਖਿਕ ਰੋਨ ਪਾਵਰਜ ਦੀ ਪਤਨੀ ਸੀ, ਯੁਨੀ-ਵਰਸਿਟੀ ਕੈਂਪਸ ਨੇੜੇ ਲੱਗਦੇ ਹਾਈਕਿੰਗ ਟਰੇਲ ਉਪਰ ਉਪਰ ਸ਼ਾਮ 4 ਵਜੇ ਦੇ ਆਸ ਪਾਸ ਪਹੁੰਚੀ ਤੇ ਇਸ ਉਪਰੰਤ ਇਕ ਘੰਟੇ ਦੇ ਵੀ ਘੱਟ ਸਮੇ ਵਿਚ ਉਹ ਮ੍ਰਿਤਕ ਹਾਲਤ ਵਿਚ ਮਿਲੀ। ਪੁਲਿਸ ਅਨੁਸਾਰ ਉਸ ਦੇ ਸਿਰ ਵਿਚ ਗੋਲੀ ਮਾਰੀ ਗਈ। ਡਾਕਟਰਾਂ ਨੇ ਇਸ ਗੱਲੀ ਦੀ ਪੁਸ਼ਟੀ ਕੀਤੀ ਹੈ ਕਿ ਫਲੇਮਿੰਗ ਦੇ ਸਿਰ ਵਿਚ ਗੋਲੀ ਦਾ ਜ਼ਖਮ ਹੈ। ਪੁਲਿਸ ਇਸ ਹਰਮਨ ਪਿਆਰੀ ਸਿੱਖਿਆ ਸ਼ਾਸ਼ਤਰੀ ਦੇ ਕਾਤਲ ਦੀ ਭਾਲ ਵਿਚ ਹੈ। ਅਜੇ ਤੱਕ ਇਸ ਮਾਮਲੇ ਵਿਚ ਕਿਸੇ ਨੂੰ ਵੀ ਗ੍ਰਿਫਤਾਰ ਨਹੀਂ ਕੀਤਾ ਜਾ ਸਕਿਆ ਤੇ ਪੁਲਿਸ ਦਾ ਕਹਿਣਾ ਹੈ ਕਿ ਇਹ ਅਚਨਚੇਤ ਵਾਪਰੀ ਘਟਨਾ ਵੀ ਹੋ ਸਕਦੀ ਹੈ ਤੇ ਇਸ ਗੱਲ ਦੀ ਵੀ ਸੰਭਾਵਨਾ ਹੈ ਕਿ ਇਹ ਹੱਤਿਆ ਗਿਣਮਿਥ ਕੇ ਕੀਤੀ ਗਈ ਹੋਵੇ। ਵਰਮਾਊਂਟ ਸਟੇਟ ਪੁਲਿਸ ਨੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਸ਼ੱਕੀ ਹੱਥਿਆਰਬੰਦ ਹੈ ਤੇ ਉਹ ਹੋਰਨਾਂ ਲਈ ਵੀ ਖਤਰਨਾਕ ਹੋ ਸਕਦਾ ਹੈ। ਇਸ ਲਈ ਲੋਕ ਚੌਕਸ ਰਹਿਣ ਤੇ ਕਿਸੇ ਵੀ ਸ਼ੱਕੀ ਵਿਅਕਤੀ ਬਾਰੇ ਪਤਾ ਲੱਗਣ 'ਤੇ ਤੁਰੰਤ ਪੁਲਿਸ ਨਾਲ ਸੰਪਰਕ ਕਰਨ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com



Golden State Truck Sales Inc.

ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ



Call :
Dharminder
Singh




Cell : 530-870-6600
Fax : (530) 870-1429
532 Houston St.
West Sacramento, CA 95691
Email: myfuturetruck@gmail.com

# ਖੇਤਰੀ ਯੁਵਕ ਤੇ ਵਿਰਾਸਤ ਮੇਲੇ 'ਚ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਦਿਆਰਥੀਆਂ ਨੇ 31 ਇਨਾਮ ਜਿੱਤਕੇ ਮਾਰੀਆਂ ਮੱਲਾਂ




**ਗੜ੍ਹਸੰਕਰ (ਸਤਨਾਮ ਸਿੰਘ ਸਹੂੰਗੜਾ)–** ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਦੇ ਵਿਦਿਆਰਥੀਆਂ ਨੇ ਹੁਸ਼ਿਆਰਪੁਰ ਵਿਖੇ ਹੋਏ ਖੇਤਰੀ ਯੁਵਕ ਤੇ ਵਿਰਾਸਤ ਮੇਲੇ ਵਿਚ ਹਿੱਸਾ ਲੈ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਯੁਵਕ ਤੇ ਵਿਰਾਸਤ ਮੇਲੇ ਵਿਚ ਕਾਲਜ ਦੇ ਵਿਦਿਆਰਥੀਆਂ ਨੇ ਕੁੱਲ 31 ਇਨਾਮ ਹਾਸਿਲ ਕਰਕੇ ਮੇਲੇ ਵਿਚ ਓਵਰਆਲ ਤੀਜਾ ਸਥਾਨ ਹਾਸਿਲ ਕੀਤਾ ਹੈ। ਉਨ੍ਹਾਂ ਦੱਸਿਆ ਕਿ ਵਿਦਿਆਰਥੀਆਂ ਨੇ ਲੇਖ ਲਿਖਣ, ਸਮੂਹ ਗਾਇਣ, ਗਜ਼ਲ, ਫੋਕ ਆਰਕੈਸਟਰਾ ਅਤੇ ਹੈਰੀਟੇਜ਼ ਕੁਇਜ਼ ਵਿਚ ਪਹਿਲਾ ਸਥਾਨ ਹਾਸਿਲ ਕੀਤਾ ਹੈ। ਇਸੇ ਤਰ੍ਹਾਂ ਸ਼ਬਦ, ਵਾਰ, ਕਵਿਸ਼ਰੀ, ਮਮਿਕਰੀ, ਫੋਟੋਗ੍ਰਾਫੀ, ਫੌਕ ਇੰਸਟਰੂਮੈਂਟ ਤੇ ਪੋਸਟਰ ਮੇਕਿੰਗ ਵਿਚ ਦੂਜਾ ਸਥਾਨ ਹਾਸਿਲ ਕੀਤਾ ਹੈ। ਕਵਿਤਾ ਲਿਖਣ, ਬਾਗ, ਡੀਬੇਟ, ਪੋਇਮ ਰੈਸੀਟੇਸ਼ਨ, ਕਲੀ, ਭੰਡ, ਕਲੇਅ ਮਾਡਲਿੰਗ, ਆਨ ਦੀ ਸਪਾਟ ਪੇਟਿੰਗ, ਹਿਸਟ੍ਰੋਨਿਕਸ ਤੇ ਸਟਿਲ ਲਾਈਫ ਵਿਚ ਤੀਜਾ ਸਥਾਨ ਹਾਸਿਲ ਕੀਤਾ ਹੈ। ਪ੍ਰੋ. ਲਖਵਿੰਦਰਜੀਤ ਕੌਰ ਨੇ ਦੱਸਿਆ ਕਿ ਵਿਅਕਤੀਗਤ ਇਨਾਮਾਂ ਵਿਚ 2 ਪਹਿਲੇ, 3 ਦੂਜੇ ਅਤੇ 3 ਤੀਜੇ ਸਥਾਨ ਹਾਸਿਲ ਕੀਤੇ ਹਨ। ਉਨ੍ਹਾਂ ਦੱਸਿਆ ਕਿ ਸ਼ਬਦ ਵਿਚ ਕੌਸ਼ਲ ਕੁਮਾਰ ਰਾਣਾ ਨੇ ਵਿਅਕਤੀਗਤ ਪਹਿਲਾ, ਫੌਕ ਆਰਸੈਕਸਟਰਾ ਵਿਚ ਸ਼ੁਭਾਸ਼ ਚੰਦਰ ਨੇ ਪਹਿਲਾ ਸਥਾਨ ਹਾਸਿਲ ਕੀਤਾ। ਦੂਜੇ ਸਥਾਨਾਂ ਵਿਚ ਵਾਰ ਵਿਚ ਅਮਰਜੀਤ ਸਿੰਘ, ਸਕਿੱਟ ਵਿਚ ਸੁਮਿਤੀ, ਸਮੂਹ ਗਾਇਣ ਵਿਚ ਅਮਰਜੀਤ ਸਿੰਘ ਨੇ ਦੂਜਾ ਸਥਾਨ ਹਾਸਿਲ ਕੀਤਾ ਹੈ। ਵਿਅਕਤੀਗਤ ਤੀਜੇ ਸਥਾਨ 'ਚ ਕਲੀ ਵਿਚ ਅਰਸ਼ਦੀਪ ਸਿੰਘ, ਭੰਡ ਵਿਚ ਦਮਨਵੀਰ ਤੇ ਫੌਕ ਆਰਕੈਸਟਰਾ ਵਿਚ ਮਨਪ੍ਰੀਤ ਸਿੰਘ ਨੇ ਤੀਜਾ ਸਥਾਨ ਹਾਸਿਲ ਕੀਤਾ। ਪ੍ਰੋ. ਲਖਵਿੰਦਰਜੀਤ ਕੌਰ ਕਾਰਜਕਾਰੀ ਪ੍ਰਿੰਸੀਪਲ ਨੇ ਵੱਖ-ਵੱਖ ਆਈਟਮਾਂ ਵਿਚ ਮੱਲਾਂ ਮਾਰਨ ਵਾਲੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆ ਭਵਿੱਖ ਵਿਚ ਵੀ ਵੱਖ-ਵੱਖ ਗਤੀਵਿਧੀਆਂ ਵਿਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਯੁਵਕ ਤੇ ਵਿਰਾਸਤ ਮੇਲੇ ਜਿਥੇ ਵਿਦਿਆਰਥੀਆਂ ਨੂੰ ਸਭਿਆਚਾਰ ਤੇ ਵਿਰਾਸਤ ਨਾਲ ਜੋੜਦੇ ਹਨ, ਉਥੇ ਵਿਦਿਆਰਥੀਆਂ ਅੰਦਰ ਛੁਪੀ ਹੋਈ ਕਲਾ ਨੂੰ ਨਿਖਾਰਨ ਦਾ ਕੰਮ ਕਰਦੇ ਹਨ। ਇਸ ਮੌਕੇ ਟੀਮ ਇੰਚਾਰਜ ਪ੍ਰੋਫੈਸਰ ਤੇ ਸਟਾਫ਼ ਮੈਂਬਰ ਹਾਜ਼ਰ ਹੋਏ।

# ਪੰਜਾਬ ਸਰਕਾਰ ਸਿੱਖਿਆ ਦੇ ਖੇਤਰ ਵਿਚ ਗੱਪਾਂ ਤੇ ਝੂਠ ਦਾ ਸਹਾਰੇ ਬੱਚਿਆਂ ਦੇ ਅਧਿਕਾਰਾਂ ਨਾਲ ਕਰ ਰਹੀ ਖਿਲਵਾੜ- ਧੀਮਾਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਮੁੱਢਲੀ ਸਿੱਖਿਆ ਰਾਇਟ ਟੂ ਐਜੂਕੇਸ਼ਨ ਐਕਟ 2009, ਮੂਲ ਸੰਵਿਧਾਨਕ ਅਧਿਕਾਰਾ ਦੀ ਧਾਰਾ 21ਏ ਦੇ ਅਧੀਨ ਆਉਂਦੀ ਹੈ । ਸਿੱਖਿਆ ਦਾ ਮਿਆਰ ਬਣਾ ਕੇ ਰੱਖਣ ਅਤੇ ਸਕੂਲ ਦਾ ਅੰਦਰਲਾ ਅਤੇ ਬਾਹਰਲੇ ਚੌਗਿਰਦੇ ਵੱਲ ਧਿਆਨ ਦੇਣਾ ਸਰਕਾਰ ਦੀ ਮੁਢੱਲੀ ਸੰਵਿਧਾਨਕ ਡਿਊਟੀ ਹੈ। ਸਰਕਾਰੀ ਮਿਡਲ ਸਮਾਰਟ ਸਕੂਲ ਜਿਆਣ ਬਲਾਕ 2 ਹੁਸ਼ਿਆਰ-ਪੁਰ ਦਾ ਸੀਵਰੇਜ ਦੇ ਗੰਦੇ ਬਦਬੂ ਮਾਰਦੇ ਪਾਣੀ ਵਿਚ ਘਿਰੇ ਹੋਣ ਕਾਰਨ ਜ਼ਿਲ੍ਹਾ ਸਿੱਖਿਆ ਵਿਭਾਗ ਤੇ ਪੰਜਾਬ ਸਰਕਾਰ ਵਲੋਂ ਧਿਆਨ ਨਾ ਦੇਣ ਨੂੰ ਲੈ ਕੇ ਬੱਚਿਆਂ ਅਤੇ ਅਧਿਆਪਕਾਂ ਦੀ ਭਲਾਈ ਲਈ ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਨੇ ਨੋਟਿਸ ਲੈਂਦਿਆਂ ਨੈਸ਼ਨਲ ਕਮਿਸ਼ਨ ਫਾਰ ਪ੍ਰੋਟੈਕਸ਼ਨ ਆਫ ਚਾਇਲਡ ਰਾਇਟਸ ਨੇ ਮਾਨਯੋਗ ਡਿਪਟੀ ਕਮਿਸ਼ਨਰ ਨੂੰ ਫਾਇਲ ਨੰਬਰ ਪੀ ਬੀ, ਐਨ ਡੀ 10174, ਐਨ. ਸੀ. ਪੀ. ਸੀ. ਆਰ, 2023-24, ਈ.ਡੀ.ਯੂ, ਡੀ.ਡੀ 9925 ਮਿਤੀ 05 ਅਕਤੂਬਰ ਨੂੰ ਈ ਮੇਲ ਕਰਕੇ 10 ਦਿਨਾਂ ਵਿਚ ਸਕੂਲ ਦੀ ਹਾਲਤ ਠੀਕ ਕਰਵਾਉਣ ਲਈ ਮੇਲ ਕੀਤੀ ਹੈ। ਧੀਮਾਨ ਨੇ ਦੱਸਿਆ ਕਿ ਸਕੂਲ ਦੇ ਅੱਗੇ ਗੰਦੇ ਪਾਣੀ ਅਤੇ ਉਸ ਦੇ ਦੁਆਲੇ ਛੱਪੜ ਦੀ ਅਤਿ ਮਾੜੀ ਸਥਿਤੀ ਹੋਣ ਕਾਰਨ ਨਾ ਤਾਂ ਸਿੱਖਿਆ ਵਿਭਾਗ ਨੇ ਕੋਈ ਧਿਆਨ ਦਿਤਾ ਅਤੇ ਨਾ ਹੀ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ ਬਲਾਕ 2 ਵਲੋਂ ਕੋਈ ਧਿਆਨ ਦਿਤਾ ਗਿਆ। ਭਾਵੇਂ ਪੰਜਾਬ ਸਰਕਾਰ ਸਿੱਖਿਆ ਦੇ ਸੁਧਾਰ ਨੂੰ ਲੈ ਕੇ ਡੀਂਗਾਂ ਮਾਰ ਰਹੀ ਹੈ। ਪਰ ਅਸਲ ਵਿਚ ਸਥਿਤੀ ਸਰਕ-ਾਰੀ ਸੱਚਾਈ ਤੋਂ ਕੋਹਾਂ ਦੂਰ ਖੜੀ ਹੈ। ਮੂਲ ਸੰਵਿਧਾਨਕ ਅਧਿਕਾਰਾਂ ਦੀ ਅਪਣੀ ਇਕ ਮਰਿਆਦਾ ਹੈ। ਪਰ ਉਸ ਦੀ ਉਲੰਘਣਾ ਕਰਨਾ ਸੰਵਿਧਾਨ ਦੀ ਅਸਲ ਭਾਵਨਾ ਦਾ ਨਿਰਾਦਰ ਕਰਨ ਬਰਾਬਰ ਹੈ। ਸੰਵਿਧਾਨ ਹੀ ਲੋਕਾਂ ਦਾ ਅਸਲੀ ਭੱਵਿਖ ਹੈ। ਧੀਮਾਨ ਨੇ ਦੱਸਿਆ ਕਿ ਸਕੂਲ ਇਕ ਵਿਦਿਆ ਦਾ ਮੰਦਰ ਹੈ। ਜਿਥੇ ਦੇਸ਼ ਦੇ ਬੱਚਿਆਂ ਦਾ ਭਵਿੱਖ ਉਸਾਰਿਆ ਜਾਂਦਾ ਹੈ। ਪਰ ਇਹ ਵਿੱਦਿਆ ਦਾ ਮੰਦਰ ਬਦਬੂ ਮਾਰਦੇ ਗੰਦੇ ਪਾਣੀ ਵਿਚ ਪਿਛਲੇ ਲੰਬੇ ਸਮੇਂ ਤੋਂ ਘਿਰਿਆ ਪਿਆ ਹੈ ਅਤੇ ਉਥੋਂ ਹਰ ਰੋਜ਼ ਹੂਟਰ ਮਾਰਦੀਆ ਪੰਜਾਬ ਸਰਕਾਰ ਦੇ ਮੰਤਰੀਆਂ ਦੀਆਂ ਗੱਡੀਆਂ ਲੰਘਦੀਆਂ ਹਨ। ਕਿਸੇ ਨੇ ਵੀ ਰੁਕ ਕੇ ਬੱਚਿਆਂ ਦਾ ਹਾਲ ਤੱਕ ਨਹੀਂ ਜਾਣਿਆ ਤੇ ਉਥੇ ਇਕ ਹੀ ਅਧਿਆਪਕ ਹੈ, ਕਿਸ ਤਰ੍ਹਾਂ ਪੜ੍ਹਾਉਂਦੇ ਹੋਣਗੇ। ਧੀਮਾਨ ਨੇ ਦੱਸਿਆ ਕਿ ਉਸੇ ਗੰਦਗੀ ਭਰੇ, ਬਦਬੂ ਮਾਰਦੇ ਹਲਾਤਾਂ ਵਿਚ ਬੱਚਿਆਂ ਦਾ ਖਾਣਾ ਬਣਦਾ ਹੈ ਤੇ ਉਥੇ ਹੀ ਬੱਚੇ ਉਹੀ ਖਾਣਾ ਖਾਂਦੇ ਹਨ। ਕਈ ਵਾਰ ਬੱਚੇ ਬੀਮਾਰ ਵੀ ਹੋ ਜਾਂਦੇ ਹਨ। ਧੀਮਾਨ ਨੇ ਕਿਹਾ ਕਿ ਮੁੱਖ



ਮੰਤਰੀ ਪੰਜਾਬ ਸਰਕਾਰੀ ਅਧਿਆਪਕਾਂ ਨੂੰ ਤਾਂ ਸਿੰਘਾਪੁਰ ਭੇਜ ਕੇ ਵਾਹ ਵਾਹ ਵਟੋਰਨ ਵਿਚ ਲੱਗੇ ਹੋਏ ਹਨ। ਅਗਰ ਸਕੂਲਾਂ ਦੀ ਹਾਲਤ ਅਗਰ ਸਿੰਘਾਪੁਰ ਟੀਚਰਾਂ ਨੂੰ ਭੇਜ ਕੇ ਸੁਧਰਦੀ ਹੋਵੇ ਤਾਂ ਸਾਰੇ ਲੋਕਾਂ ਨੂੰ ਪਿੰਡ ਵਾਇਜ ਵਿਜਟ ਕਰਵਾ ਦੇਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਇਹ ਸਭ ਸਰਕਾਰੀ ਡਰਾਮਾ ਹੈ। ਸਕੂਲ ਦੇ ਆਲੇ ਦੁਆਲੇ ਖੜਾ ਗੰਦਾ ਗੰਦਾ ਪਾਣੀ ਬੱਚਿਆਂ ਦੀ ਸਿਹਤ ਨਾਲ ਵੀ ਖਿਲਵਾੜ ਕਰ ਰਿਹਾ ਹੈ ਤੇ ਆਈ ਫਲੂ ਤੇ ਡੇਂਗੂ ਦਾ ਉਪਰੋਂ ਭਾਰੀ ਦਬਾਓ ਹੈ ਤੇ ਗੰਦਾ ਪਾਣੀ ਮੱਛਰ ਤੇ ਮੱਖੀਆਂ ਵੀ ਪੈਦਾ ਕਰ ਰਿਹਾ ਹੈ। ਸਰਕਾਰ ਫਲੈਕਸਾਂ ਲਗਾ ਕੇ ਅਧਿਆਪਕਾਂ ਨੂੰ ਨੌਕਰੀਆਂ ਦੇਣ ਦੇ ਵਾਅਦੇ ਕਰਦੀ ਹੈ। ਪਰ ਫਿਰ ਕਿਥੇ ਜਾ ਰਹੇ ਨੇ ਨਵੇਂ ਨਿਯੁਕਤ ਕੀਤੇ ਅਧਿਆਪਕ। ਇਸ ਸਕੂਲ ਵਿਚ ਪੰਜਾਬ, ਹਿੰਦੀ ਅਤੇ ਐਸ ਐਸ ਟੀ ਦੇ ਅਧਿਆਪਕਾਂ ਦੀਆਂ ਪੋਸਟਾਂ ਖਾਲੀ ਪਈਆਂ ਹਨ ਤੇ ਨਾ ਹੀ ਸਕੂਲ ਵਿਚ ਕੋਈ ਚੌਕੀਦਾਰ ਹੈ ਤੇ ਨਾ ਹੀ ਸੇਵਾਦਾਰ। ਖਾਸ ਕਰ ਸਕੂਲ ਵਿਚ ਪੰਜਾਬੀ ਮਾਂ ਬੋਲੀ ਤੇ ਹਿੰਦੀ ਰਾਸ਼ਟਰੀ ਭਾਸ਼ਾ ਤੇ ਹਿਸਟਰੀ ਤੇ ਅੰਗਰੇਜੀ ਦੀਆਂ ਪੋਸਟਾਂ ਖਾਲੀ ਰੱਖ ਕੇ ਪੰਜਾਬ ਸਰਕਾਰ ਬੱਚਿਆਂ ਦੇ ਭੱਵਿਖ ਨਾਲ ਖਿਲਵਾੜ ਕਰ ਰਹੀ ਹੈ। ਸਵਾਲ ਇਹ ਪੈਦਾ ਹੁੰਦਾ ਹੈ ਕਿ ਇਕ ਅਧਿਆਪਕ ਬੱਚਿਆਂ ਲਈ ਮਿੱਡ ਡੇ ਮੀਲ ਦਾ ਅਤੇ ਸਿੱਖਿਆ ਦਾ ਕਿਸ ਤਰ੍ਹਾਂ ਪ੍ਰਬੰਧ ਕਰੇਗਾ। ਪਰ ਜਿਹੜਾਂ ਬੱਚਿਆਂ ਦੀ ਪੜ੍ਹਾਈ ਦਾ ਨੁਕਸਾਨ ਹੋ ਰਿਹਾ ਹੈ ਉਹ ਕਦੇ ਵੀ ਪੂਰਾ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਸ਼ਰੇਆਮ ਮੂਲ ਸੰਵਿਧਾਨਕ ਅਧਿਕਾਰਾ ਦੀਆਂ ਧੱਜੀਆਂ ਉਡਾ ਕੇ ਦੇਸ਼ ਦੇ ਦੂਸਰੇ ਹਿੱਸੇ ਵਿਚ ਸਕੂਲ ਆਫ ਐਮੀਨੈਂਸ ਦਾ ਝੂਠਾ ਪ੍ਰਚਾਰ ਕਰਨ ਵਿਚ ਲੱਗੀ ਹੋਈ ਹੈ। ਧੀਮਾਨ ਨੇ ਕਿਹਾ ਕਿ ਲੱਗਦਾ ਹੈ ਕਿ ਹੁਣ ਸੁਧਾਰ ਹੋਏਗਾ ਅਤੇ ਪੰਜਾਬ ਸਰਕਾਰ ਤੋਂ ਤੁਰੰਤ ਜ਼ਿਲੇ ਵਿਚ ਸਕੂਲਾ ਦੇ ਸੁਧਾਰ ਲਈ 10 ਕਰੋੜ ਦੀ ਰਾਸ਼ੀ ਜਾਰੀ ਕਰਨ ਦੀ ਅਪੀਲ ਕੀਤੀ ਤਾ ਕਿ ਡਿਪਟੀ ਕਮਿਸ਼ਨਰ ਜੀ ਖ਼ੁਦ ਅਪਣੀ ਦੇਖ ਰੇਖ ਹੇਠ ਕੰਮ ਕਰਵਾ ਸਕਣ। ਪਰ ਹਜੇ ਤੱਕ ਵੀ ਪਨਿਆਲਾ ਉਥੇ ਦਾ ਉਥੇ ਹੀ ਹੈ।

# ਸਾਬਕਾ ਵਿਧਾਇਕ ਰਾਮ ਕ੍ਰਿਸ਼ਨ ਕਟਾਰੀਆਂ ਦਾ ਉਨ੍ਹਾਂ ਦੇ ਜੱਦੀ ਵਿੱਚ 'ਚ ਹੋਇਆ ਅੰਤਿਮ ਸੰਸਕਾਰ

## ਡਿਪਟੀ ਸਪੀਕਰ ਸਮੇਤ ਕੈਬਨਿਟ ਮੰਤਰੀਆਂ, ਆਪ ਆਗੂਆਂ ਤੇ ਹਲਕਾ ਵਾਸੀਆਂ ਨੇ ਦਿੱਤੀ ਸ਼ਰਧਾਂਜਲੀ

**ਸੜੋਆ (ਸਤਨਾਮ ਸਿੰਘ ਸਹੂੰਗੜਾ)–** ਪਿਛਲੇ ਦਿਨੀਂ ਬਲਾਚੌਰ ਹਲਕੇ ਦੀ ਸਿਆਸਤ ਦੇ ਬਾਬਾ ਬੋਹੜ ਤੇ ਬਲਾਚੌਰ ਤੋਂ ਮੌਜੂਦਾ ਵਿਧਾਇਕ ਸ਼੍ਰੀਮਤੀ ਸੰਤੋਸ਼ ਕਟਾਰੀਆ ਦੇ ਸਹੁਰਾ ਸਾਹਿਬ ਸਾਬਕਾ ਵਿਧਾਇਕ ਰਾਮ ਕਿਸ਼ਨ ਕਟਾਰੀਆ ਅਕਾਲ ਚਲਾਣਾ ਕਰ ਗਏ ਸਨ। ਅਮਰੀਕਾ ਵੱਸਦੇ ਬੇਟੇ ਦੇ ਆਉਣ ਤੇ ਅੰਤਿਮ ਸ਼ੋਕ ਯਾਤਰਾ ਪਰਿਵਾਰਕ ਮੈਂਬਰਾਂ ਤੇ ਹਜ਼ਾਰਾਂ ਪ੍ਰਸੰਸ਼ਕਾਂ ਦੀ ਹਾਜਰੀ ਵਿੱਚ ਪਿੰਡ ਗੜ੍ਹੀ ਤੋਂ ਸ਼ੁਰੂ ਹੋ ਕੇ ਬਲਾਚੌਰ ਚੌਂਕ, ਬੂਲੇਵਾਲ ਮੋੜ, ਥੋਪੀਆ ਮੋੜ, ਭੱਦੀ, ਮਝੋਟ, ਮੰਗੂਪੁਰ, ਮਾਲੇਵਾਲ, ਸਿੰਘਪੁਰ ਤੋਂ ਆਖਰੀ ਪੜਾਅ ਪੋਜੇਵਾਲ ਵਿਖੇ ਪਹੁੰਚ ਕੇ ਸਾਬਕਾ ਵਿਧਾਇਕ ਰਾਮ ਕ੍ਰਿਸ਼ਨ ਕਟਾਰੀਆ ਦਾ ਅੰਤਿਮ ਸੰਸਕਾਰ ਉਨ੍ਹਾਂ ਦੇ ਜੱਦੀ ਪਿੰਡ ਪੋਜੇਵਾਲ ਵਿਖੇ ਕੀਤਾ ਗਿਆ। ਇਸ ਤੋਂ ਪਹਿਲਾਂ ਹਲਕੇ ਦੇ ਵੱਖ-ਵੱਖ ਇਲਾਕਿਆਂ ਵਿਚੋਂ ਉਨ੍ਹਾਂ ਦੀ ਅੰਤਿਮ ਯਾਤਰਾ ਕੱਢੀ ਗਈ।

ਚਿਤਾ ਨੂੰ ਮੁੱਖਾਗਨੀ ਉਨ੍ਹਾਂ ਦੇ ਸਪੁੱਤਰ ਅਸ਼ੋਕ ਕਟਾਰੀਆ, ਡਿੰਪੀ ਕਟਾਰੀਆ ਅਤੇ ਦਿਨੇਸ਼ ਕਟਾਰੀਆ ਨੇ ਦਿੱਤੀ। ਇਸ ਦੌਰਾਨ ਉਨ੍ਹਾਂ ਦੇ ਪੋਤਰਾ ਕਰਨਵੀਰ ਕਟਾਰੀਆ ਅਤੇ ਉਨ੍ਹਾਂ ਦੀ ਨੂੰਹ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆ ਸਮੇਤ ਭਾਰੀ ਗਿਣਤੀ ਵਿੱਚ ਹਲਕਾ ਅਤੇ ਪਿੰਡ ਵਾਸੀ ਮੌਜੂਦ ਸਨ। ਉਨ੍ਹਾਂ ਦੀ ਅੰਤਿਮ ਯਾਤਰਾ ਵਿੱਚ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਜੈ ਕ੍ਰਿਸ਼ਨ ਸਿੰਘ ਰੌੜੀ, ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ, ਕੈਬਨਿਟ ਮੰਤਰੀ ਕੁਲਦੀਪ ਸਿੰਘ ਧਾਲੀਵਾਲ, ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ, ਕੈਬਨਿਟ ਮੰਤਰੀ



ਹਰਪਾਲ ਸਿੰਘ ਚੀਮਾ, ਵਿਧਾਇਕ ਸਾਹਨੇਵਾਲ ਹਰਦੀਪ ਸਿੰਘ ਮੁੰਡੀਆਂ, ਸਾਬਕਾ ਵਿਧਾਇਕ ਬਲਾਚੌਰ ਦਰਸ਼ਨ ਲਾਲ ਮੰਗੂਪੁਰ ਵਲੋਂ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ ਅਤੇ ਉਨ੍ਹਾਂ ਪਰਿਵਾਰਕ ਮੈਂਬਰਾਂ ਦੇ ਨਾਲ ਦੁੱਖ ਸਾਂਝਾ ਕੀਤਾ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ, ਐਸ.ਐਸ.ਪੀ ਡਾ. ਅਖਿਲ ਚੌਧਰੀ, ਵਧੀਕ ਡਿਪਟੀ ਕਮਿਸ਼ਨਰ (ਜ) ਰਾਜੀਵ ਵਰਮਾ, ਐਸ.ਡੀ.ਐਮ ਬਲਾਚੌਰ ਵਿਕਰਮਜੀਤ ਸਿੰਘ ਪਾਂਥੇ, ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਸਤਨਾਮ ਸਿੰਘ ਜਲਵਾਹਾ, ਮਾਰਕਿਟ ਕਮੇਟੀ ਦੇ ਚੇਅਰਮੈਨ ਗਗਨ ਅਗਨੀਹੋਤਰੀ, ਜ਼ਿਲ੍ਹਾ ਯੋਜਨਾ ਕਮੇਟੀ ਦੇ ਪ੍ਰਧਾਨ ਸਤਨਾਮ ਸਿੰਘ ਜਲਾਲਪੁਰ, ਆਪ ਸੀਨੀਅਰ ਆਗੂ ਹਰਜੋਤ ਲੋਹਟੀਆ, ਹਲਕਾ ਇੰਚਾਰਜ ਨਵਾਂਸ਼ਹਿਰ ਲਲਿਤ ਮੋਹਨ ਪਾਠਕ, ਹਲਕਾ ਇੰਚਾਰਜ ਬੰਗਾ ਕੁਲਜੀਤ ਸਿੰਘ ਸਰਹਾਲ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਹਲਕਾ ਵਾਸੀ ਮੌਜੂਦ ਸਨ।

# ਸਰਕਾਰੀ ਤੇ ਗ਼ੈਰ ਸਰਕਾਰੀ ਸੰਸਥਾਵਾਂ ਦੇ ਬੋਰਡ ਪੰਜਾਬੀ ਭਾਸ਼ਾ 'ਚ ਲਿਖੇ ਜਾਣ ਦੀ ਮਿਆਦ 'ਚ 21 ਨਵੰਬਰ ਤੱਕ ਵਾਧਾ - ਜ਼ਿਲ੍ਹਾ ਭਾਸ਼ਾ ਅਫ਼ਸਰ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਸਰਕਾਰ ਵਲੋਂ ਸੂਬੇ ਅੰਦਰ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਅਤੇ ਪੂਰਾ ਮਾਣ- ਸਨਮਾਨ ਦੇਣ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਭਾਸ਼ਾ ਅਫ਼ਸਰ ਸੰਦੀਪ ਸਿੰਘ ਨੇ ਦੱਸਿਆ ਕਿ ਪੰਜਾਬ ਰਾਜ ਭਾਸ਼ਾ ਐਕਟ ਇਹ ਯਕੀਨੀ ਬਣਾਉਂਦਾ ਹੈ ਕਿ ਪੰਜਾਬ ਰਾਜ ਅੰਦਰ ਸਾਰੇ ਸਰਕਾਰੀ ਅਤੇ ਅਰਧ ਸਰਕਾਰੀ ਦਫ਼ਤਰਾਂ, ਬੋਰਡਾਂ ਅਤੇ ਕਾਰਪੋਰੇਸ਼ਨਾਂ ਦਾ ਸਾਰਾ ਦਫ਼ਤਰੀ ਕੰਮ-ਕਾਜ ਪੰਜਾਬੀ ਵਿੱਚ ਕਰਨਾ ਯਕੀਨੀ ਬਣਾਇਆ ਜਾਵੇ।

ਪ੍ਰਮੁੱਖ ਸਕੱਤਰ ਪੰਜਾਬ ਸਰਕਾਰ ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ ਵੱਲੋਂ ਜਾਰੀ ਆਦੇਸ਼ਾਂ ਰਾਹੀਂ 21 ਫ਼ਰਵਰੀ 2023 ਤੱਕ ਪੰਜਾਬ ਰਾਜ ਦੇ ਗ਼ੈਰ-ਸਰਕਾਰੀ ਸੰਸਥਾਵਾਂ, ਪਬਲਿਕ ਅਤੇ ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰਿਆਂ ਦੇ ਨਾਮ ਅਤੇ ਸੜਕਾਂ ਦੇ ਨਾਮ, ਨਾਮ ਪੱਟੀਆਂ, ਮੀਲ ਪੱਥਰ, ਸਾਈਨ ਬੋਰਡ ਪੰਜਾਬੀ ਭਾਸ਼ਾ/ ਗੁਰਮੁਖੀ ਲਿਪੀ ਵਿੱਚ ਲਿਖੇ ਜਾਣ ਦੇ ਹੁਕਮ ਜਾਰੀ ਕੀਤੇ ਗਏ ਸਨ। ਇਸ ਦੇ ਨਾਲ਼ ਹੀ ਇਹ




ਵੀ ਸਪਸ਼ਟ ਕੀਤਾ ਗਿਆ ਸੀ ਕਿ ਅਜਿਹਾ ਕਰਦੇ ਸਮੇਂ ਸਭ ਤੋਂ ਉਪਰ ਪੰਜਾਬੀ ਭਾਸ਼ਾ/ ਗੁਰਮੁਖੀ ਲਿਪੀ ਵਿਚ ਲਿਖਿਆ ਜਾਵੇ ਅਤੇ ਜੇਕਰ ਕਿਸੇ ਹੋਰ ਭਾਸ਼ਾ ਵਿਚ ਲਿਖਣਾ ਹੋਵੇ ਤਾਂ ਹੇਠਾਂ ਦੂਸਰੀ ਭਾਸ਼ਾ ਵਿਚ ਲਿਖਿਆ ਜਾਵੇ। ਇਨ੍ਹਾਂ ਹਦਾਇਤਾਂ ਵਿੱਚ ਸਰਕਾਰੀ ਅਦਾਰਿਆਂ ਤੋਂ ਇਲਾਵਾ ਗ਼ੈਰ- ਸਰਕਾਰੀ, ਪ੍ਰਾਈਵੇਟ ਦੁਕਾਨਾਂ ਅਤੇ ਵਪਾਰਕ ਅਦਾਰੇ ਵੀ ਆਪੋ-ਆਪਣੇ ਸਾਈਨ ਬੋਰਡ ਪੰਜਾਬੀ ਭਾਸ਼ਾ ਵਿਚ ਲਿਖੇ ਜਾਣ ਦੇ ਨਿਰਦੇਸ਼ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਨਵੀਂਆਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਮੁੱਖ ਬੋਰਡ ਇਸ ਤਰਤੀਬ ਅਨੁਸਾਰ ਕਰਵਾਉਣ ਲਈ ਮਿੱਥੀ ਗਈ ਸਮਾਂ ਸੀਮਾ ਦੀ ਮਿਆਦ ਵਧਾ ਕੇ 21 ਨਵੰਬਰ 2023 ਕਰ ਦਿੱਤੀ ਗਈ ਹੈ। ਉਨ੍ਹਾਂ ਜ਼ਿਲ੍ਹਾ ਵਾਸੀਆਂ ਨੂੰ ਪੁਰਜ਼ੋਰ ਅਪੀਲ ਕਰਦਿਆਂ ਕਿਹਾ ਕਿ ਪੰਜਾਬੀ ਭਾਸ਼ਾ ਨੂੰ ਪ੍ਰਫੁਲਿਤ ਕਰਨ ਲਈ ਆਪਣੀ ਨੈਤਿਕ ਜ਼ਿੰਮੇਵਾਰੀ ਸਮਝਦੇ ਹੋਏ ਇਸ ਕਾਰਜ ਲਈ ਪੂਰਨ ਸਹਿਯੋਗ ਦਿੱਤਾ ਜਾਵੇ। ਸੂਚਨਾ ਅਤੇ ਮੁੱਖ ਬੋਰਡ ਲਿਖਣ ਸਮੇਂ ਪੰਜਾਬੀ ਸ਼ਬਦ-ਜੋੜਾਂ ਦਾ ਵੀ ਵਿਸ਼ੇਸ਼ ਧਿਆਨ ਰੱਖਿਆ ਜਾਵੇ।

# ਅਮਰੀਕਾ ਦੇ ਕਨੈਕਟੀਕਟ 'ਚ ਵਿਦਿਆਰਥੀਆਂ ਨੂੰ ਪੜਾਇਆ ਜਾਵੇਗਾ ਸਿੱਖ ਧਰਮ

## ਸਿਲੇਬਸ ਵਿਚ ਸਿੱਖ ਧਰਮ ਨੂੰ ਸ਼ਾਮਲ ਕਰਨ ਵਾਲਾ ਅਮਰੀਕਾ ਦਾ 18ਵਾਂ ਸੂਬਾ ਬਣਿਆ ਕਨੈਕਟੀਕਟ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)–** ਅਮਰੀਕਾ ਵਿੱਚ ਕਨੈਕਟੀਕਟ ਸਟੇਟ ਬੋਰਡ ਆਫ਼ ਐਜੂਕੇਸ਼ਨ ਨੇ ਆਪਣੇ ਨਵੇਂ ਸਮਾਜਿਕ ਅਧਿਐਨ ਮਿਆਰਾਂ ਵਿੱਚ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਇੱਕ ਕਦਮ ਚੁੱਕਿਆ ਹੈ। ਇਹ ਨਵੇਂ ਮਾਪਦੰਡ, ਰਾਜ ਵਿੱਚ ਪਹਿਲੀ ਵਾਰ, ਕਨੈਕਟੀਕਟ ਵਿੱਚ ਲਗਭਗ 5,14,000 ਵਿਦਿਆਰਥੀਆਂ ਨੂੰ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਦੇਣਗੇ ।ਨੌਰਵਿਚ ਸਿਟੀ ਕੌਂਸਲਮੈਨ ਸਵਰਨਜੀਤ ਸਿੰਘ ਨੇ ਕਿਹਾ, ਇਹ ਨਵੇਂ ਮਾਪਦੰਡ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਸਿੱਖਿਆ ਦੇ ਤਿੰਨੋਂ ਪੱਧਰਾਂ 'ਤੇ ਸਿੱਖ ਭਾਈਚਾਰੇ ਬਾਰੇ ਜਾਣਨ ਦਾ ਮੌਕਾ ਪ੍ਰਦਾਨ ਕਰਨਗੇ। ਸਿੱਖ ਕੁਲੀਸ਼ਨ ਵੱਲੋਂ ਜਾਰੀ ਇੱਕ ਬਿਆਨ ਵਿੱਚ ਸਵਰਨਜੀਤ ਸਿੰਘ ਨੇ ਕਿਹਾ, "ਸਿੱਖ ਇਤਿਹਾਸ ਬਾਰੇ ਕਲਾਸ ਰੂਮ ਦੀਆਂ ਹਦਾਇਤਾਂ ਅਤੇ ਛੋਟੀ ਉਮਰ ਤੋਂ ਹੀ ਯੋਗਦਾਨ ਸਾਡੇ ਵਿਦਿਆਰਥੀਆਂ ਲਈ ਇੱਕ ਸੁਰੱਖਿਅਤ ਮਾਹੌਲ ਸਿਰਜਣ ਵਿੱਚ ਮਹੱਤਵਪੂਰਨ ਹਨ। ਆਉਣ ਵਾਲੇ ਸਾਲਾਂ ਵਿੱਚ ਨਵੇਂ ਮਾਪਦੰਡਾਂ ਨੂੰ ਲਾਗੂ ਕਰਨਾ ਸ਼ੁਰੂ ਹੋ ਜਾਵੇਗਾ। ਇੱਕ ਮੀਡੀਆ ਰੀਲੀਜ਼ ਵਿੱਚ ਕਿਹਾ ਗਿਆ ਹੈ ਕਿ ਸਿੱਖ ਕੁਲੀਸ਼ਨ ਇਸ ਪ੍ਰਕਿਰਿਆ ਦੌਰਾਨ ਸਿੱਖਿਆ ਵਿਭਾਗ ਦੇ ਕਨੈਕਟੀਕਟ ਨਾਲ ਮਿਲ ਕੇ ਕੰਮ ਕਰਨਾ ਜਾਰੀ ਰੱਖੇਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਸਿੱਖੀ ਨੂੰ ਰਾਜ ਭਰ ਵਿੱਚ ਸਫਲਤਾ-ਪੂਰਵਕ ਕਲਾਸਰੂਮਾਂ ਵਿੱਚ ਬਣਾਇਆ ਜਾਵੇ। ਇਸ ਦੇ ਨਾਲ, ਕਨੈਕਟੀਕਟ ਰਾਜਾਂ ਦੀ ਵਧਦੀ ਸੂਚੀ ਵਿੱਚ ਅਠਾਰਵਾਂ ਰਾਜ ਬਣ ਗਿਆ ਹੈ ਜਿਸਨੇ ਸਿੱਖ ਕੁਲੀਸ਼ਨ ਨਾਲ ਮਿਲ ਕੇ ਆਪਣੇ




ਪਬਲਿਕ ਸਕੂਲ ਸਮਾਜਿਕ ਅਧਿਐਨ ਦੇ ਮਿਆਰਾਂ ਵਿੱਚ ਸਿੱਖਾਂ ਬਾਰੇ ਸਹੀ ਜਾਣਕਾਰੀ ਸ਼ਾਮਲ ਕਰਨ ਲਈ ਕੰਮ ਕੀਤਾ ਹੈ।

ਵਿਗਿਆਨ ਦੇ ਪਾਠਕ੍ਰਮ ਦਾ ਹਿੱਸਾ ਬਣਾਉਣ ਲਈ ਸਿੱਖ ਕਲੀਸ਼ਨ ਨਾਲ ਹੱਥ ਮਿਲਾਉਣ ਵਾਲਾ ਕਨੈਕਟੀਕਟ ਅਮਰੀਕਾ ਦਾ 18ਵਾਂ ਸੂਬਾ ਬਣ ਗਿਆ ਹੈ। ਜੂਨ ਵਿਚ ਵਾਸ਼ਿੰਗਟਨ ਨੇ ਸਕੂਲੀ ਪਾਠਕ੍ਰਮ ਵਿਚ ਸਿੱਖ ਧਰਮ ਨੂੰ ਸ਼ਾਮਲ ਕੀਤਾ ਸੀ। ਇਸ ਨਾਲ ਸੂਬੇ ਦੇ 25 ਕਰੋੜ ਤੋਂ ਵੱਧ ਵਿਦਿਆਰਥੀਆਂ ਨੂੰ ਵਧੇਰੇ ਸਮਾਵੇਸ਼ੀ ਅਤੇ ਸੰਪੂਰਨ ਸਿਖਿਆ ਪ੍ਰਦਾਨ ਕਰਨ ਦੀ ਪਹਿਲਕਦਮੀ ਨੂੰ ਹੁਲਾਰਾ ਮਿਲਿਆ। ਸਿੱਖ ਧਰਮ ਦੁਨੀਆਂ ਦੇ ਸੱਭ ਤੋਂ ਵੱਡੀ ਧਰਮਾਂ ਵਿਚੋਂ ਇਕ ਹੈ ਅਤੇ ਇਸ ਭਾਈਚਾਰੇ ਦੇ ਮੈਂਬਰਾਂ ਨੇ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਦਵਾਈ ਦੇ ਖੇਤਰਾ ਵਿਚ 125 ਸਾਲਾਂ ਤੋਂ ਵੱਧ ਸਮੇਂ ਤੇ ਅਮਰੀਕੀ ਸਮਾਜ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਸਿੱਖ ਧਰਮ ਦੁਨੀਆ ਦੇ ਸਭ ਤੋਂ ਵੱਡੇ ਧਰਮਾਂ ਵਿੱਚੋਂ ਇੱਕ ਹੈ ਅਤੇ ਭਾਈਚਾਰੇ ਦੇ ਮੈਂਬਰਾਂ ਨੇ ਨਾਗਰਿਕ ਅਧਿਕਾਰਾਂ, ਰਾਜਨੀਤੀ, ਖੇਤੀਬਾੜੀ, ਇੰਜੀਨੀਅਰਿੰਗ ਅਤੇ ਦਵਾਈ ਦੇ ਖੇਤਰਾਂ ਵਿੱਚ 125 ਸਾਲਾਂ ਤੋਂ ਅਮਰੀਕੀ ਸਮਾਜ ਵਿੱਚ ਯੋਗਦਾਨ ਪਾਇਆ ਹੈ। ਸਵਰਨਜੀਤ ਸਿੰਘ ਖਾਲਸਾ ਨੇ ਨੌਰਵਿਚ ਸਿਟੀ ਕੌਂਸਲ ਮੈਂਬਰ ਨੇ ਨਵੇਂ ਸਮਾਜਿਕ ਅਧਿਐਨ ਪਾਠਕ੍ਰਮ ਨੂੰ ਮਨਜ਼ੂਰੀ ਦੇਣ ਲਈ ਸਟੇਟ ਡਿਪਾਰਟਮੈਂਟ ਆਫ ਐਜੂਕੇਸ਼ਨ ਦਾ ਧੰਨਵਾਦ ਕੀਤਾ ਜਿਸ ਵਿੱਚ ਸਿੱਖ ਧਰਮ ਸ਼ਾਮਲ ਹੋਵੇਗਾ। ਦੱਸਣਯੋਗ ਹੈ ਕਿ ਸਿੱਖ ਧਰਮ ਨੂੰ ਸ਼ਾਮਲ ਕਰਨ ਲਈ ਪਹਿਲੀ ਮੀਟਿੰਗ ਨੌਰਵਿਚ ਪਬਲਿਕ ਸਕੂਲਾਂ ਵਿੱਚ ਹੋਈ। ਸਿੱਖ ਕੁਲੀਸ਼ਨ ਕਨੈਕਟੀਕਟ ਦੇ ਸਿੱਖ ਭਾਈਚਾਰੇ ਦੇ ਨਾਲ 5 ਸਾਲਾਂ ਦੇ ਲਗਾਤਾਰ ਯਤਨਾਂ ਨੇ ਇਸ ਟੀਚੇ ਨੂੰ ਪ੍ਰਾਪਤ ਕਰਨ ਵਿੱਚ ਮਦਦ ਕੀਤੀ।

# ਮੌਜੂਦਾ ਦੌਰ ਦੀ ਜ਼ਿੰਦਗੀ ਦੇ ਯਥਾਰਥ ਨੂੰ ਹਾਸੇ-ਹਾਸਿਆਂ 'ਚ ਪੇਸ਼ ਕਰਦੀ ਫ਼ਿਲਮ

**ਸਿਆਟਲ–** ਫਿਲਮ ਪਿੰਡ ਅਮਰੀਕਾ ਅੱਜ ਕੱਲ ਕਨੇਡਾ, ਅਮਰੀਕਾ ਅਤੇ ਪੰਜਾਬ ਦੇ 100 ਤੋਂ ਵੱਧ ਸਿਨੇਮਿਆਂ, ਥੀਏਟਰਾਂ ਚ ਚੱਲ ਰਹੀ ਹੈ। ਇਸਨੂੰ ਸਾਰੇ ਹੀ ਥਾਂਵਾਂ ਤੇ ਭਰਪੂਰ ਹੁੰਗਾਰਾ ਮਿਲ ਰਿਹਾ ਹੈ।ਇਹ ਇੱਕ ਪਰਿਵਾਰਿਕ ਅਤੇ ਬਹੁਤ ਹੀ ਸਾਫ ਸੁਥਰੀ ਫ਼ਿਲਮ ਹੈ ਜਿਸਨੂੰ ਤੁਸੀਂ ਆਪਣੇ ਪਰਿਵਾਰ ਨਾਲ ਬਹਿ ਕੇ ਦੇਖ ਸਕਦੇ ਹੋ।ਇਹਦੇ ਵਿੱਚ ਕੋਈ ਵੀ ਫੂਹੜ ਕਮੇਡੀ ਨਹੀਂ ਹੈ।ਆਮ ਗੱਲਾਂ ਬਾਤਾਂ ਵਿੱਚੋਂ ਹੀ ਨਿਕਲਦੀ ਕਮੇਡੀ ਹੈ।ਸਰੀ-ਵੈਨਕੂਵਰ, ਸਿਆਟਲ ਦੇ ਬਹੁਤ ਸਾਰੇ ਲੋਕਲ ਕਲਾਕਾਰਾਂ ਨੇ ਵੀ ਇਸ ਵਿੱਚ ਹਿੱਸਾ ਲਿਆ ਹੈ।ਇਹ ਫਿਲਮ ਬੇਹਤਰ ਜ਼ਿੰਦਗੀ ਦੀ ਭਾਲ ਵਿੱਚ ਅਮਰੀਕਾ ਆ ਵੱਸੀ ਨੌਜਵਾਨ ਪੀੜ੍ਹੀ ਅਤੇ ਇੰਡੀਆ ਤੋਂ ਸੱਦੇ ਮਾਂ_ਬਾਪ ਦੀ ਜੱਦੋ ਜਹਿਦ ਨੂੰ ਜ਼ਾਹਿਰ ਕਰਦਿਆਂ ਘਰ_ਘਰ ਦੀ ਕਹਾਣੀ ਹੈ।ਫਿਲਮ ਦੇ ਪ੍ਰੋਡਿਊਸਰ ਸਿਆਟਲ ਦੀ ਜਾਣੀ ਪਛਾਣੀ ਹਸਤੀ ਡਾਕਟਰ ਹਰਚੰਦ ਸਿੰਘ ਜੀ ਅਤੇ ਲੇਖਕ,ਡਾਇਰੈਕਟਰ ਸ. ਸਿਮਰਨ ਸਿੰਘ ਜੀ




ਹਨ।ਪੰਜਾਬੀ ਅੰਗਰੇਜ਼ੀ ਫ਼ਿਲਮਾਂ ਦੇ ਪ੍ਰਸਿੱਧ ਕਲਾਕਾਰ ਬੀ.ਕੇ. ਰਾਖੜਾ, ਅਮਰ ਨੂਰੀ, ਕਮਲਜੀਤ ਨੀਰੂ,ਪ੍ਰੀਤੀ ਰਾਏ,ਰਾਜ ਸੰਧੂ,ਭਿੰਦਾ ਔਜਲਾ,ਪਰੈਟੀ ਸਾਹਨੀ,ਮਲਕੀਅਤ ਮੀਤ ਸਮੇਤ ਜਸਵੀਰ ਨਿੱਜਰ ਸਿੱਧੂ, ਇੰਦਰਜੀਤ ਬੱਲੋਵਾਲ, ਹਰਦਿਆਲ ਸਿੰਘ ਚੀਮਾ, ਕਰਨੈਲ ਕੈਲ, ਮਨਜੀਤ ਗਿੱਲ, ਰਾਜਿੰਦਰ ਕੌਰ, ਸ਼ਿੰਦਰਪਾਲ ਔਜਲਾ ਆਦਿ ਲੋਕਲ ਕਲਾਕਾਰ ਵੀ ਸ਼ਾਮਿਲ ਹਨ।ਆਪਣੀ ਖ਼ੂਬਸੂਰਤ ਅਦਾਕਾਰੀ ਨਾਲ ਇਸ ਫਿਲਮ ਚ ਹਾਜ਼ਰੀ ਲਵਾ ਚੁੱਕੇ ਸਾਹਿਤਕਾਰ ਹਰਪਾਲ ਸਿੱਧੂ ਨੇ ਦੱਸਿਆ ਕਿ ਸਾਰੀ ਦੀ ਸਾਰੀ ਫਿਲਮ ਸਿਆਟਲ ਸ਼ਹਿਰ ਅਤੇ ਆਸੇ ਪਾਸੇ ਦੇ ਇਲਾਕੇ ਵਿੱਚ ਸ਼ੂਟ ਕੀਤੀ ਗਈ ਹੈ।ਸਾਰੇ ਦੋਸਤਾਂ ਮਿੱਤਰਾਂ ਨੂੰ ਪੁਰਜ਼ੋਰ ਗੁਜ਼ਾਰਿਸ਼ ਹੈ ਕਿ ਪਰਿਵਾਰ ਸਮੇਤ ਇਸ ਫਿਲਮ ਨੂੰ ਜ਼ਰੂਰ ਦੇਖੋ ਅਤੇ ਸਮਾਜ ਦੇ ਯਥਾਰਥ ਨੂੰ ਜਾਣਨ ਦੀ ਕੋਸ਼ਿਸ਼ ਕਰੋ।

**ਮੰਗਤ ਕੁਲਜਿੰਦ, ਸੰਪਾਦਕ ਸ਼ਬਦ ਤ੍ਰਿੰਜਣ (ਬਠਿੰਡਾ),**
**ਮੋ.+1 425 286 0163**

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਡਾ. ਨਵਸ਼ਰਨ ਦਾ ਸਨਮਾਨ

**ਜਲੰਧਰ–** ਦੇਸ਼ ਭਗਤ ਯਾਦਗਾਰ ਕਮੇਟੀ ਜਲੰਧਰ ਵੱਲੋਂ ਜਮਹੂਰੀ ਹੱਕਾਂ ਦੀ ਬੁਲੰਦ ਆਵਾਜ਼, ਖੋਜੀ ਲੇਖਕ, ਰੰਗ ਕਰਮੀ ਅਤੇ ਸਮਾਜਕ ਕਾਰਕੁੰਨ ਡਾ. ਨਵਸ਼ਰਨ ਨੂੰ ਦੇਸ਼ ਭਗਤ ਯਾਦਗਾਰ ਹਾਲ ਉਚੇਚੇ ਤੌਰ 'ਤੇ ਉਹਨਾਂ ਦੀ ਸਾਹਿਤਕ, ਸਮਾਜਕ ਅਤੇ ਜਮਹੂਰੀ ਹੱਕਾਂ ਦੀ ਲਹਿਰ ਨੂੰ ਦੇਣ ਲਈ ਸਨਮਾਨਤ ਕੀਤਾ ਗਿਆ। ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਅਤੇ ਮਿਊਜ਼ੀਅਮ



ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਾਬਕਾ ਵਿੱਤ ਸਕੱਤਰ ਅਤੇ ਟਰੱਸਟੀ ਰਣਜੀਤ ਸਿੰਘ ਔਲਖ ਨੇ ਕਮੇਟੀ ਦੀ ਤਰਫ਼ੋਂ ਕਿਤਾਬਾਂ ਦਾ ਸੈੱਟ ਭੇਂਟ ਕਰਕੇ ਉਹਨਾਂ ਦਾ ਸਨਮਾਨ ਕੀਤਾ। ਕਮੇਟੀ ਦੇ ਹਾਜ਼ਰ ਨੁੰਮਾਇੰਦਿਆਂ ਨੇ ਕਿਹਾ ਕਿ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਨਮਾਨਤ ਮੈਂਬਰ ਸ਼੍ਰੋਮਣੀ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਧੀ ਡਾ. ਨਵਸ਼ਰਨ ਦਾ ਸਨਮਾਨ ਅਸਲ 'ਚ ਗ਼ਦਰ ਇਤਿਹਾਸ ਦੀਆਂ ਵਾਰਸ ਸੰਗਰਾਮਣਾਂ ਅਤੇ ਗੁਰਸ਼ਰਨ ਸਿੰਘ ਵਰਗੇ ਸਮੂਹ ਰੰਗ ਕਰਮੀਆਂ ਦਾ ਸਨਮਾਨ ਹੈ। ਕਮੇਟੀ ਦੇ ਪ੍ਰਤੀਨਿਧਾਂ ਕਿਹਾ ਕਿ ਦੇਸ਼ ਭਗਤ ਯਾਦਗਾਰ ਹਾਲ ਦੇ ਸਮੇਂ-ਸਮੇਂ ਸਮਾਗਮਾਂ, ਕੰਮਾਂ-ਕਾਰਾਂ ਵਿਸ਼ੇਸ਼ ਕਰਕੇ ਗ਼ਦਰੀ ਬਾਬਿਆਂ ਦੇ ਮੇਲੇ ਮੌਕੇ ਡਾ. ਨਵਸ਼ਰਨ ਨੇ ਉੱਤਰੀ ਭਾਰਤ ਦੇ ਇਸ ਨਿਵੇਕਲੇ ਇਨਕਲਾਬੀ ਉਤਸਵ ਵਿੱਚ ਵਿਸ਼ੇਸ਼ ਯੋਗਦਾਨ ਪਾਇਆ ਹੈ। ਜ਼ਿਕਰਯੋਗ ਹੈ ਕਿ ਡਾ.ਨਵਸ਼ਰਨ, ਦੇਸ਼ ਭਗਤ ਯਾਦਗਾਰ ਹਾਲ 'ਚ ਪੰਜਾਬ ਇਸਤਰੀ ਸਭਾ ਦੇ ਸੂਬਾਈ ਅਜਲਾਸ 'ਚ ਬਤੌਰ ਵਕਤਾ ਆਏ ਹੋਏ ਸਨ। ਡਾ. ਨਵਸ਼ਰਨ ਨੇ ਕਿਹਾ ਕਿ ਗ਼ਦਰ ਅਤੇ ਆਜ਼ਾਦੀ ਦੀ ਭੁੱਲੀ-ਵਿਸਰੀ ਤਵਾਰੀਖ ਨੂੰ ਲਾਇਬ੍ਰੇਰੀ, ਮਿਊਜ਼ੀਅਮ, ਨਿਰੰਤਰ ਸਰਗਰਮੀਆਂ, ਥੀਏਟਰ ਅਤੇ ਪਹਿਲੀ ਨਵੰਬਰ ਸੂਬਾਈ ਸਲਾਨਾ ਗ਼ਦਰੀ ਬਾਬਿਆਂ ਦਾ ਮੇਲਾ ਲਗਾ ਕੇ ਸੰਭਾਲਣ, ਖੋਜ-ਪੜਤਾਲ ਅਤੇ ਪ੍ਰਚਾਰ-ਪਸਾਰ ਦਾ ਕੰਮ ਕਰਕੇ ਦੇਸ਼ ਭਗਤ ਯਾਦਗਾਰ ਕਮੇਟੀ ਸ਼ਲਾਘਾਯੋਗ ਉੱਦਮ ਕਰ ਰਹੀ ਹੈ।

# ਬੀਤ ਇਲਾਕੇ ਚ ਫਸਲਾਂ ਨੂੰ ਪੀਣ ਵਾਲਾ ਪਾਣੀ ਲਗਾਕੇ ਕੀਤੀ ਜਾ ਰਹੀ ਹੈ ਦੁਰਵਰਤੋਂ, ਪ੍ਰਸ਼ਾਸਨ ਬੇਖ਼ਬਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਸਰਕਾਰ ਵਲੋਂ ਪੀਣ ਵਾਲੇ ਪਾਣੀ ਨੂੰ ਬਚਾਉਣ ਦੇ ਉਪਰਾਲੇ ਕੀਤੇ ਜਾ ਰਹੇ ਹਨ ਪਰ ਕਈ ਲੋਕ ਸਰਕਾਰ ਦੇ ਹੁਕਮਾਂ ਨੂੰ ਟਿੱਚ ਕਰਕੇ ਨਹੀਂ ਜਾਣਦੇ । ਇਸ ਤਰਾਂ ਦੀ ਮਿਸਾਲ ਗੜ੍ਹਸ਼ੰਕਰ ਦੇ ਪਿੰਡ ਝੋਣੋਵਾਲ



(ਗੜੀਮਾਨਸੋਵਾਲ) ਤੋਂ ਮਿਲਦੀ ਹੈ। ਜਿਥੇ ਸ਼ਰੇਆਮ ਪੀਣ ਵਾਲੇ ਪਾਣੀ ਨੂੰ ਖੇਤੀਬਾੜੀ ਲਈ ਪ੍ਰਯੋਗ ਕੀਤਾ ਜਾ ਰਿਹਾ ਹੈ। ਪਿੰਡ ਗੜੀਮਾਨਸੋਵਾਲ ਦੇ ਨਵੀਨ ਸ਼ਰਮਾ ਵਿਸ਼ਾਲ ਕੁਮਾਰ, ਲਾਡੀ ਪੰਡਿਤ, ਜਸਵੀਰ, ਰਾਕੇਸ਼ ਕੁਮਾਰ ਸ਼ਰਮਾ, ਪ੍ਰਦੀਪ ਕੁਮਾਰ, ਹਨੀ ਪੰਡਿਤ, ਹੈਪੀ, ਸ਼ਿਵ ਕੁਮਾਰ, ਰੱਜਤ ਕੁਮਾਰ, ਨਿਖਿਲ ਸ਼ਰਮਾ, ਪੰਡਿਤ ਦੀਨਾ ਦਿਆਲ, ਬਲਵਿੰਦਰ ਸਿੰਘ ਬੱਲੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੜੀਮਾਨਸੋਵਾਲ ਦੇ ਵੱਡੀ ਗਿਣਤੀ ਚ ਘਰਾਂ ਪੀਣ ਵਾਲਾ ਪਾਣੀ ਨਹੀਂ ਪਹੁੰਚ ਰਿਹਾ। ਪਰ ਪਿੰਡ ਝੋਣੋਵਾਲ ਦੇ ਕਈ ਘਰ ਪੀਣ ਵਾਲੇ ਪਾਣੀ ਦੀ ਦੁਰਵਰਤੋ ਕਰ ਰਹੇ ਹਨ। ਉਹਨਾਂ ਨੇ ਦੱਸਿਆ ਕਿ ਪਿੰਡ ਚ ਕਈ ਘਰਾਂ ਵਾਲਿਆਂ ਨੇ ਬਿਨਾਂ ਮਨਜ਼ੂਰੀ ਦੇ ਕੁਨੈਕਸ਼ਨ ਕੀਤੇ ਹੋਏ ਹਨ। ਜੋਂ ਕਿ ਇਹਨਾਂ ਕੁਨੈਕਸ਼ਨਾ ਤੋਂ ਪੀਣ ਵਾਲਾ ਪਾਣੀ ਖੇਤਾਂ ਨੂੰ ਲਗਾ ਰਹੇ ਹਨ। ਜਦੋਂ ਕਿ ਇਹਨਾਂ ਨਜਾਇਜ਼ ਕੁਨੈਕਸ਼ਨਾ ਵਾਰੇ ਸਬੰਧਤ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਸੀ ਤੇ ਵਿਭਾਗ ਨੇ ਕਾਰਵਾਈ ਕਰਦੇ ਹੋਏ ਕੁਨੈਕਸ਼ਨ ਬੰਦ ਕਰਵਾ ਦਿੱਤੇ ਸਨ। ਪਰ ਹੁਣ ਉਹਨਾਂ ਲੋਕਾਂ ਵਲੋਂ ਦੁਬਾਰਾ ਉਹੀ ਕੁਨੈਕਸ਼ਨ ਚਾਲੂ ਕਰ ਲਏ ਹਨ। ਜਿਹਨਾਂ ਤੋਂ ਹਜ਼ਾਰਾਂ ਲੀਟਰ ਪੀਣ ਵਾਲਾ ਪਾਣੀ ਖੇਤਾਂ ਨੂੰ ਲਗਾਇਆ ਜਾ ਰਿਹਾ ਹੈ। ਪਿੰਡ ਗੜੀਮਾਨਸੋਵਾਲ ਦੇ ਵਾਸੀਆਂ ਨੇ ਦੱਸਿਆਂ ਕਿ ਇੱਕ ਪਾਸੇ ਲੋਕ ਪੀਣ ਵਾਲੇ ਪਾਣੀ ਤੋਂ ਪਿਆਸੇ ਮਰ ਰਹੇ ਹਨ। ਪਰ ਦੂਜੇ ਲੋਕਾਂ ਵਲੋਂ ਪੀਣ ਵਾਲੇ ਪਾਣੀ ਨੂੰ ਖੇਤਾਂ ਲਈ ਵਰਤਿਆ ਜਾ ਰਿਹਾ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ ਤੇ ਸਬੰਧਤ ਮਹਿਕਮੇ ਤੋਂ ਮੰਗ ਕੀਤੀ ਹੈ ਕਿ ਨਜਾਇਜ਼ ਚੱਲ ਰਹੇ ਕੁਨੈਕਸ਼ਨ ਬੰਦ ਕਰਕੇ ਉਨ੍ਹਾਂ ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਵਾਰੇ ਟਿਊਬਵੈੱਲ ਅਪ੍ਰੇਟਰ ਸ਼ੇਰ ਸਿੰਘ ਨਾਲ ਗੱਲ ਕਰਨ ਤੇ ਉਹਨਾਂ ਨੇ ਦੱਸਿਆ ਕਿ ਵੱਡੀ ਗਿਣਤੀ ਚ ਲੋਕਾਂ ਨੇ ਨਜਾਇਜ਼ ਕੁਨੈਕਸ਼ਨ ਲਗਾਏ ਹੋਏ ਹਨ। ਜਿਸ ਵਾਰੇ ਮੈਂ ਮਹਿਕਮੇ ਦੇ ਅਧਿਕਾਰੀਆਂ ਦੇ ਧਿਆਨ ਚ ਲਿਆਂਦਾ ਸੀ ਅਤੇ ਮਹਿਕਮੇ ਵਲੋਂ ਕੁਨੈਕਸ਼ਨ ਕੱਟੇ ਗਏ ਸਨ। ਪਰ ਉਨ੍ਹਾਂ ਲੋਕਾਂ ਨੇ ਦੁਬਾਰਾ ਕੁਨੈਕਸ਼ਨ ਲਗਾਏ ਲਏ ਹਨ।

# ਨੈਣਵਾਂ ਬੀਤ ਦੇ ਜੰਮਪਲ ਐਨ ਆਰ ਆਈ ਭਾਗ ਸਿੰਘ ਅਟਵਾਲ ਦੇ ਪਿੰਡ ਪਹੁੰਚਣ ਤੇ ਕੀਤਾ ਜਾਵੇਗਾ ਭਰਵਾਂ ਸਵਾਗਤ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਪਿੰਡ ਨੈਣਵਾਂ ਬੀਤ ਦੇ ਜੰਮਪਲ ਅਤੇ ਉੱਘੇ ਸਮਾਜ ਸੇਵਕ ਸ.ਭਾਗ ਸਿੰਘ ਅਟਵਾਲ ਆਪਣੀ ਲੰਮੀ ਕਨੇਡਾ ਯਾਤਰਾ ਤੋਂ ਬਾਅਦ ਵਾਪਸ ਆਪਣੇ ਪਿੰਡ ਨੈਨਵਾ 12 ਅਕਤੂਬਰ ਨੂੰ ਪਰਤ ਰਹੇ ਹਨ। ਉਹਨਾਂ ਦੀ ਆਣ ਦੀ ਖੁਸ਼ੀ ਵਿੱਚ ਉਹਨਾਂ ਦੇ (1980 ਬੈਚ) ਦਸਵੀਂ ਦੇ ਹਮਜਮਾਤੀਆ ਵਲੋਂ ਇਕ ਪਾਰਟੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸ ਵਿੱਚ ਵਿਸ਼ੇਸ਼ ਤੌਰ ਤੇ ਉਹਨਾਂ ਦੇ ਹਮ ਜਮਾਤੀ ਸਟੇਟ ਮੁਲਾਜ਼ਮ ਜਥੇਬੰਦੀ ਦੇ ਪ੍ਰਧਾਨ ਸਤੀਸ਼ ਰਾਣਾ ਅਤੇ ਸਮਾਜ ਸੇਵੀ ਮੁਲਾਜ਼ਮ ਆਗੂ ਰਾਮ ਜੀ ਦਾਸ ਚੌਹਾਨ ਤੋਂ ਇਲਾਵਾ ਬਹੁਤ ਸਾਰੇ ਹਮ ਜਮਾਤੀ ਸ਼ਾਮਿਲ ਹੋਣਗੇ। ਇਸ ਪਾਰਟੀ ਵਿੱਚ ਇਲਾਕੇ ਦੇ ਸਮੂਹ ਪੱਤਰਕਾਰਾਂ ਨੂੰ ਵੀ ਵਿਸ਼ੇਸ਼ ਤੌਰ ਤੇ ਸੱਦਾ ਦਿੱਤਾ ਜਾ ਰਿਹਾ ਹੈ। ਇਹ ਜਾਣਕਾਰੀ ਉਨਾਂ ਦੇ ਹਮ ਜਮਾਤੀ ਉੱਘੇ ਸਮਾਜ ਸੇਵੀ ਡਾਕਟਰ ਜਸਵੀਰ ਰਾਣਾ ਕਾਲੇਵਾਲ ਅਤੇ ਉੱਘੇ ਸਮਾਜ ਸੇਵੀ



ਅਜੈਬ ਸਿੰਘ ਬੋਪਾਰਾਏ ਨੇ ਦਿੰਦਿਆਂ ਦੱਸਿਆ ਕਿ ਅਟਵਾਲ ਸਾਹਿਬ ਸੂਗਰ ਮਿਲ ਨਵਾਂ ਸ਼ਹਿਰ ਤੋਂ 33 ਸਾਲ ਨੌਕਰੀ ਕਰਨ ਤੋਂ ਬਾਅਦ ਆਪਣੇ ਪਰਿਵਾਰ ਵਿੱਚ ਕਨੇਡਾ ਜਾ ਵਸੇ ਹਨ। ਉਹਨਾਂ ਨੇ ਆਪਣੀ ਪਰਿਵਾਰਕ ਮਜਬੂਰੀ ਨੂੰ ਸਮਝਦੇ ਹੋਏ ਆਪਣੀ ਨੌਕਰੀ ਤੋਂ ਦੋ ਸਾਲ ਪਹਿਲਾਂ ਹੀ ਰਿਟਾਇਰਮੈਂਟ ਲੈ ਲਈ ਸੀ।

ਭਾਵੇਂ ਕਿ ਉਹ ਲੰਬੇ ਸਮੇਂ ਤੋਂ ਕੈਨੇਡਾ ਰਹਿ ਰਹੇ ਹਨ, ਪਰ ਉਹਨਾਂ ਦਾ ਇੱਕ ਇੱਕ ਪਲ ਆਪਣੇ ਮਿੱਤਰਾਂ ਦੋਸਤਾ, ਪਿੰਡ ਅਤੇ ਆਪਣੇ ਇਲਾਕੇ ਨਾਲ ਹੀ ਜੁੜਿਆ ਰਹਿੰਦਾ ਹੈ। ਇਸ ਲਈ ਉਹਨਾਂ ਦੇ ਪਿੰਡ ਨੈਨਵਾ ਬੀਤ ਵਿਖੇ ਪਰਤਣ ਤੇ ਉਹਨਾਂ ਦੇ ਦੋਸਤਾਂ ਮਿੱਤਰਾਂ ਨੇ ਉਹਨਾਂ ਦਾ ਭਰਵਾਂ ਸਵਾਗਤ ਕਰਨ ਦਾ ਫੈਸਲਾ ਕੀਤਾ ਹੈ ਜਿਸ ਲਈ ਉਹ ਭਾਗ ਸਿੰਘ ਅਟਵਾਲ ਦਾ ਪਿੰਡ ਪਹੁੰਚਣ ਲਈ ਬੇਸਵਰੀ ਨਾਲ ਇੰਤਜ਼ਾਰ ਕਰ ਰਹੇ ਹਨ।

# ਬਸਪਾ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਨੂੰ ਭਾਰਤ ਰਤਨ ਦਿੱਤਾ ਜਾਵੇ - ਆਕਾਸ਼ ਆਨੰਦ

## ਸਾਹਿਬ ਕਾਂਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਕੀਤੀ ਵਿਸ਼ਾਲ ਮਹਾਂਰੈਲੀ ਬਸਪਾ ਦਾ ਸਕਤੀ ਪ੍ਰਦਰਸ਼ਨ ਹੋ ਨਿੱਬੜੀ

**ਹੁਸ਼ਿਆਰਪੁਰ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਵਲੋਂ ਸੰਵਿਧਾਨ ਬਚਾਓ ਮਹਾਂਪੰਚਾਇਤ ਦੇ ਨਾਮ ਹੇਠ ਹੁਸ਼ਿਆਰਪੁਰ ਵਿਖੇ ਮਹਾਂਰੈਲੀ ਕੀਤੀ ਗਈ, ਜਿਸਦੇ ਮੁੱਖ ਮਹਿਮਾਨ ਰਾਸ਼ਟਰੀ ਕੋਆਰਡੀਨੇਟਰ ਸ਼੍ਰੀ ਆਕਾਸ਼ ਆਨੰਦ ਜੀ ਸਨ। ਇਸ ਮੌਕੇ ਰਾਸ਼ਟਰੀ ਉੱਪ ਪ੍ਰਧਾਨ ਸ਼੍ਰੀ ਆਨੰਦ ਕੁਮਾਰ ਵੀ ਹਾਜ਼ਰ ਸਨ। ਮੰਚ ਦੀ ਕਾਰਵਾਈ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਆਪ ਸੰਭਾਲੀ ਹੋਈ ਸੀ। ਮੰਚ ਤੇ ਸਾਹਿਬ ਕਾਂਸ਼ੀ ਰਾਮ ਜੀ ਸ਼ਰਧਾ ਦੇ ਫੁੱਲ ਭੇਂਟ ਕੀਤੇ, ਉਥੇ ਹੀ ਵਿਸ਼ਾਲ ਫੁੱਲਾਂ ਦੀ ਮਾਲਾ ਨਾਲ ਸ਼੍ਰੀ ਆਕਾਸ਼ ਆਨੰਦ ਤੇ ਸ਼੍ਰੀ ਆਨੰਦ ਕੁਮਾਰ ਜੀ ਦਾ ਸਵਾਗਤ ਕੀਤਾ ਗਿਆ। ਇਸ ਮੌਕੇ ਮੰਚ ਤੋਂ ਚਾਂਦੀ ਦਾ ਹਾਥੀ ਭੇਂਟ ਕਰਦਿਆਂ ਸਵਾਗਤ ਕੀਤਾ ਗਿਆ।




ਸ਼੍ਰੀ ਆਨੰਦ ਨੇ ਬੋਲਦਿਆਂ ਕਿਹਾ ਕਿ ਬਸਪਾ ਰਾਜਨੀਤਿਕ ਦਲ ਤਾਂ ਹੈ ਪ੍ਰੰਤੂ ਬਹੁਜਨ ਅੰਦੋਲਨ ਪਹਿਲਾਂ ਹੈ ਜੋਕਿ ਦਲਿਤਾਂ ਪਿਛੜੀਆਂ ਸ਼੍ਰੇਣੀਆਂ, ਘੱਟ ਗਿਣਤੀਆਂ ਤੇ ਜਨਰਲ ਵਰਗ ਦੇ ਗਰੀਬਾਂ ਨੂੰ ਹਿੱਸੇਦਾਰੀ ਦੇਣ ਲਈ ਸੰਘਰਸ਼ ਕਰ ਰਿਹਾ ਹੈ। ਜੋਕਿ ਸਮਾਜ ਦੇ ਕਮਜ਼ੋਰ ਵਰਗਾਂ, ਗਰੀਬਾਂ ਨੂੰ ਸੰਖਿਆਂ ਦੇ ਹਿਸਾਬ ਨਾਲ ਹਿੱਸੇਦਾਰੀ ਦਿੱਤੀ ਜਾ ਸਕੇ। ਇਹ ਹਿੱਸੇਦਾਰੀ ਸਿਰਫ ਆਰਥਿਕ ਸਾਧਨਾਂ ਵਿੱਚ ਹੀ ਨਹੀਂ ਸਾਸ਼ਨ ਪ੍ਰਸ਼ਾਸ਼ਨ ਵਿੱਚ ਵੀ ਲਾਗੂ ਕਰਨੀ ਹੈ। ਸ਼੍ਰੀ ਆਕਾਸ਼ ਆਨੰਦ ਨੇ ਵਿਸੇਸ਼ ਤੌਰ ਤੇ ਪਾਰਟੀ ਦੇ ਨਾਅਰਿਆਂ ਦਾ ਜਿਕਰ ਕੀਤਾ ਕਿ ਜਿਸਕੀ ਜਿਤਨੀ ਸੰਖਿਆ ਭਾਰੀ, ਉਸਕੀ ਉਤਨੀ ਹਿੱਸੇਦਾਰੀ ਅਤੇ ਵੋਟ ਦੇ ਲੇਂਗੇ ਸੀਐਮ-ਪੀਐਮ, ਆਰਕਸ਼ਣ ਦੇ ਲੇਂਗੇ ਐਸਪੀ-ਡੀਐਮ। ਨੌਜਵਾਨਾਂ ਨੂੰ ਸੰਦੇਸ਼ ਦਿੰਦਿਆ ਸ਼੍ਰੀ ਆਕਾਸ਼ ਆਨੰਦ ਜੀ ਨੇ ਕਿਹਾ ਕਿ ਬਹੁਜਨ ਸਮਾਜ ਨੂੰ ਦੇਸ਼ ਵਿੱਚ ਹਿਸਾ ਦੁਆਉਣ ਲਈ ਅੱਗੇ ਆਕੇ ਲਾਮਬੰਦ ਹੋਣ। ਜੇਕਰ ਅਸੀਂ ਹਿੱਸੇਦਾਰੀ ਲੈਣ ਲਈ ਲਾਮਬੰਦ ਨਾ ਹੋਏ ਤਾਂ ਵਿਰੋਧੀ ਪਾਰਟੀਆਂ ਨਵੇਂ ਨਵੇਂ ਚਮਚੇ ਅੱਗੇ ਕਰਕੇ ਅੰਦੋਲਨ ਨੂੰ ਕਮਜੋਰ ਕਰ ਦੇਣਗੇ, ਜਿਵੇਂ ਸਾਹਿਬ ਕਾਂਸ਼ੀ ਰਾਮ ਜੀ ਨੇ ਚਮਚਾ ਯੁੱਗ ਕਿਤਾਬ ਵਿੱਚ ਕਿਹਾ ਹੈ। ਸ਼੍ਰੀ ਆਕਾਸ਼ ਆਨੰਦ ਨੇ ਕਿਹਾ ਕਿ ਮਨੂਵਾਦੀ ਸੋਚ ਤਹਿਤ ਅੱਜ ਵੀ ਸਾਹਿਬ ਕਾਂਸ਼ੀ ਰਾਮ ਜੀ ਨੂੰ ਭਾਰਤ ਰਤਨ ਨਹੀਂ ਦਿੱਤਾ ਹੈ, ਜੋਕਿ ਸ਼ਾਸ਼ਕ ਧਿਰਾਂ ਦਾ ਬਹੁਜਨ ਸਮਾਜ ਖਿਲਾਫ਼ ਜਾਤੀਵਾਦੀ ਜਗੀਰੂ ਸੋਚ ਦਾ ਮੁਜਾਹਰਾ ਹੈ।

ਸ਼੍ਰੀ ਬੈਣੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਬਹੁਜਨ ਸਮਾਜ ਪਾਰਟੀ ਸੱਤਾ ਦੀ ਲੜਾਈ ਲੜ ਰਹੀ ਹੈ, ਇਸ ਲਈ ਮਜ਼ਬੂਤ ਸੰਗਠਨ ਦੇ ਨਿਰਮਾਣ ਵਿਚ ਲੱਗੀ ਹੋਈ ਹੈ। ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਦਾ ਵਿਰੋਧੀ ਧਿਰਾਂ ਨੂੰ ਕੀਤਾ ਮੁੱਦਿਆਂ ਤੇ ਵਾਦ ਵਿਵਾਦ ਕਰਨ ਦਾ ਚੈਲੇਂਜ ਹੰਕਾਰਿਆ ਘੋੜਾ ਛੱਡਣ ਬਰਾਬਰ ਹੈ, ਜਿਸ ਦੀਆਂ ਲਗਾਮਾਂ ਬਸਪਾ ਫੜੇਗੀ। ਵਿਧਾਇਕ ਨਛੱਤਰ ਪਾਲ ਨੇ ਕਿਹਾ ਮਜ਼ਦੂਰਾਂ ਦੀ ਦਿਹਾੜੀ 12 ਘੰਟੇ ਕਰਨਾ ਆਮ ਆਦਮੀ ਪਾਰਟੀ ਸਰਕਾਰ ਦਾ ਗਰੀਬ ਵਿਰੋਧੀ ਚੇਹਰਾ ਨੰਗਾ ਹੋਇਆ।



ਮੈਦਾਨ ਖਚਾਖਚ ਭਰਿਆ ਹੋਇਆ ਸੀ, ਲੋਕਾਂ ਦਾ ਨੀਲਾ ਸਮੁੰਦਰ ਹੜ੍ਹ ਦੀ ਤਰ੍ਹਾ ਉਮੜ ਪਿਆ। ਨੀਲੇ ਝੰਡਿਆਂ ਨਾਲ ਇਲਾਕਾ ਰੰਗਿਆ ਪਿਆ ਸੀ। ਬਹੁਜਨ ਵਾਲੰਟੀਅਰ ਫੋਰਸ ਸਾਰੇ ਪ੍ਰਬੰਧ ਤੇ ਨਜ਼ਰਸਾਨੀ ਕਰ ਰਹੀ ਸੀ। ਇਸ ਮਿਸ਼ਨ ਨੂੰ ਪੂਰਾ ਕਰਨ ਲਈ ਸਾਹਿਬ ਕਾਂਸ਼ੀ ਰਾਮ ਜੀ ਦੀ ਉੱਤਰਾਧਿਕਾਰੀ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਲੱਗੇ ਹੋਏ ਹਨ।

ਇਸ ਮੌਕੇ ਕੇਂਦਰੀ ਕੋਆਰਡੀਨੇਟਰ ਰਣਧੀਰ ਸਿੰਘ ਬੈਣੀਵਾਲ, ਕੇਂਦਰੀ ਕੋਆਰਡੀਨੇਟਰ ਵਿਪੁਲ ਕੁਮਾਰ, ਸੂਬਾ ਇੰਚਾਰਜ ਨਛੱਤਰ ਪਾਲ ਐਮ ਐਲ ਏ (ਨਵਾਂਸ਼ਹਿਰ), ਸੂਬਾ ਇੰਚਾਰਜ ਅਜੀਤ ਸਿੰਘ ਭੈਣੀ, ਸੂਬਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ, ਬਲਦੇਵ ਮਹਿਰਾ, ਗੁਰਲਾਲ ਸੈਲਾ, ਰਾਜਾ ਰਾਜਿੰਦਰ ਸਿੰਘ, ਲਾਲ ਸਿੰਘ ਸੁਲਹਾਣੀ, ਗੁਰਮੇਲ ਚੁੰਬਰ, ਚਮਕੌਰ ਸਿੰਘ ਵੀਰ, ਲਾਲ ਚੰਦ ਔਜਲਾ ਐਡਵੋਕੇਟ ਬਲਵਿੰਦਰ ਕੁਮਾਰ, ਤੀਰਥ ਰਾਜਪੁਰਾ, ਦਲਜੀਤ ਰਾਏ, ਸੋਮ ਨਾਥ ਬੈਂਸ, ਮਦਨ ਬੈਂਸ, ਡਾ ਜਸਪ੍ਰੀਤ ਪਰਵੀਨ ਕੁਮਾਰ ਬੰਗਾ ਸੁਖਦੇਵ ਸਿੰਘ ਸ਼ੀਰਾ, ਗੁਰਨਾਮ ਸਿੰਘ ਚੌਧਰੀ, ਜੋਗਾ ਸਿੰਘ ਪਨੋਧਿਆਂ ਰਾਜਿੰਦਰ ਸਿੰਘ ਠੇਕੇਦਾਰ, ਡਾ ਮੱਖਣ ਸਿੰਘ, ਠੇਕੇਦਾਰ ਹਰਭਜਨ ਸਿੰਘ ਬਜਹੇੜੀ, ਪਰਮਜੀਤ ਮੱਲ, ਜਸਵੰਤ ਰਾਏ, ਤਰਸੇਮ ਥਾਪਰ, ਭਾਗ ਸਿੰਘ ਸਰੀਹ, ਤਾਰਾ ਚੰਦ ਭਗਤ, ਸੰਤ ਰਾਮ ਮਲ੍ਹੀ, ਬਲਵਿੰਦਰ ਬਿੱਟਾ, ਜਗਜੀਤ ਛੜਬੜ, ਪੀਡੀ ਸ਼ਾਂਤ ਮਨਿੰਦਰ ਸਿੰਘ ਸ਼ੇਰਪੁਰੀ, ਜਗਦੀਪ ਸਿੰਘ ਗੋਗੀ, ਜਗਦੀਸ਼ ਦੁੱਗਲ, ਸੁਰਜੀਤ ਭੈਲ, ਕੁਲਦੀਪ ਸਿੰਘ ਸਰਦੂਲਗੜ੍ਹ, ਮੀਨਾ ਰਾਣੀ, ਅਵਤਾਰ ਕ੍ਰਿਸ਼ਨ,ਐਡਵੋਕੇਟ ਕੁਲਦੀਪ ਭੱਟੀ ਸੀਨੀਅਰ ਆਗੂ, ਚਿਰੰਜੀ ਲਾਲ ਕਾਲਾ ਹਲਕਾ ਪ੍ਰਧਾਨ, ਲੇਖਰਾਜ ਜਮਾਲਪੁਰ ਇੰਚਾਰਜ ਫਗਵਾੜਾ,ਨਰਿੰਦਰ ਬਿੱਲਾ ਸਾਬਕਾ ਸਰਪੰਚ, ਮੌਟੀ ਮਹਿਮੀ,ਕੁਲਵੰਤ ਸਿੰਘ ਮਹਿਤੋਂ,, ਸ਼ੀਲਾ ਰਾਣੀ, ਕੇਵਲ ਸਿੰਘ ਸੈਦੋਕੇ, ਗੁਰਮੀਤ ਸਿੰਘ ਚੋਬਦਾਰ, ਸੁਖਦੇਵ ਬਿੱਟਾ, ਰਾਕੇਸ਼ ਕੁਮਾਰ ਦਤਾਰਪੁਰੀ ,ਅਮਰਜੀਤ ਸਿੰਘ ਝਲੂਰ, ਆਦਿ ਹਾਜ਼ਰ ਸਨ।

### ਭੋਲੇ ਭਾਲੇ ਲੋਕਾਂ ਨਾਲ ਪੈਸੇ ਦੀ ਠੱਗੀ ਕਰਨ ਵਾਲੇ ਠੱਗਾਂ ਤੋਂ ਬਚਾਉਣ ਲਈ

## ਸਟੂਡੈਂਟਸ ਆਫ ਮਿੱਤਲ ਸਕੂਲ ਆਫ ਬਿਜ਼ਨਸ ਵਲੋਂ ਪਿੰਡ ਚਿਹੇੜੂ ਵਿਖੇ ਲਗਾਇਆ ਜਾਗਰੂਕਤਾ ਕੈਂਪ

**ਫਗਵਾੜਾ 9 ਅਕਤੂਬਰ (ਬੀ.ਕੇ.ਰੱਤੂ)–** ਫਗਵਾੜਾ ਪਿੰਡ ਚਿਹੇੜੂ ਵਿਖੇ ਸਮਾਜ ਵਿੱਚ ਭੋਲੇ ਭਾਲੇ ਲੋਕਾਂ ਨਾਲ ਪੈਸੇ ਦੀ ਠੱਗੀ ਕਰਨ ਦੇ ਠੱਗਾਂ ਲੋਕ ਵੱਖ ਵੱਖ ਤਰੀਕੇ ਅਪਣਾਉਂਦੇ ਹਨ। ਵਰਲਡ ਇੰਨਵੈਸਟਰ ਵੀਕ 2023 ਦੇ ਚਲਦਿਆ ਇਹਨਾਂ ਠੱਗੀਆ ਤੋਂ ਲੋਕਾਂ ਦਾ ਬਚਾਅ ਕਰਨ ਲਈ ਸਟੂਡੈਂਟਸ ਆਫ ਮਿੱਤਲ ਸਕੂਲ ਆਫ ਬਿਜ਼ਨਸ ਵਲੋਂ ਪਹਿਲਾਂ ਜਾਗਰੂਕਤਾ ਕੈਂਪ ਪਿੰਡ ਚਿਹੇੜੂ ਵਿਖੇ ਆਯੋਜਿਤ ਕੀਤਾ ਗਿਆ। ਜਿਸ ਵਿੱਚ ਪਿੰਡ ਦੇ ਲੋਕਾਂ ਭਾਰੀ ਗਿਣਤੀ ਵਿੱਚ ਸ਼ਿਰਕਤ ਕੀਤੀ ਜਿਥੇ ਐਕਸੀਸਜ ਬੈਂਕ ਦੇ ਮੁਲਾਜ਼ਮਾਂ ਅਤੇ ਕੋਆਰਡੀਨੇਟਰ ਆਫ ਫਿਨਵਿਨ ਕਲੱਬ ਪ੍ਰਫੈਸਰ ਅਨੂਪ ਮੋਹਾਂਟੀ ਦੇ ਮਾਰਗਦਰਸ਼ਨ ਨਾਲ ਸਫਲ ਹੋਇਆ ਅਤੇ ਨਾਲ ਹੀ ਬੱਬੀ ਦੀਮਾਨ ਨੇ ਪਹੁੰਚ ਕੇ ਲੋਕਾਂ ਨੂੰ ਦਸਿਆ ਜਦੋਂ ਕਿਸੇ ਵੀ ਨਾਲ ਠੱਗੀ ਹੁੰਦੀ ਹੈ ਤਾਂ ਉਹ ਲੋਕ ਜਿਸ ਬੈਂਕ ਵਿਚੋਂ ਪੈਸੇ ਕੱਟ ਹੁੰਦੇ ਹਨ ਉਹ ਬੈਂਕ ਵਿਚ ਅਤੇ ਪੁਲਿਸ ਨੂੰ ਰਿਪੋਰਟ ਦੇਣ ਅਤੇ ਲੋਕ ਆਪਣਾ ਕਿਸੇ ਨਾਲ ਵੀ ਏ ਟੀ ਐਮ ਦਾ ਪਾਸਵਰਡ ਸ਼ੇਅਰ ਨਹੀਂ ਕਰਨ ਉਨਾਂ ਆਨ ਲਾਈਨ ਠੱਗੀ ਅਤੇ ਵੱਖ ਵੱਖ ਤਰੀਕਿਆਂ ਨਾਲ ਹੋ ਠੱਗੀ ਤੋ ਬਚਾਅ ਲਈ ਲੋਕਾਂ ਨੂੰ ਜਾਗਰੂਕ ਕੀਤਾ। ਇਸ ਮੌਕੇ ਤੇ ਮੌਜੂਦਾ ਸਰਪੰਚ ਸ ਸਰਵਣ ਸਿੰਘ ਦਿਉ, ਸਤੀਸ਼ ਕੁਮਾਰ ਭੱਟੀ ਸ ਕੁਲਵੰਤ ਸਿੰਘ ਅਮਰਦੀਪ ਢੰਡਾ ਦਲਜੀਤ ਸਿੰਘ ਸੰਧਰ ਤੇ ਪਿੰਡ ਵਾਸੀਆਂ ਨੇ ਸਟੂਡੈਂਟਸ ਆਫ ਮਿੱਤਲ ਸਕੂਲ ਆਫ ਬਿਜ਼ਨਸ ਦਾ ਭਰਵਾਂ ਸਵਾਗਤ ਕੀਤਾ। ਇਸ ਮੌਕੇ ਤੇ ਮੌਜੂਦਾ ਆਪ ਆਗੂ ਸਰਪੰਚ ਸ ਸਰਵਣ ਸਿੰਘ ਦਿਉ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮਿੱਤਲ ਸਕੂਲ ਆਫ ਬਿਜ਼ਨਸ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਜਾਗਰੂਕਤਾ ਕੈਂਪ ਇੱਕ ਬਹੁਤ ਵਧੀਆ ਸ਼ਲਾਘਾਯੋਗ ਕਦਮ ਪ੍ਰਸੰਸਾ ਯੋਗ ਹੈ ਅਤੇ ਲੋਕਾਂ ਨੂੰ ਵੀ ਸੁਚੇਤ ਵਿਸ਼ੇਸ਼ ਤੋ ਪੁੰਹਚੇ ਜਿਥੇ ਸਰਪੰਚ ਸਾਹਿਬ ਵਲੋਂ ਜੀ ਆਇਆਂ ਆਖਿਆ। ਇਸ ਮੌਕੇ ਤੇ ਲੋਕਾਂ ਨੇ ਵੀ ਆਏ ਹੋਏ ਬੈਂਕ ਮੁਲਾਜ਼ਮਾਂ ਨੂੰ ਆਪਣੀਆਂ ਮੁਸ਼ਕਿਲਾਂ ਬਾਰੇ ਸਵਾਲ ਕੀਤੇ ਜਿਥੇ ਬੈਂਕ ਮੁਲਾਜ਼ਮਾਂ ਨੇ ਤਸੱਲੀ ਬਖਸ਼ ਜਵਾਬ ਦੇ ਕੇ ਜਾਗਰੂਕ ਕੀਤਾ।



## ਵਿਦਿਆਰਥੀਆ ਨੂੰ ਨਸ਼ਿਆਂ ਤੋ ਦੂਰ ਰਹਿਣ ਲਈ ਜਾਗਰੂਕਤਾ ਸੈਮੀਨਾਰ ਕਰਵਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਪੰਜਾਬ ਕਾਨੂੰਨੀ ਸੇਵਾਵਾਂ ਅਥਾਰਟੀ ਐਸ. ਏ. ਐਸ. ਨਗਰ ਅਤੇ ਜ਼ਿਲ੍ਹਾ ਅਤੇ ਸ਼ੈਸਨ ਜੱਜ-ਕਮ-ਚੇਅਰਮੈਨ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਕੰਵਲਜੀਤ ਸਿੰਘ ਬਾਜਵਾ ਦੇ ਨਿਰਦੇਸ਼ਾਂ ਤਹਿਤ ਸੀ.ਜੇ.ਐਮ-ਕਮ- ਸਕੱਤਰ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਕਮਲਦੀਪ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਜ਼ਿਲ੍ਹੇ ਵਿੱਚ 30 ਅਕਤੂਬਰ 2023 ਤੱਕ ਨਸ਼ੇ ਦੇ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ । ਇਸ ਸਬੰਧੀ ਵਿੱਚ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋਂ ਸਰਕਾਰੀ ਹਾਈ ਸਕੂਲ ਭੀਣ ਵਿਖੇ ਵਿਦਿਆਰਥੀਆ ਨੂੰ ਨਸ਼ਿਆ ਤੋ ਦੂਰ ਰਹਿਣ ਸਬੰਧੀ ਜਾਗਰੂਕਤਾ ਸੈਮੀਨਾਰ ਕਰਵਾਇਆ ਗਿਆਂ । ਇਸ ਸੈਮੀਨਾਰ ਵਿੱਚ ਪੈਰਾ ਲੀਗਲ ਵਲੰਟੀਅਰ ਜਸਵਿੰਦਰ ਕੌਰ ਰਾਣੀ ਅਤੇ ਪੈਰਾ ਲੀਗਲ ਵਲੰਟੀਅਰ ਸੁਨੀਤਾ ਰਾਣੀ ਵੱਲੋ ਭਾਗ ਲਿਆ ਗਿਆ।




ਇਸ ਮੌਕੇ ਪੈਰਾ ਲੀਗਲ ਵਲੰਟੀਅਰ ਜਸਵਿੰਦਰ ਕੌਰ ਰਾਣੀ ਵੱਲੋ ਵਿਦਿਆਰਥੀਆ ਨੂੰ ਨਸ਼ਿਆ ਤੋ ਦੂਰ ਰਹਿਣ ਬਾਰੇ ਜਾਗਰੂਕ ਕੀਤਾ ਗਿਆ ਅਤੇ ਕਿਹਾ ਕਿ ਜੇ ਕੋਈ ਨਸ਼ੇ ਵੇਚਦਾ ਹੈ ਜਾਂ ਬੱਚਿਆ ਨੂੰ ਜਬਰਦਸਤੀ ਨਸ਼ੇ ਕਰਨ ਲਈ ਉਕਸਾਉਂਦਾਂ ਹੈ, ਤਾਂ ਇਸ ਸਬੰਧੀ ਸ਼ਿਕਾਇਤ ਸਕੂਲ ਮੁਖੀ ਜਾਂ ਪੁਲਿਸ ਦੇ ਧਿਆਨ ਵਿੱਚ ਲਿਆਉਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਨਸ਼ਿਆਂ ਤੋਂ ਦੂਰ ਰਹਿਣ ਲਈ ਵਿਦਿਆਰਥੀਆ ਨੂੰ ਖੇਡਾਂ ਵਿੱਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ। ਇਸ ਤੋ ਇਲਾਵਾ ਵਿਦਿਆਰਥੀਆ ਨੂੰ ਦੱਸਿਆ ਕਿ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਵੱਲੋ ਜ਼ਿਲ੍ਹੇ ਵਿੱਚ ਮਿਤੀ 1 ਤੋਂ 30 ਅਕਤੂਬਰ 2023 ਤੱਕ ਪੰਜਾਬ ਨਸ਼ੇ ਦੇ ਖਿਲਾਫ ਮੁਹਿੰਮ ਆਰੰਭੀ ਗਈ ਹੈ ਅਤੇ ਕਿਹਾ ਜ਼ਿਲ੍ਹਾਂ ਕਾਨੂੰਨੀ ਸੇਵਾਵਾਂ ਅਥਾਰਟੀ ਨਸ਼ਾ ਮੁਕਤ ਪੰਜਾਬ ਨੂੰ ਯਕੀਨੀ ਬਣਾਉਣ ਦੇ ਮਿਸ਼ਨ 'ਤੇ ਹੈ। ਇਸ ਮੌਕੇ ਪ੍ਰਿੰਸੀਪਲ ਰਣਜੀਤ ਬੱਬਰ ਅਤੇ ਸਮੂਹ ਸਕੂਲ ਸਟਾਫ ਹਾਜ਼ਰ ਸਨ।

## ਸਾਫ਼ਟ ਸਕਿੱਲਜ਼ ਅਤੇ ਪਰਸਨੈਲਟੀ ਡਿਵੈਲਪਮੈਂਟ ਟ੍ਰੇਨਿੰਗ ਵਰਕਸ਼ਾਪ ਦਾ ਆਯੋਜਨ

### 6 ਰੋਜ਼ਾ ਟ੍ਰੇਨਿੰਗ 'ਚ ਕਾਲਜ ਦੀਆਂ 62 ਵਿਦਿਆਰਥਣਾਂ ਨੇ ਲਿਆ ਹਿੱਸਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਅਤੇ ਮਾਡਲ ਕਰੀਅਰ ਸੈਂਟਰ ਹੁਸ਼ਿਆਰਪੁਰ ਵਲੋਂ 'ਨਾਂਦੀ ਫਾਊਂਡੇਸ਼ਨ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਸਹਿਯੋਗ ਨਾਲ ਸਰਕਾਰੀ ਕਾਲਜ ਢੋਲਬਾਹਾ ਵਿਖੇ ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਤਹਿਤ (ਕੇਵਲ ਲੜਕੀਆਂ ਲਈ) 6 ਰੋਜ਼ਗਾਰ ਸਾਫ਼ਟ ਸਕਿੱਲਜ਼ ਅਤੇ ਪਰਸਨੈਲਟੀ ਡਿਵੈਲਪਮੈਂਟ ਦੀ ਸ਼ੁਰੂਆਤ ਕਰਵਾਈ। ਇਸ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕਾਲਜ ਦੇ ਪ੍ਰਿੰਸੀਪਲ ਡਾ.



ਕਸ਼ਮੀਰੀ ਲਾਲ ਅਤੇ ਇੰਚਾਰਜ ਕਰੀਅਰ ਕਾਊਂਸਲਿ ਗ ਅਤੇ ਪਲੇਸਮੈਂਟ ਸੈਲ ਰੰਜਨਾ ਦੇ ਸਹਿਯੋਗ ਨਾਲ ਕੀਤੀ ਗਈ।

ਜਾਣਕਾਰੀ ਦਿੰਦੇ ਹੋਏ ਬਿਊਰੋ ਦੇ ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਅਤੇ ਕਰੀਅਰ ਕਾਊਂਸਲਰ ਆਦਿਤਿਆ ਰਾਣਾ ਨੇ ਦੱਸਿਆ ਕਿ ਇਸ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਦੀ ਸ਼ੁਰੂਆਤ ਕਰਦੇ ਹੋਏ 'ਨਾਂਦੀ ਫਾਊਂਡੇਸ਼ਨ ਮਹਿੰਦਰਾ ਪ੍ਰਾਈਡ ਕਲਾਸਰੂਮ' ਦੇ ਟ੍ਰੇਨਰ ਅੰਜੂ ਜੈਨ ਨੇ ਵਿਦਿਆਰਥੀਆਂ ਨੂੰ ਆਪਣੇ ਰੋਜ਼ਗਾਰ ਪ੍ਰਾਪਤ ਕਰਨ ਦੇ ਕੌਸ਼ਲ ਨੂੰ ਵਿਕਸਿਤ ਕਰਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ, ਤਾਂ ਜੋ ਉਹ ਆਪਣੇ ਜੀਵਨ ਦੀਆਂ ਮੁਸ਼ਕਿਲਾਂ ਨੂੰ ਦੂਰ ਕਰਦੇ ਹੋਏ ਕਾਮਯਾਬ ਬਣ ਸਕਣ ਅਤੇ ਰੋਜ਼ਗਾਰ ਪ੍ਰਾਪਤ ਕਰ ਸਕਣ। ਇਸ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸਮੂਹ ਵਿਦਿਆਰਥਣਾਂ ਵਲੋਂ ਉਤਸ਼ਾਹਪੂਰਵਕ ਸ਼ਮੂਲੀਅਤ ਕੀਤੀ ਗਈ।

ਪਲੇਸਮੈਂਟ ਅਫ਼ਸਰ ਰਾਕੇਸ਼ ਕੁਮਾਰ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਕਿਸ ਤਰ੍ਹਾਂ ਵਿਦਿਆਰਥੀ ਜੀਵਨ ਵਿਚ ਪੜ੍ਹਾਈ ਕਰਦੇ ਹੋਏ ਕੇਵਲ ਕਿਤਾਬੀ ਗਿਆਨ ਵਿਚ ਹੀ ਉਲਝੇ ਰਹਿੰਦੇ ਹਨ, ਜਦ ਕਿ ਉਹ ਰੋਜ਼ਗਾਰ ਦੀ ਤਲਾਸ਼ ਵਿਚ ਜਾਂਦੇ ਹਨ, ਤਾਂ ਉਹ ਸਾਫ਼ਟ ਸਕਿੱਲ ਅਤੇ ਪਰਨੈਲਟੀ ਡਿਵੈਲਪਮੈਂਟ ਦੀ ਕਮੀ ਹੋਣ ਕਾਰਨ ਇੰਟਰਵਿਊ ਪਾਸ ਕਰਨ ਤੋਂ ਵੰਚਿਤ ਰਹਿ ਜਾਂਦੇ ਹਨ। ਇਸ ਲਈ ਸਾਫ਼ਟ ਸਕਿੱਲ ਅਤੇ ਪਰਨੈਲਟੀ ਡਿਵੈਲਪਮੈਂਟ ਦੀ ਟ੍ਰੇਨਿੰਗ ਬਹੁਤ ਵਧੇਰੇ ਲਾਭਕਾਰੀ ਹੈ।

ਯੰਗ ਪ੍ਰੋਫੈਸ਼ਨਲ ਵਿਕਰਮ ਸਿੰਘ ਨੇ ਦੱਸਿਆ ਕਿ ਇਸ ਵਰਕਸ਼ਾਪ ਵਿਚ ਆਈਆਂ ਵਿਦਿਆਰਥਣਾ ਨੂੰ ਇਸ ਮੁਫ਼ਤ ਟ੍ਰੇਨਿੰਗ ਦਾ ਵੱਧ ਤੋਂ ਵੱਧ ਲਾਭ ਲੈਣਾ ਚਾਹੀਦਾ ਹੈ। ਉਨ੍ਹਾਂ ਦੱਸਿਆ ਕਿ 6 ਰੋਜ਼ਾ ਟ੍ਰੇਨਿੰਗ ਤੋਂ ਬਾਅਦ ਇਨ੍ਹਾਂ ਵਿਦਿਆਰਥਣਾਂ ਨੂੰ ਇਕ ਸਰਟੀਫਿਕੇਟ ਵੀ ਦਿੱਤਾ ਜਾਵੇਗਾ ਅਤੇ ਇਹ ਸਰਟੀਫਿਕੇਟ ਵਿਦਿਆਰਥਣਾਂ ਦੇ ਭਵਿੱਖ ਵਿਚ ਰੋਜ਼ਗਾਰ ਹਾਸਲ ਕਰਨ ਵਿਚ ਬਹੁਤ ਲਾਭਦਾਇਕ ਹੋਵੇਗਾ। ਇਸ ਵਿਸ਼ੇਸ਼ ਟ੍ਰੇਨਿੰਗ ਪ੍ਰੋਗਰਾਮ ਦੌਰਾਨ ਸਰਕਾਰੀ ਕਾਲਜ ਢੋਲਬਾਹਾ ਦੀਆਂ 62 ਵਿਦਿਆਰਥਣਾਂ ਨੇ ਬਹੁਤ ਹੀ ਉਤਸ਼ਾਹਪੂਰਵਕ ਇਸ ਟ੍ਰੇਨਿੰਗ ਪ੍ਰੋਗਰਾਮ ਵਿਚ ਹਿੱਸਾ ਲਿਆ।

# ਫੈਬੋ ਯੂ. ਕੇ. ਦੀ ਸਲਾਨਾ ਆਮ ਮੀਟਿੰਗ 1 ਅਕਤੂਬਰ 2023 ਨੂੰ ਅੰਬੇਡਕਰ ਹਾਲ, ਸਾਊਥਾਲ ਵਿਖੇ ਹੋਈ

ਫੈਬੋ ਯੂ. ਕੇ. ਦੀ ਸਲਾਨਾ ਆਮ ਮੀਟਿੰਗ 1 ਅਕਤੂਬਰ 2023 ਨੂੰ ਅੰਬੇਡਕਰ ਹਾਲ, ਸਾਊਥਾਲ ਵਿਖੇ ਹੋਈ। ਮੀਟਿੰਗ ਦੀ ਸ਼ੁਰੂਆਤ ਬੁਲਾਰਿਆਂ ਨੂੰ ਭੋਜਨ ਛਕਾਉਣ ਨਾਲ ਹੋਈ, ਜਿਸ ਤੋਂ ਬਾਅਦ ਬੁੱਧ, ਧੰਮ ਅਤੇ ਸੰਘ ਦੀ ਸ਼ਰਨ ਲਈ ਬੋਧੀ ਪ੍ਰਾਰਥਨਾ ਕੀਤੀ ਗਈ।

ਪ੍ਰਧਾਨ, ਸ਼੍ਰੀਮਤੀ ਸੰਤੋਸ਼ ਦਾਸ MBE (SD), ਨੇ ਹਾਜ਼ਰੀਨ ਦਾ ਸਵਾਗਤ ਕੀਤਾ ਅਤੇ ਮੀਟਿੰਗ ਦੀ ਪ੍ਰਧਾਨਗੀ ਕੀਤੀ। ਸੈਸ਼ਨ ਦੀ ਸ਼ੁਰੂਆਤ ਪਿਛਲੇ ਸਾਲਾਂ ਦੀਆਂ ਗਤੀਵਿਧੀਆਂ ਦੀ ਸਮੀਖਿਆ ਨਾਲ ਹੋਈ। SD ਨੇ ਪਿਛਲੇ ਸਾਲਾਂ ਦੀਆਂ ਗਤੀਵਿਧੀਆਂ ਅਤੇ ਸਮਾਗਮਾਂ ਬਾਰੇ ਇੱਕ ਅਪਡੇਟ ਪ੍ਰਦਾਨ ਕੀਤੀ। ਉਸਨੇ ਉਜਾਗਰ ਕੀਤਾ ਕਿ ਇਹ ਮੀਟਿੰਗ ਕੋਵਿਡ-19 ਮਹਾਂਮਾਰੀ ਤੋਂ ਬਾਅਦ ਪਹਿਲੀ ਮੀਟਿੰਗ ਹੈ, ਜੋ ਕਈ ਸਾਲਾਂ ਦੇ ਵਕਫ਼ੇ ਤੋਂ ਬਾਅਦ ਹੋ ਰਹੀ ਹੈ। ਇਸਦੀ ਮਹੱਤਤਾ ਨੂੰ ਦੇਖਦੇ ਹੋਏ, ਂਓਿਭੌ੍ਖ ਅਤੇ ਫੈਡਰੇਸ਼ਨ ਦੀਆਂ ਗਤੀਵਿਧੀਆਂ ਦੇ ਮੈਂਬਰ ਸੰਗਠਨਾਂ ਦੀ ਸਮੀਖਿਆ ਕਰਨ ਦੀ ਯੋਜਨਾ ਸੀ।

ਮੀਟਿੰਗ ਦੌਰਾਨ, SD ਨੇ ਹਾਜ਼ਰੀਨ ਨੂੰ 2019 ਵਿੱਚ 10 ਕਿੰਗ ਹੈਨਰੀਜ਼ ਰੋਡ, ਲੰਡਨ ਦੇ ਅਜਾਇਬ ਘਰ ਦੀ ਸਥਿਤੀ ਬਾਰੇ ਜਨਤਕ ਪੁੱਛਗਿੱਛ ਬਾਰੇ ਜਾਣਕਾਰੀ ਦਿੱਤੀ। ਜਿੱਥੇ ਬਾਬਾ ਸਾਹਿਬ ਡਾ: ਅੰਬੇਡਕਰ ਲੰਡਨ ਸਕੂਲ ਆਫ਼ ਇਕਨਾਮਿਕਸ ਅਤੇ ਗ੍ਰੇਜ਼ ਇਨ ਵਿੱਚ ਪੜ੍ਹਦੇ ਹੋਏ ਰਹਿੰਦੇ ਸਨ। ਐਸਡੀ ਨੇ ਹਰ ਪੱਖ ਤੋਂ ਪੁੱਛਗਿੱਛ, ਕਾਨੂੰਨੀ ਪ੍ਰਤੀਨਿਧਤਾ ਅਤੇ ਗਵਾਹਾਂ ਬਾਰੇ ਵੇਰਵੇ ਸਾਂਝੇ ਕੀਤੇ। ਸਾਡੀ ਨੁਮਾਇੰਦਗੀ ਵਿੱਚ ਇੱਕ ਯੋਜਨਾ ਮਾਹਿਰ ਜੈਮੀ ਸੁਲੀਵਾਨ, ਪ੍ਰੋਫੈਸਰ ਡਾ ਵਿਲੀਅਮ ਗੋਲਡ, SD, ਅਤੇ ਜਨਤਾ ਦੇ ਤੀਜੇ ਪੱਖ ਦੇ ਗਵਾਹ ਸ਼ਾਮਲ ਸਨ। ਚਰਚਾ ਨੇ ਮਹੱਤਵਪੂਰਨ ਪੂਰਵ-ਜਾਂਚ ਤਿਆਰੀਆਂ ਨੂੰ ਪ੍ਰਕਾਸ਼ਤ ਕੀਤਾ, ਜਿਸ ਨਾਲ ਸੰਪੱਤੀ ਨੂੰ ਇੱਕ ਅਜਾਇਬ ਘਰ ਵਿੱਚ ਤਬਦੀਲ ਕੀਤਾ ਗਿਆ।

SD ਨੇ ਨੰਬਰ 10 ਕਿੰਗ ਹੈਨਰੀ ਰੋਡ 'ਤੇ ਇੱਕ ਸੰਪਤੀ ਦੇ ਗ੍ਰਹਿਣ, ਨਵੀਨੀਕਰਨ ਅਤੇ ਅੰਬੇਡਕਰ ਦੀ ਯਾਦਗਾਰ ਵਿੱਚ ਤਬਦੀਲ ਕਰਨ ਬਾਰੇ ਦੱਸਿਆ ਅਤੇ ਇਤਿਹਾਸਕ ਸੰਦਰਭ ਪ੍ਰਦਾਨ ਕੀਤਾ। ਉਸਨੇ ਜਨਤਕ ਪੁੱਛਗਿੱਛ ਵਿੱਚ FABO ਦੀ ਮਹੱਤਵਪੂਰਨ ਭੂਮਿਕਾ ਨੂੰ ਉਜਾਗਰ ਕੀਤਾ, ਕੈਮਡੇਨ ਕੌਂਸਲ ਤੋਂ ਪ੍ਰਵਾਨਗੀ ਪ੍ਰਾਪਤ ਕਰਨ ਵਿੱਚ ਮਦਦ ਕੀਤੀ, ਅਤੇ ਗਵਾਹਾਂ ਅਤੇ ਆਲੋਚਨਾਤਮਕ ਸਹਾਇਤਾ ਦੇ ਸੰਗਠਨ ਦੇ ਪ੍ਰਬੰਧ ਦਾ ਹਵਾਲਾ ਦਿੱਤਾ। ਇਹ ਵੀ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਸੀ ਗੌਤਮ (ਸੀਜੀ) ਨੇ ਡਾਕਟਰ ਅੰਬੇਡਕਰ ਦੇ ਘਰ ਨਾਲ ਸਬੰਧ ਸਥਾਪਤ ਕਰਨ ਲਈ ਸੰਬੰਧਿਤ ਸਮੱਗਰੀ ਨੂੰ ਖੋਦਣ ਵਿੱਚ ਮਦਦ ਕੀਤੀ ਸੀ।

SD ਨੇ ਯੂਕੇ ਵਿੱਚ ਜਾਤੀ ਭੇਦਭਾਵ ਨੂੰ ਗ਼ੈਰਕਾਨੂੰਨੀ ਬਣਾਉਣ ਦੀ ਮੁਹਿੰਮ 'ਤੇ ਚੱਲ ਰਹੇ ਵਿਚਾਰ-ਵਟਾਂਦਰੇ ਬਾਰੇ ਇੱਕ ਅਪਡੇਟ ਵੀ ਪ੍ਰਦਾਨ ਕੀਤਾ। ਇਸ ਤੋਂ ਇਲਾਵਾ, ਉਸਨੇ ਜਾਤੀ ਕਾਨੂੰਨ 'ਤੇ 2017 ਦੇ ਜਨਤਕ ਸਲਾਹ-ਮਸ਼ਵਰੇ ਦੇ ਜਵਾਬ ਵਿੱਚ ਸਰਕਾਰ ਦੀ ਸਥਿਤੀ ਬਾਰੇ ਇੱਕ ਅਪਡੇਟ ਪ੍ਰਦਾਨ ਕੀਤੀ। ਜਾਤੀ ਵਿਤਕਰੇ ਵਿਰੁੱਧ ਕਾਨੂੰਨ ਬਣਾਉਣ ਦੀ ਵਕਾਲਤ ਕਰਨ ਵਾਲੀ ਲਹਿਰ ਨੇ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ ਅਤੇ ਅਮਰੀਕਾ, ਕੈਨੇਡਾ ਅਤੇ ਆਸਟ੍ਰੇਲੀਆ ਵਿੱਚ ਇਸ ਮੁੱਦੇ 'ਤੇ ਹੋਈ ਪ੍ਰਗਤੀ ਦਾ ਸੁਆਗਤ ਕੀਤਾ।

ਇਹ ਵੀ ਸਾਂਝਾ ਕੀਤਾ ਗਿਆ ਕਿ FABO ਦੀਆਂ ਮਹੱਤਵਪੂਰਨ ਪ੍ਰਾਪਤੀਆਂ ਵਿੱਚੋਂ ਇੱਕ ਹੈ ਗ੍ਰੇਜ਼ ਇਨ ਵਿਖੇ ਅੰਬੇਡਕਰ ਰੂਮ ਦਾ ਨਿਰਮਾਣ ਅਤੇ ਕਮਰੇ ਵਿੱਚ ਇੱਕ ਨਵਾਂ ਪੋਰਟਰੇਟ ਸਥਾਪਤ ਕਰਨਾ। ਇਹ ਪਹਿਲਕਦਮੀ 2014 ਵਿੱਚ ਸ਼ੁਰੂ ਹੋਈ ਜਦੋਂ ਇੱਕ ਯਾਦਗਾਰ ਸਥਾਪਤ ਕਰਨ ਲਈ ਗ੍ਰੇਜ਼ ਇਨ ਨਾਲ ਗੱਲਬਾਤ ਸ਼ੁਰੂ ਕੀਤੀ ਗਈ। ਉਹ ਇੱਕ ਕਮਰੇ ਦੀ ਮੁਰੰਮਤ ਕਰਨ ਲਈ ਸਹਿਮਤ ਹੋਏ ਅਤੇ ਇਸਨੂੰ ਅੰਬੇਡਕਰ ਰੂਮ ਕਹਿਣ ਲਈ FABO ਦੇ ਨਾਲ ਨਵੀਨੀਕਰਨ ਲਈ 20 ਹਜ਼ਾਰ ਪੌਂਡ ਦੇ ਖੁੱਲ੍ਹੇ ਦਾਨ ਦੀ ਪੇਸ਼ਕਸ਼ ਕੀਤੀ। ਹਾਲਾਂਕਿ, ਕੋਵਿਡ-19 ਦੇ ਪ੍ਰਭਾਵ ਕਾਰਨ, ਪ੍ਰੋਜੈਕਟ ਵਿੱਚ ਦੇਰੀ ਹੋ ਗਈ, ਜਦੋਂ ਕੰਮ ਮੁੜ ਸ਼ੁਰੂ ਹੋਇਆ ਤਾਂ ਗ੍ਰੇਜ਼ ਇਨ ਨੇ ਸਾਰੀਆਂ ਲਾਗਤਾਂ ਦਾ ਭੁਗਤਾਨ ਕਰਨ ਲਈ ਸਹਿਮਤੀ ਦਿੱਤੀ ਅਤੇ FABO ਦੇ ਪ੍ਰਸਤਾਵਿਤ ਵਿੱਤੀ ਯੋਗਦਾਨ ਨੂੰ ਮੁਆਫ ਕਰ ਦਿੱਤਾ ਗਿਆ। ਗ੍ਰੇਜ਼ ਇਨ ਨੇ ਸੁਝਾਅ ਦਿੱਤਾ ਕਿ ਉਹ ਨਵੇਂ ਅੰਬੇਡਕਰ ਰੂਮ ਵਿੱਚ 2016 ਵਿੱਚ ਭਾਰਤ ਸਰਕਾਰ ਦੁਆਰਾ ਦਾਨ ਕੀਤੇ ਗਏ ਬਾਬਾ ਸਾਹਿਬ ਦੀ ਇੱਕ ਮੌਜੂਦਾ ਤਸਵੀਰ ਸਥਾਪਤ ਕਰਨ। SD ਨੇ ਇੱਕ ਨਵੇਂ ਪੋਰਟਰੇਟ ਦੀ ਵਕਾਲਤ ਕੀਤੀ। ਇਸ ਤੋਂ ਬਾਅਦ, ਯੂਕੇ-ਅਧਾਰਤ ਕਲਾਕਾਰ ਡੇਵਿਡ ਤੋਂ ਂਓਿਭੌ ਦੁਆਰਾ ਇੱਕ ਨਵਾਂ ਪੋਰਟਰੇਟ ਬਣਾਇਆ ਗਿਆ ਸੀ।




Newens ਅਤੇ FABO ਮੈਂਬਰਾਂ ਨੇ ਲਾਗਤਾਂ ਵਿੱਚ ਯੋਗਦਾਨ ਪਾਇਆ। ਅੰਬੇਡਕਰ ਰੂਮ ਅਤੇ ਪੋਰਟਰੇਟ ਦਾ ਅਧਿਕਾਰਤ ਤੌਰ 'ਤੇ 30 ਜੂਨ 2021 ਨੂੰ ਗ੍ਰੇਜ਼ ਇਨ ਦੇ ਮਾਸਟਰ ਖਜ਼ਾਨਚੀ ਅਲੀ ਮਲਕ ਕਿਊਸੀ (ਹੁਣ ਕੇਸੀ) ਦੁਆਰਾ, FABO ਦੇ ਬਹੁਤ ਸਾਰੇ ਮੈਂਬਰਾਂ, ਲਾਰਡ ਡੇਵਿਡ ਅਲਟਨ, ਡਾਕਟਰ ਅੰਬੇਡਕਰ ਦੇ ਪੜਪੋਤੇ - ਸੁਜਾਤ ਅੰਬੇਡਕਰ, ਅਤੇ ਕਲਾਕਾਰ ਡੇਵਿਡ ਨਿਊਨਸ. FABO UK ਦੁਆਰਾ 28 ਜੂਨ 2022 ਨੂੰ ਡਾ. ਅੰਬੇਡਕਰ ਦੀ ਸ਼ਤਾਬਦੀ ਦੀ ਯਾਦ ਵਿੱਚ ਇੱਕ ਸਮਾਗਮ ਦਾ ਆਯੋਜਨ ਵੀ ਕੀਤਾ ਗਿਆ ਸੀ, ਜਿਸ ਵਿੱਚ ਲੋਕਾਂ ਦੀ ਕਾਫ਼ੀ ਦਿਲਚਸਪੀ ਸੀ।

FABO UK ਬਾਬਾ ਸਾਹਿਬ ਦੀ ਜਯੰਤੀ ਅਤੇ ਉਹਨਾਂ ਦੇ ਜੀਵਨ ਲਈ ਮਹੱਤਵਪੂਰਨ ਹੋਰ ਸਮਾਗਮਾਂ ਨੂੰ ਮਨਾਉਣ ਲਈ ਸਮਰਪਿਤ ਰਹਿੰਦਾ ਹੈ। SD, ਐਂਟੀ-ਕਾਸਟ ਡਿਸਕ੍ਰਿਮੀਨੇਸ਼ਨ ਅਲਾਇੰਸ ਯੂਕੇ (ਓਛਧਓ) ਦੀ ਚੇਅਰ ਅਤੇ ਂਓਿਭੌ ਦੇ ਪ੍ਰਧਾਨ ਵਜੋਂ ਆਪਣੀਆਂ ਭੂਮਿਕਾਵਾਂ ਵਿੱਚ, ਵੱਖ-ਵੱਖ ਪਲੇਟਫਾਰਮਾਂ ਵਿੱਚ ਜਾਤੀ ਕਾਨੂੰਨ ਦੀ ਸਰਗਰਮੀ ਨਾਲ ਵਕਾਲਤ ਕਰਦੀ ਹੈ। ਇਸ ਤੋਂ ਇਲਾਵਾ, ਂਧ ਨੇ ਕਿਤਾਬ 'ਅੰਬੇਦਕਰ ਇਨ ਲੰਡਨ' (2022) ਨੂੰ ਉਜਾਗਰ ਕੀਤਾ ਜਿਸ ਵਿੱਚ ਉਸਨੇ ਸਹਿ-ਸੰਪਾਦਿਤ ਸਹਿ-ਲੇਖਕ ਯੂ.ਕੇ. ਵਿੱਚ ਅੰਬੇਡਕਰ ਅੰਦੋਲਨ ਦੇ ਇਤਿਹਾਸ ਦਾ ਇੱਕ ਅਧਿਆਏ, ਅੰਬੇਡਕਰ ਮਿਊਜ਼ੀਅਮ ਦਾ ਇੱਕ ਚੈਪਟਰ, ਅਤੇ ਡਾ. ਅਤੇ ਲੰਡਨ ਸਕੂਲ ਆਫ ਇਕਨਾਮਿਕਸ। ਅਰੁਣ ਕੁਮਾਰ (ਏ.ਕੇ.), ਜਨਰਲ ਸਕੱਤਰ FABO UK ਨੇ UK ਵਿੱਚ ਅੰਬੇਡਕਰ ਅੰਦੋਲਨ ਦੇ ਇੱਕ ਅਧਿਆਏ ਨੂੰ ਇਸ ਇਤਿਹਾਸਕ ਰਿਕਾਰਡ ਵਿੱਚ ਯੋਗਦਾਨ ਦਿੱਤਾ।

FABO UK ਦੀਆਂ ਗਤੀਵਿਧੀਆਂ ਬਾਰੇ ਚਰਚਾ ਕਰਦੇ ਹੋਏ ਮੂਕਨਾਇਕ ਨਾਲ ਇੱਕ ਇੰਟਰਵਿਊ ਕੀਤੀ ਸੀ। ਇਸ ਤੋਂ ਇਲਾਵਾ, ਉਸਨੇ ਰਾਜਦੂਤ (ਆਰ.ਟੀ.) ਰਮੇਸ਼ ਚੰਦਰ ਦੀ ਆਉਣ ਵਾਲੀ ਕਿਤਾਬ "ਬਾਬਾ ਸਾਹਿਬ ਅੰਬੇਡਕਰ ਅਤੇ ਉਸਦੀ ਵਿਰਾਸਤ 'ਤੇ ਕੁਝ ਰੈਂਡਮ ਥਾਟਸ - ਦਿ ਬਿਟਸ ਐਂਡ ਪੀਸ" ਸਿਰਲੇਖ ਲਈ ਮੁਖਬੰਧ ਵੀ ਲਿਖਿਆ ਹੈ। ਏ.ਕੇ. ਨੇ ਇੱਕ ਆਉਣ ਵਾਲੀ ਕਿਤਾਬ ਲਈ ਸਤ ਪਾਲ ਮੋਮਨ ਦੇ ਨਾਲ ਅਮਰੀਕਾ ਤੋਂ ਆਏ ਇੱਕ ਪ੍ਰੋਫੈਸਰ ਡਾ. ਗੌਰਵ ਪਠਾਨੀਆ ਦੁਆਰਾ ਇੰਟਰਵਿਊ ਕੀਤੇ ਜਾਣ ਦਾ ਜ਼ਿਕਰ ਕੀਤਾ। ਡਾ: ਪਠਾਨੀਆ (ਜਿਨ੍ਹਾਂ ਨੇ ਹਾਲ ਹੀ ਵਿੱਚ ਇੱਕ ਨਵੀਂ ਫ਼ਿਲਮ 'ਓਰੀਜਿਨ' ਵਿੱਚ ਡਾ. ਅੰਬੇਡਕਰ ਦੀ ਭੂਮਿਕਾ ਨਿਭਾਈ ਹੈ) ਇਸ ਪ੍ਰੋਜੈਕਟ ਵਿੱਚ ਮਿਸਟਰ ਮੋਮਨ ਨਾਲ ਸਰਗਰਮੀ ਨਾਲ ਸਹਿਯੋਗ ਕਰ ਰਿਹਾ ਹੈ।

ਇੱਕ ਵੱਖਰੇ ਅਪਡੇਟ ਵਿੱਚ, ਸੀ. ਗੌਤਮ (ਸੀਜੀ) ਨੇ ਵਿਸ਼ਵਵਿਆਪੀ ਮਹਾਂਮਾਰੀ ਸੰਕਟ ਦੌਰਾਨ ਅਨੁਭਵ ਕੀਤੀਆਂ ਚੁਣੌਤੀਆਂ ਅਤੇ ਮੁਸ਼ਕਲਾਂ ਬਾਰੇ ਵਿਸਥਾਰ ਵਿੱਚ ਦੱਸਿਆ। ਇਸ ਤੋਂ ਇਲਾਵਾ, ਉਸਨੇ ਮਿਸ਼ਨ ਦੇ ਸੰਚਾਲਨ ਵਿੱਚ ਆਏ ਸੰਘਰਸ਼ਾਂ ਅਤੇ ਅੰਦਰੂਨੀ ਮੁੱਦਿਆਂ 'ਤੇ ਚਾਨਣਾ ਪਾਇਆ। ਉਸਨੇ ਇਹਨਾਂ ਚੁਣੌਤੀਆਂ ਨੂੰ ਹੱਲ ਕਰਨ ਲਈ ਆਪਣੇ ਨਿੱਜੀ ਯਤਨਾਂ ਦਾ ਵੀ ਖੁਲਾਸਾ ਕੀਤਾ, ਇੱਕ ਪੱਖ ਹਰ ਕਿਸੇ ਨਾਲ ਖੁੱਲ੍ਹ ਕੇ ਸਾਂਝਾ ਨਹੀਂ ਕੀਤਾ ਗਿਆ।

ਰਾਮ ਪਾਲ ਰਾਹੀ (RPR), ਉਪ ਪ੍ਰਧਾਨ FABO ਨੇ ਪਿਛਲੇ ਚਾਰ ਸਾਲਾਂ ਵਿੱਚ ਕਰਵਾਏ ਗਏ ਵੱਖ-ਵੱਖ ਸਮਾਗਮਾਂ ਅਤੇ ਗਤੀਵਿਧੀਆਂ ਵਿੱਚ ਆਪਣੇ ਅਤੇ FABO ਅਹੁਦੇਦਾਰਾਂ ਦੀ ਭਾਗੀਦਾਰੀ ਬਾਰੇ ਇੱਕ ਅਪਡੇਟ ਪ੍ਰਦਾਨ ਕੀਤੀ। ਇਨ੍ਹਾਂ ਵਿੱਚ ਮਈ ਵਿੱਚ ਬੁੱਧ ਜੈਅੰਤੀ ਅਤੇ ਸੰਘ ਦਾਨ, ਅਕਤੂਬਰ ਵਿੱਚ ਅੰਬੇਡਕਰ ਅਜਾਇਬ ਘਰ ਵਿੱਚ ਦੀਕਸ਼ਾ ਦਿਵਸ ਦੀ ਮੀਟਿੰਗ, 6 ਦਸੰਬਰ ਨੂੰ ਇੰਡੀਆ ਹਾਊਸ ਵਿੱਚ ਪਰਿਨਿਰਵਾਨ ਦਿਵਸ, 26 ਜਨਵਰੀ ਨੂੰ ਗਿਲਡ ਹਾਲ ਵਿੱਚ ਗਣਤੰਤਰ ਦਿਵਸ ਸਮਾਰੋਹ ਅਤੇ ਅੰਬੇਡਕਰ ਹਾਲ ਵਿੱਚ ਕਥੀਨਾ ਸਮਾਰੋਹ ਸ਼ਾਮਲ ਹਨ। ਸਾਊਥਾਲ ਵਿੱਚ। ਇਸ ਤੋਂ ਇਲਾਵਾ, ਅਸੀਂ ਇੰਡੀਆ ਹਾਊਸ ਵਿਖੇ ਅੰਬੇਡਕਰ ਜਯੰਤੀ, ਗ੍ਰੇਜ਼ ਇਨ ਵਿਖੇ 1922 ਵਿੱਚ ਬਾਰ ਵਿੱਚ ਬੁਲਾਏ ਜਾਣ ਵਾਲੇ ਅੰਬੇਡਕਰ ਦੇ ਸ਼ਤਾਬਦੀ ਸਮਾਰੋਹ ਅਤੇ 26 ਨਵੰਬਰ ਨੂੰ ਅੰਬੇਡਕਰ ਮਿਊਜ਼ੀਅਮ ਵਿੱਚ ਸੰਵਿਧਾਨ ਦਿਵਸ ਵਿੱਚ ਸ਼ਾਮਲ ਹੋਏ।

ਵਾਸ਼ਿੰਗਟਨ, ਡੀ.ਸੀ., ਅਮਰੀਕਾ ਵਿੱਚ ਅੰਬੇਡਕਰ ਇੰਟਰਨੈਸ਼ਨਲ ਸੈਂਟਰ ਨੂੰ ਦਾਨ ਦਿੱਤਾ। ਹਰਬੰਸ ਲਾਲ ਵਿਰਦੀ (HLV) ਨੇ ਅੰਬੇਡਕਰ ਭਵਨ, ਜਲੰਧਰ ਵਿਖੇ ਕਰਵਾਏ ਗਏ ਸਮਾਗਮ ਬਾਰੇ ਵੇਰਵੇ ਸਾਂਝੇ ਕੀਤੇ, ਜਿੱਥੇ ਉਹਨਾਂ ਨੇ FABO ਦੀ ਤਰਫੋਂ ਮਰਹੂਮ ਲਾਹੌਰੀ ਰਾਮ ਬੱਲੀ ਅਤੇ ਰਾਜਦੂਤ ਰਮੇਸ਼ ਚੰਦਰ ਨੂੰ ਕਿਤਾਬ "ਅੰਬੇਦਕਰ ਇਨ ਲੰਡਨ" ਭੇਂਟ ਕੀਤੀ। ਰਾਮ ਪਾਲ ਰਾਹੀ ਨੇ ਵਿਦਿਆਰਥੀਆਂ ਲਈ ਇੱਕ ਸਿੱਖਿਆ ਪ੍ਰੋਗਰਾਮ ਸ਼ੁਰੂ ਕੀਤਾ, ਬਹੁਜਨ ਪ੍ਰਤੀਕਾਂ 'ਤੇ ਮੁਕਾਬਲੇ ਕਰਵਾਏ, ਅਤੇ ਹੁਣ ਤੱਕ ਸਫਲ ਵਿਦਿਆਰਥੀਆਂ ਨੂੰ ਇਨਾਮੀ ਰਾਸ਼ੀ ਵਜੋਂ ਇੱਕ ਕਰੋੜ ਰੁਪਏ ਵੰਡੇ ਹਨ।

ਕਨ੍ਹੂੰ ਪਰਮਾਰ ਨੇ ਸੁਝਾਅ ਦਿੱਤਾ ਕਿ ਅੰਬੇਡਕਰਵਾਦੀਆਂ ਨੂੰ ਵੱਖ-ਵੱਖ ਰੀਤੀ-ਰਿਵਾਜਾਂ ਅਤੇ ਰਸਮਾਂ ਨੂੰ ਸ਼ਾਮਲ ਕਰਨ ਦੀ ਬਜਾਏ ਮੂਲ ਸਿਧਾਂਤਾਂ ਨਾਲ ਇਕਸਾਰ ਹੋਣ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਬੁੱਧ ਅਤੇ ਉਨ੍ਹਾਂ ਦੇ ਧੰਮ ਦੇ ਅਨੁਸਾਰ ਬਾਬਾ ਸਾਹਿਬ ਦੇ ਬੁੱਧ ਧਰਮ ਦਾ ਪਾਲਣ ਕਰਨਾ ਚਾਹੀਦਾ ਹੈ। ਦਲਿਤਾਂ ਦੇ ਸਸ਼ਕਤੀਕਰਨ ਦਾ ਵਿਸ਼ਾ, ਸ਼ੁਰੂ ਵਿੱਚ ਪ੍ਰਤਾਪ ਤੰਬੇ ਅਤੇ ਬਲਰਾਮ ਸਾਂਪਲਾ ਦੁਆਰਾ ਪ੍ਰਸਤਾਵਿਤ, ਚਰਚਾ ਲਈ ਏਜੰਡੇ ਵਿੱਚ ਸ਼ਾਮਲ ਕੀਤਾ ਗਿਆ ਸੀ। ਏਕੇ ਨੇ ਦੱਸਿਆ ਕਿ ਜਦੋਂ ਵੀ ਸੰਸਦ ਮੈਂਬਰ ਜਾਂ ਰਾਜਨੀਤਿਕ ਨੇਤਾ ਅੰਬੇਡਕਰ ਮਿਊਜ਼ੀਅਮ ਦਾ ਦੌਰਾ ਕਰਦੇ ਹਨ, FABO UK ਭਾਈਚਾਰੇ ਨੂੰ ਸਸ਼ਕਤ ਕਰਨ ਲਈ LSE ਵਰਗੀਆਂ ਸੰਸਥਾਵਾਂ ਵਿੱਚ ਅੰਬੇਡਕਰ ਸਕਾਲਰਸ਼ਿਪ ਸਥਾਪਤ ਕਰਨ ਦੀ ਵਕਾਲਤ ਕਰਦੇ ਹੋਏ ਮੈਮੋਰੰਡਮ ਪੇਸ਼ ਕਰਦੇ ਹਨ।

ਸੰਤੋਸ਼ ਦਾਸ ਅਤੇ ਅਰੁਣ ਕੁਮਾਰ ਨੇ ਘੋਸ਼ਣਾ ਕੀਤੀ ਕਿ ਉਹਨਾਂ ਨੇ 10 ਸਾਲ (ਸਤੰਬਰ 2023 ਵਿੱਚ ਪੂਰੇ) ਤੋਂ ਬਾਅਦ FABOOK ਦੇ ਪ੍ਰਧਾਨ ਅਤੇ ਜਨਰਲ ਸਕੱਤਰ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫੈਸਲਾ ਕੀਤਾ ਹੈ।

**ਚੋਣ ਕਮਿਸ਼ਨਰ ਦਵਿੰਦਰ ਚੰਦਰ ਦੀ ਅਗਵਾਈ ਹੇਠ 2023-25** ਦੀ ਮਿਆਦ ਲਈ ਨਵੀਂ ਕਾਰਜਕਾਰਨੀ ਦੀ ਚੋਣ ਕੀਤੀ ਗਈ। ਹਾਜ਼ਰੀਨ ਨੇ ਨਵੇਂ ਚੁਣੇ ਗਏ ਅਹੁਦੇਦਾਰਾਂ ਦਾ ਨਿੱਘਾ ਸੁਆਗਤ ਕੀਤਾ: ਪ੍ਰਧਾਨ: ਸ੍ਰੀ ਰਾਮ ਪਾਲ ਰਾਹੀ, ਮੀਤ ਪ੍ਰਧਾਨ: ਜਜਦੀਸ਼। ਗਵਾਰੇ, ਜਨਰਲ ਸਕੱਤਰ: ਪੰਕਜ ਸ਼ਾਮਕੁੰਵਰ, ਸੰਯੁਕਤ ਸਕੱਤਰ: ਸੀ. ਗੌਤਮ, ਖਜ਼ਾਨਚੀ: ਐਸ. ਐਲ. ਗਿੰਦਾ, ਅੰਤਰਰਾਸ਼ਟਰੀ ਕੋਆਰਡੀਨੇਟਰ: ਐਚ.ਐਲ. ਵਿਰਦੀ ਅਤੇ ਡਾ: ਪ੍ਰਦੀਪ ਜਗਤਾਪ।

**ਕਾਰਜਕਾਰੀ ਮੈਂਬਰ:** ਸੰਤੋਸ਼ ਦਾਸ ਐਮ.ਬੀ.ਈ., ਅਰੁਣ ਕੁਮਾਰ, ਕਨ੍ਹੂੰ ਪਰਮਾਰ, ਰਵੀ ਗੌਤਮ, ਸਤਪਾਲ ਪਾਲ, ਜਸਵੰਤ ਸੁੰਡਾ, ਹੰਸਰਾਜ ਸਾਂਪਲਾ, ਬਖਸ਼ੀ। ਬਿਰਦੀ, ਮਿਲਿੰਦ ਕੌਲ, ਨਰੇਸ਼ ਮਹਿਮੀ, ਧਮਪਤ ਰੱਤੂ, ਐਨ.ਐਸ. ਮਹਿਮੀ, ਚਮਨ ਲਾਲ, ਸ੍ਰੀਮਤੀ ਸ਼ਲਾਕਾ ਅਹੀਰੇ, ਚਰਨਜੀਤ ਚੁੰਬਰ, ਦਵਿੰਦਰ ਚੰਦਰ, ਦੌਲਤਾ ਬਾਲੀ, ਗੁਰਦਵਿੰਦਰ ਕੁਮਾਰ, ਮੇਹਰ ਚੰਦ ਜੱਸਲ, ਮੁਲਕ ਚੰਦ, ਰਾਹੁਲ ਗਿੰਦਾ, ਨਿਸ਼ਾ ਗਿੰਦਾ, ਦੇਸ਼ ਜੱਸਲ ਸਕੱਤਰ ਅਰੁਣ ਕੁਮਾਰ ਦੇ ਧੰਨਵਾਦ ਅਤੇ ਪ੍ਰਸ਼ੰਸਾ ਦੇ ਪ੍ਰਗਟਾਵੇ ਨਾਲ ਹੋਈ। ਨਵੇਂ ਚੁਣੇ ਗਏ ਜਨਰਲ ਸਕੱਤਰ ਪੰਕਜ ਸ਼ਾਮਕੁੰਵਰ ਵੱਲੋਂ ਧੰਨਵਾਦ ਦਾ ਮਤਾ ਪੇਸ਼ ਕੀਤਾ ਗਿਆ ਅਤੇ ਉਨ੍ਹਾਂ ਨੇ ਐਲਾਨ ਕੀਤਾ ਕਿ ਅਗਲੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਦਸੰਬਰ 2023 ਦੇ ਆਖਰੀ ਹਫ਼ਤੇ ਹੋਵੇਗੀ।

**ਰਿਪੋਰਟ- ਪੰਕਜ ਸ਼ਾਮਕੁੰਵਰ, ਜਨਰਲ ਸਕੱਤਰ**
**ਫੈਡਰੇਸ਼ਨ ਆਫ ਅੰਬੇਡਕਰਾਈਟ ਐਂਡ ਬੁੱਧਿਸਟ ਆਰਗੇਨਾਈਜ਼ੇਸ਼ਨਜ਼ ਯੂ.ਕੇ**
**07466661855**

# ਸਾਹਿਬ ਸ਼੍ਰੀ ਕਾਂਸ਼ੀ ਰਾਮ ਸਮਾਜ ਭਲਾਈ ਕਮੇਟੀ ਵਲੋਂ ਬੱਚਿਆਂ ਨੂੰ ਸਟੇਸ਼ਨਰੀ ਵੰਡ ਕੇ ਕਾਂਸ਼ੀ ਰਾਮ ਜੀ ਦਾ ਪਰੀਨਿਰਵਾਣ ਦਿਵਸ ਮਨਾਇਆ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਰਕਾਰੀ ਪ੍ਰਾਇਮਰੀ ਸਕੂਲ ਗੜ੍ਹਸ਼ੰਕਰ ਰੋਡ ਨਵਾਂਸ਼ਹਿਰ ਵਿਖੇ ਸਾਹਿਬ ਸ਼੍ਰੀ ਕਾਂਸ਼ੀ ਰਾਮ ਸਮਾਜ ਭਲਾਈ ਕਮੇਟੀ ਪੰਜਾਬ ਵਲੋਂ ਸ਼੍ਰੀ ਕਾਂਸ਼ੀ ਰਾਮ ਜੀ ਦਾ 17 ਵਾਂ ਪਰੀਨਿਰਵਾਣ ਦਿਵਸ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਜਿਸ ਵਿੱਚ ਵਿਸ਼ੇਸ਼ ਮਹਿਮਾਨ ਵਜੋਂ ਸ਼੍ਰੀ ਕੁੰਦਨ ਲਾਲ ਝੰਮਟ ਜੀ ਵਲੋਂ ਹਾਜਰੀ ਲਗਵਾਈ ਗਈ। ਉਹਨਾਂ ਦੇ ਨਾਲ ਬੋਧੀ ਰਤਨ ਦਿੱਲੀ ਵਾਲੇ ਵੀ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਮੁੱਖ ਮਹਿਮਾਨ ਜੀ ਨੇ ਸਕੂਲ ਦੇ ਬੱਚਿਆਂ ਵਾਸਤੇ 600 ਕਾਪੀਆਂ, ਪੈਨਸਲਾਂ ਤੇ ਹੋਰ ਸਮੱਗਰੀ ਬੱਚਿਆਂ ਨੂੰ ਦਿ-ਦਿਆ ਕਿਹਾ ਕਿ ਬਾਬਾ ਸਾਹਿਬ ਡਾਕਟਰ ਭੀਮ ਰਾਉ ਅੰ-ਬੇਡਕਰ ਜੀ ਨੇ ਆਪਣੀ ਜਿੰਦਗੀ ਵਿੱਚ ਪੜ੍ਹਾਈ ਨੂੰ ਵਿਸ਼ੇਸ਼ ਤਵੱਜੋਂ ਦਿੱਤੀ। ਉਹਨਾਂ ਦੀ ਸਖਤ ਮਿਹਨਤ ਦਾ ਸਫਲ ਪਰਿਣਾਮ ਸਾਨੂੰ ਸਾਨੂੰ ਭਾਰਤ ਦੇ ਸੰਵਿਧਾਨ ਦੇ ਰੂਪ ਵਿੱਚ ਮਿਲਿਆ। ਬਾਬਾ ਸਾਹਿਬ ਜੀ ਦੀ ਸਖਤ ਮਿਹਨਤ ਕਰਕੇ ਅਸੀਂ ਆਪਣੇ ਘਰਾਂ ਵਿਚ ਸੁੱਖ ਆਰਾਮ ਦੀ ਜਿੰਦਗੀ ਜੀਅ ਰਹੇ ਹਾਂ। ਇਸ ਮੌਕੇ ਸ਼੍ਰੀ ਕਾਂਸ਼ੀ ਰਾਮ ਸਮਾਜ ਭਲਾਈ ਕਮੇਟੀ ਪੰਜਾਬ ਦੇ ਪ੍ਰਧਾਨ ਨਿੱਕੂ ਰਾਮ ਜਨਾਗਲ ਨੇ ਆਖਿਆ ਕਿ ਸਾਨੂੰ ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਜਿਹਨਾਂ ਦੇਸ਼ ਭਰ ਦੇ ਤੀਸਰੇ ਵਿਗਿਆਨੀ ਦੇ ਦਰਜੇ ਵਾਲੀ ਨੌਕਰੀ ਨੂੰ ਠੁੱਡੇ ਮਾਰ ਕੇ ਗਰੀਬ ਵਰਗ ਦੀ ਬਿਹਤਰੀ ਲਈ ਆਪਣਾ ਸਾਰਾ ਜੀਵਨ ਲਗਾ ਦਿੱਤਾ। ਉਹਨਾਂ ਸਾਡੇ ਵਾਸਤੇ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਵਲੋਂ ਕੀਤੇ ਸੰਘਰਸ਼ਾਂ ਤੋਂ ਜਾਣੂ ਕਰਵਾਇਆ ਤੇ ਸਾਡੀ ਖਾਤਰ ਉਹਨਾਂ ਜਿੰਦਗੀ ਵਿੱਚ ਜੋ ਦੁੱਖ ਝੱਲੇ ਉਹਨਾਂ ਦੇ ਰੂਬਰੂ ਕਰਵਾਇਆ। ਆਪ ਵੀ ਉਹਨਾਂ ਦੀ ਜਿੰਦਗੀ ਦੇ ਸੰਘੰਰਸ਼ ਤੋਂ ਪ੍ਰੇਰਨਾ ਲੈ ਕੇ ਸਮਾਜ ਲਈ ਜੀਅ ਜਾਨ ਲਗਾ ਦਿੱਤੀ। ਸੁੱਤੇ ਪਏ ਲੋਕਾਂ ਨੂੰ ਜਗਾ ਕੇ ਐਮ ਐਲ ਏ, ਐਮ ਪੀ ਬਣਾਇਆ, ਮੰਤਰੀ ਬਣਾਇਆ ਤੇ ਮੁੱਖ ਮੰਤਰੀ ਬਣਾ ਕੇ ਆਪਣੇ ਵਰਗਾਂ ਨੂੰ ਇਨਸਾਫ ਦੇਣ ਵਾਲੇ ਰਾਜੇ ਵੀ ਬਣਾਇਆ। ਇਸ ਮੌਕੇ ਤੇ ਸ਼੍ਰੀ ਦੇਸ ਰਾਜ ਨੌਰਦ ਨੇ ਕਿਹਾ ਕਿ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦਾ ਮਿਸ਼ਨ ਪੜੋ, ਜੁੜੋ ਤੇ ਸੰਘੰਰਸ਼ ਕਰੋ ਨੂੰ ਸਮਝਦੇ ਹੋਏ ਪੂਰੇ ਭਾਰਤ ਵਿੱਚ ਇਕ ਨਵੀਂ ਪਹਿਚਾਣ ਬਣਾਈ। ਉਹ ਬਾਮਸੇਫ, ਡੀ ਐਸ ਫੋਰ ਤੇ ਫਿਰ ਬਹੁਜਨ ਸਮਾਜ ਪਾਰਟੀ ਦੇ ਕਰਤਾ ਧਰਤਾ ਵੀ ਬਣੇ। ਉਹਨਾਂ ਟੁਕੜਿਆਂ ਵਿੱਚ ਵੰਡੇ ਸਮਾਜ ਨੂੰ ਇਕ ਝੰਡੇ ਹੇਠ ਇਕਜੁੱਟ ਕਰਨ ਵਿੱਚ ਬਹੁਤ ਵੱਡਾ ਰੋਲ ਨਿਭਾਇਆ। ਇਸ ਮੌਕੇ ਤੇ ਚੇਅਰਮੈਨ ਡਾਕਟਰ ਕਮਲਜੀਤ ਨੇ ਕਿਹਾ ਕਿ ਅੱਜ ਦੇਸ਼ ਅੰਦਰ ਧਰਮਾਂ ਦੀ ਆੜ ਹੇਠ ਲੋਕਾਂ ਨੂੰ ਆਪਸ ਵਿੱਚ ਲਗਾਇਆ ਜਾ ਰਿਹਾ ਹੈ। ਪਰ ਸਾਨੂੰ ਸਾਰਿਆਂ ਨੂੰ ਦੂਰਅੰਦੇਸ਼ੀ ਸੋਚ ਤੋਂ ਕੰਮ ਲੈ ਕੇ ਸੂਝਵਾਨ ਬਣਨਾ ਚਾਹੀਦਾ ਹੈ ਤੇ ਸਾਰੇ ਵਰਗਾਂ ਨਾਲ ਪਿਆਰ ਨਾਲ ਮਿਲ ਕੇ ਰਹਿਣਾ ਚਾਹੀਦਾ ਹੈ। ਸਾਨੂੰ ਸਾਰਿਆਂ ਨੂੰ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੀ ਸੋਚ ਲਈ ਕੰਮ ਕਰਨਾ ਚਾਹੀਦਾ ਹੈ। ਇਸ ਮੌਕੇ ਸ਼੍ਰੀ ਸਤੀਸ਼ ਕੁਮਾਰ ਵਲੋਂ ਵੀ ਆਪਣੇ ਵਿਚਾਰ ਸਾਂਝੇ ਕੀਤੇ ਗਏ। ਇਸ ਮੌਕੇ ਤੇ ਸੰਦੀਪ ਸਿੰਘ ਕਲੇਰ, ਸਤਪਾਲ ਬਾਲੀ, ਪਰਗਟ ਬਿਲਗਾ ਲੁਧਿਆਣੇ ਵਾਲੇ, ਦਿੱਲੀ ਤੋਂ ਰਾਣੀ ਚੌਪੜਾ, ਜੋਗ ਰਾਜ, ਰਾਕੇਸ਼ ਕੁਮਾਰ, ਪ੍ਰਸ਼ੋਤਮ ਕੁਮਾਰ, ਮਨਜੀਤ ਕੌਰ, ਰੇਨੂੰ, ਨੀਲਮ ਭਾਟੀਆ, ਸੋਨੀਆ, ਰਵੀ ਕੁਮਾਰ, ਨਰਿੰਦਰ ਕੌਰ ਐਚ ਟੀ ਤੇ ਮਿੱਡ-ਡੇ-ਮੀਲ ਵਰਕਰ ਤੇ ਮੈਡਮ ਮਨਜੀਤ ਕੌਰ ਵੀ ਮੌਜੂਦ ਸਨ।



# ਮੇਲੇ ਦੀ ਸਫ਼ਲਤਾ ਲਈ ਸੇਵਾਵਾਂ ਦੀ ਲੱਗੀ ਝੜੀ, ਕਵੀ, ਰੰਗ ਕਰਮੀ ਜਸਵੰਤ ਖਟਕੜ ਦਾ ਰੂ-ਬ-ਰੂ ਅਤੇ ਸਨਮਾਨ



**ਜਲੰਧਰ–** ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਦੇ ਦਿਨ 30, 31 ਅਕਤੂਬਰ ਅਤੇ 1 ਨਵੰਬਰ ਜਿਉਂ ਜਿਉਂ ਲਾਗੇ ਆ ਰਹੇ ਹਨ ਤਿਉਂ ਤਿਉਂ ਦੇਸ਼ ਭਗਤ ਯਾਦਗਾਰ ਹਾਲ ਨੂੰ ਹਰ ਤਰ੍ਹਾਂ ਦਾ ਸਮਰਥਨ ਦੇਣ ਲਈ ਸਾਹਿਤਕਾਰ, ਲੇਖਕ, ਰੰਗ ਕਰਮੀ, ਤਰਕਸ਼ੀਲ, ਜਮਹੂਰੀ ਕਾਮੇ, ਗ਼ਦਰੀ ਬਾਬਿਆਂ ਬੱਬਰ ਅਕਾਲੀਆਂ ਦੇ ਪਿੰਡਾਂ ਅਤੇ ਜਨਤਕ ਜੱਥੇਬੰਦੀਆਂ ਤੋਂ ਇਲਾਵਾ ਇੰਗਲੈਂਡ, ਕਨੇਡਾ, ਅਮਰੀਕਾ ਤੋਂ ਪਰਿਵਾਰ ਆਉਣੇ ਸ਼ੁਰੂ ਹੋ ਗਏ ਹਨ। ਮੇਲੇ ਲਈ ਚਾਰ-ਚੁਫ਼ੇਰਿਓ ਹਰ ਤਰ੍ਹਾਂ ਦਾ ਸਮਰਥਨ ਮਿਲ ਰਿਹਾ ਹੈ।


ਕਈ ਦਹਾਕੇ ਪਹਿਲਾਂ ਪੰਜਾਬੀ ਰੰਗ ਮੰਚ ਅਤੇ ਕਵਿਤਾ ਦੇ ਖੇਤਰ 'ਚ ਚਰਚਿਤ ਨਾਮ ਜਸਵੰਤ ਖਟਕੜ ਅੱਜ ਦੇਸ਼ ਭਗਤ ਯਾਦਗਾਰ ਹਾਲ ਆਏ। ਉਹਨਾਂ ਨੇ ਮੇਲੇ ਲਈ ਆਪਣੀਆਂ ਸੇਵਾਵਾਂ ਅਰਪਤ ਕੀਤੀਆਂ। ਜਸਵੰਤ ਖਟਕੜ ਨਾਲ ਹੋਏ ਰੂ-ਬ-ਰੂ 'ਚ ਚਾਰ ਦਹਾਕੇ ਪਹਿਲਾਂ ਰੰਗਮੰਚ, ਕਵਿਤਾ ਅਤੇ ਇਨ-ਕਲਾਬੀ ਲਹਿਰ ਦੇ ਲੜ ਲੱਗਣ ਦੇ ਤਜ਼ਰਬੇ ਸਾਂਝੇ ਕੀਤੇ। ਮੂੰਹ ਜ਼ੁਬਾਨੀ ਲੋਕ ਗੀਤਾਂ ਵਰਗਾ ਰੰਗ ਕਰਮੀ ਜਸਵੰਤ ਖਟਕੜ ਕਲਾ, ਕਲਮ ਦਾ ਧਨੀ, ਦਹਿਕਦੇ ਅੰਗਿਆਰਾਂ 'ਤੇ ਸੌਣ ਦੀ ਆਵਾਜ਼ ਦੇਣ ਵਾਲੇ ਪਾਸ਼, 'ਧਮਕ ਨਗਾਰੇ ਦੀ' ਦਾ ਮੰਚਣ ਕਰਨ ਵਾਲੇ ਗੁਰਸ਼ਰਨ ਭਾਅ ਜੀ ਦਾ ਨਿੱਕੀ ਉਮਰ ਦਾ ਸੰਗੀ ਸਾਥੀ ਹੈ, ਅੱਜ ਵੀ ਇਹੋ ਸਮਝਦਾ ਹੈ ਕਿ ਰੰਗ ਮੰਚ ਦਾ ਕੋਈ ਬਦਲ ਨਹੀਂ।

ਉਸਨੇ ਆਪਣੇ ਨਾਟਕਾਂ ਅਤੇ ਕਵਿਤਾਵਾਂ ਨਾਲ ਦੇਸ਼ ਭਗਤ ਯਾਦਗਾਰ ਹਾਲ ਅੰਦਰ 'ਸੀਸ ਤਲੀ 'ਤੇ' ਧਰ ਤੁਰੇ ਬੱਬਰਾਂ ਦੀ ਸੂਰਮਗਤੀ ਨੂੰ ਆਜ਼ਾਦੀ ਸੰਗਰਾਮ ਦੇ ਮਿਸ਼ਨ ਨਾਲ ਵਧੇਰੇ ਜੋੜਕੇ ਸਮੀਖ਼ਿਆ ਕਰਨ 'ਤੇ ਜੋਰ ਦਿੱਤਾ।

ਜਸਵੰਤ ਖਟਕੜ ਨਾਲ ਰੂਬਰੂ ਉਪਰੰਤ ਉਹਨਾਂ ਨੂੰ ਕਮੇਟੀ ਦੀ ਪੱਤ੍ਰਿਕਾ 'ਵਿਰਸਾ', ਗ਼ਦਰੀ ਗੁਲਾਬ ਕੌਰ ਅਤੇ 'ਬਸੰਤ ਰੁੱਤ ਆਏਗੀ' ਪੁਸਤਕਾਂ ਭੇਂਟ ਕਰਕੇ ਕਮੇਟੀ ਦੀ ਤਰਫ਼ੋਂ ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਸੀਨੀਅਰ ਟਰੱਸਟੀ ਅਤੇ ਮਿਊਜ਼ੀਅਮ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ, ਸਾਬਕਾ ਵਿੱਤ ਸਕੱਤਰ ਅਤੇ ਟਰੱਸਟੀ ਰਣਜੀਤ ਸਿੰਘ ਔਲਖ ਨੇ ਸਨਮਾਨਤ ਕੀਤਾ।

ਇਉਂ ਹੀ ਅੱਜ ਮਾਨਵਤਾ ਕਲਾ ਮੰਚ ਨਗਰ ਦੀ ਨਾਟਕਕਾਰ ਕੁਲਵੰਤ ਕੌਰ ਨਗਰ ਅਤੇ ਨਿਰਦੇਸ਼ਕ ਜਸਵਿੰਦਰ ਪੱਪੀ ਨੇ ਕਿਹਾ ਕਿ ਗ਼ਦਰ ਇਤਿਹਾਸ, ਵਿਰਾਸਤ ਨੂੰ ਸੰਭਾਲਣ ਅਤੇ ਇਸ ਦੀ ਲੋਅ ਨਾਲ ਲੋਕ ਮਨਾਂ ਨੂੰ ਰੁਸ਼ਨਾ ਲਈ ਯਾਦਗਾਰ ਦੇ ਵਿਹੜੇ ਲੱਗ ਰਹੇ ਮੇਲੇ 'ਚ ਸਾਡੀ ਟੀਮ ਸੇਵਾਵਾਂ ਦੇਵੇਗੀ ਅਤੇ 31 ਅਕਤੂਬਰ ਸ਼ਾਮ ਠੀਕ 8 ਵਜੇ 'ਚਿੜੀਆਂ ਦਾ ਚੰਬਾ' ਨਾਟਕ ਪੇਸ਼ ਕਰੇਗੀ। ਕਮੇਟੀ ਨੇ ਮਾਨਵਤਾ ਕਲਾ ਮੰਚ ਦਾ ਧੰਨਵਾਦ ਕੀਤਾ।

# ਸ੍ਰੀ ਗੁਰੂ ਰਵਿਦਾਸ ਟੈਂਪਲ ਮਨੈਰਬੀਓ (ਬਰੇਸ਼ੀਆ) ਵਿਖੇ ਵਿਸ਼ੇਸ਼ ਸਮਾਗਮ ਦਾ ਆਯੋਜਨ 21 ਅਕਤੂਬਰ ਨੂੰ- ਦੋਲੀਕੇ





**ਰੋਮ (ਇਟਲੀ) (ਟੇਕਚੰਦ ਜਗਤਪੁਰ)–** ਗੁਰੂ ਰਵਿਦਾਸ ਟੈਂਪਲ (ਮਨੈਰਬੀਓ ) ਬਰੇਸ਼ੀਆ ਵਿਖੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ 21 ਅਕਤੂਬਰ ਦਿਨ ਸ਼ਨੀਵਾਰ ਸ਼ਾਮੀ 4 ਵਜੇ ਵਿਸ਼ੇਸ਼ ਸਮਾਗਮ ਦਾ ਆਯੋਜਨ ਕੀਤਾ ਜਾ ਰਿਹਾ ਹੈ।ਇਸ ਸਬੰਧੀ ਗੱਲਬਾਤ ਕਰਦਿਆ ਪ੍ਰਧਾਨ ਸ੍ਰੀ ਅਮਰੀਕ ਲਾਲ ਦੌਲੀਕੇ ਨੇ ਦੱਸਿਆ ਕਿ ਇਸ ਸਮਾਗਮ ਵਿਚ ਕੌਮ ਦੇ ਪ੍ਰਚਾਰਕ ਸੰਤ ਵੀਰ ਸਿੰਘ ਹਿਤਕਾਰੀ ਜੀ ਉਚੇਚੇ ਤੌਰ ਤੇ ਸ਼ਿਰਕਤ ਕਰਨਗੇ।ਜੋ ਕਿ ਧੰਨ ਧੰਨ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਬਾਣੀ ਅਤੇ ਵਿਚਾਰਧਾਰ ਦਾ ਪ੍ਰਚਾਰ ਅਤੇ ਪ੍ਰਸਾਰ ਕਰਨ ਲਈ ਯੋਰਪ ਦੇ ਦੌਰੇ ਤੇ ਹਨ। ਸੰਤ ਵੀਰ ਸਿੰਘ ਹਿਤਕਾਰੀ ਜੀ ਭਾਰਤ ਦਾ ਸੂਬਾ ਉਤਰਪਰਦੇਸ਼ ਨਾਲ ਸਬੰਧਤ ਹਨ। ਜਿਹਨਾਂ ਦਾ ਮਿਲਾਪ 1990 ਵਿਚ ਅਮਰ ਸ਼ਹੀਦ ਸੰਤ ਰਾਮਾਨੰਦ ਜੀ ਦੇ ਨਾਲ ਹੁੰਦਾ ਹੈ ਉਨ੍ਹਾਂ ਤੋਂ ਪ੍ਰਭਾਵਿਤ ਹੋ ਸੰਤ ਵੀਰ ਸਿੰਘ ਹਿਤਕਾਰੀ ਜੀ ਨੇ ਪ੍ਰਣ ਕੀਤਾ ਮੈਂ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਵਿਚਾਰਧਾਰਾ ਦੁਨੀਆਂ ਦੇ ਹਰ ਕੋਨੇ ਵਿਚ ਪਹੁੰਚਾਵਾਂਗਾ। ਉਨ੍ਹਾਂ ਦੇ ਨਾਲ ਯੋਰਪ ਦੇ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਮਿਸ਼ਨ ਦੇ ਨਿਧੜਕ ਪ੍ਰਚਾਰਕ ਸ੍ਰੀ ਕੇਸ਼ਵ ਢੰਡਾ ਜੀ ਚੈਅਰਮੈਨ ਗਲੋਬਲ ਰਵੀਦਾਸੀਆਂ ਵੈਲਫ਼ੇਅਰ ਫਾਊਡੇਸ਼ਨ ਯੋਰਪ ਵੀ ਸ਼ਿਰਕਤ ਕਰਨਗੇ।

ਉਨਾ ਸਮੂੰਹ ਸੰਗਤ ਨੂੰ ਨਿਮਰਤਾ ਬੇਨਤੀ ਕੀਤੀ ਕਿ ਇਸ ਸ਼ੁੱਭ ਦਿਹਾੜੇ ਤੇ ਗੁਰੂ ਘਰ ਪਹੁੰਚ ਕੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਅਤੇ ਵਿਚਾਰਧਾਰਾ ਤੇ ਬਾਣੀ ਉਪਰ ਹੋ ਰਹੇ ਧਾਰਮਿਕ ਸਮਾਗਮ ਦਾ ਹਿੱਸਾ ਬਣੀਏ। ਸੰਤ ਮਹਾਂਪੁਰਸ਼ਾਂ ਪ੍ਰਬਚਨ ਤੇ ਬਾਣੀ ਸਰਵਣ ਕਰੀਏ ਅਤੇ ਅਪਣਾ ਜੀਵਨ ਸਫਲਾ ਕਰੀਏ।

# ਬਸਪਾ ਆਗੂਆਂ ਨੇ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਪ੍ਰੀਨਿਰਵਾਣ ਦਿਵਸ 'ਤੇ ਕੀਤੇ ਸ਼ਰਧਾ ਦੇ ਫੁੱਲ ਭੇਂਟ



**ਫਗਵਾੜਾ 10 ਅਕਤੂਬਰ (ਬੀ.ਕੇ.ਰੱਤ)–** ਬਾਮਸੇਫ ਡੀ ਐਸ ਫੋਰ ਤੇ ਬਸਪਾ ਦੇ ਸੰਸਥਾਪਕ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਪਰੀਨਿਰਵਾਣ ਦਿਵਸ ਤੇ ਪਿੰਡ ਖੋਥੜਾਂ ਵਿਖੇ ਡਾ. ਅੰਬੇਦਕਰ ਜੀ ਦੇ ਨਾਮ ਤੇ ਸਥਾਪਿਤ ਪਾਰਕ ਵਿਚ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਨੂੰ ਬਸਪਾ ਪੰਜਾਬ ਦੇ ਜਨਰਲ ਸਕੱਤਰ ਤੇ ਬਸਪਾ ਇੰਚਾਰਜ ਹਲਕਾ ਬੰਗਾ ਦੀ ਅਗਵਾਈ ਵਿਚ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਸ਼ਰਧਾਂਜਲੀ ਭੇਂਟ ਕਰਦਿਆਂ ਸ਼੍ਰੀ ਪ੍ਰਵੀਨ ਬੰਗਾ ਨੇ ਆਖਿਆ ਕਿ ਪੰਜਾਬ ਦੇ ਜੰਮਪਲ ਸਾਹਿਬ ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਡਾ ਅੰਬੇਦਕਰ ਜੀ ਦੇ ਕਥਨ ਗੁਲਾਮਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾ ਦਿਉ ਉਹ ਬਗਾਵਤ ਕਰ ਦੇਣਗੇ ਉਨ੍ਹਾਂ ਦੇ ਨਾਹਰੇ ਨੂੰ ਸੱਚ ਕਰ ਦਿਖਾਇਆ। ਮਾਨਵੀ ਅਧਿਕਾਰਾਂ ਦੀ ਲੜਾਈ ਲੜਨ ਵਾਲੇ ਮਹਾਂਪੁਰਸ਼ਾਂ ਦੇ ਅੰਦੋਲਨ ਨੂੰ ਸਮਾਜ ਵਿਚ ਮਜਬੂਤ ਕਰਨ ਤੇ ਬਾਬਾ ਸਾਹਿਬ ਡਾ ਅੰਬੇਡਕਰ ਜੀ ਦੀ ਵਿਚਾਰਧਾਰਾ ਨੂੰ ਰਾਜ ਕਰਨ ਵਾਲੀ ਵਿਚਾਰਧਾਰਾ ਬਣਾਉਣ ਵਿਚ ਬਹੁਤ ਵੱਡਾ ਯੋਗਦਾਨ ਪਾਇਆ ਹੈ। ਅੱਜ ਬਸਪਾ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਯੋਗ ਅਗਵਾਈ ਵਿਚ ਸਾਹਿਬ ਸ਼੍ਰੀ ਕਾਸ਼ੀ ਰਾਮ ਜੀ ਦੇ ਕਾਰਵਾਂ ਨੂੰ ਦੇਸ਼ ਭਰ ਵਿਚ ਅਗੇ ਵਧਾਉਣ ਵਿੱਚ ਲੱਗੇ ਹੋਏ ਹਨ। ਇਸ ਮੌਕੇ ਤੇ ਸਰਪੰਚ ਅਸ਼ੋਕ ਕੁਮਾਰ, ਸਾਬਕਾ ਸਰਪੰਚ ਜਸਵਿੰਦਰ ਕੋਰ, ਸਾਬਕਾ ਸਰਪੰਚ ਕਮਲਜੀਤ, ਸਾਬਕਾ ਸਰਪੰਚ ਰਜਿੰਦਰ ਕੁਮਾਰ, ਰਮੇਸ਼ ਲਾਲ ਪੰਚ, ਪ੍ਰਧਾਨ ਚਾਂਦੀ ਰਾਮ ਸਾਬਕਾ ਪੰਚ, ਰਾਮ ਲਾਲ, ਹਰਬੰਸ ਲਾਲ ਬੰਗਾ, ਹੰਸ ਰਾਜ, ਵਿਜੇ ਕੁਮਾਰ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਬੀਬੀਆਂ ਨੇ ਸਾਹਿਬ ਕਾਂਸ਼ੀ ਰਾਮ ਨੂੰ ਸ਼ਰਧਾਂਜਲੀ ਭੇਟ ਕੀਤੀ।


NSB Insurance

NIRMAL SINGH BADHAN

for Insurance Call:
NIRMAL SINGH BADHAN
707-228-2020

HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS



Call: 707-228-2020,
Fax: 707-260-2813

Lic #0144676
www.nsbinsures.com
1519 Gary CT., Rohnert Park, CA 94928

RE/MAX Gold
Each Office Independently Owned and Operated

ਰਿਹਾਇਸ਼ੀ ਜਾਂ ਵਪਾਰਕ ਸੰਪਤੀਆਂ ਵੇਚਣ ਅਤੇ ਖਰੀਦਣ ਲਈ ਸੰਪਰਕ ਕਰੋ ਜੀ

Dil Nijjar REALTOR ®
CalBRE # 01418648

Honesty Starts From Here
SELL OR BUY
Residential • Business • Commercial
Lease • Investment Property and Land
Serving in Greater Sacramento area since 2004



Cell: 916-628-2210
Fax: 916-745-3424
Office: 916-285-1000
Email : Dil.Realtor@gmail.com

2081 Arena Blvd # 100 Sacramento, CA 95834

# ਸਕਾਟਲੈਂਡ ਦੀ ਐਮ ਐਸ ਪੀ ਕਾਉਕਬ ਸਟੀਵਰਟ ਨੇ 1984 ਦੀ ਸਿੱਖ ਵਿਰੋਧੀ ਹਿੰਸਾ ਖਿਲਾਫ ਪਾਰਲੀਮੈਂਟ 'ਚ ਮੋਸ਼ਨ ਪੇਸ਼ ਕੀਤਾ

**ਗਲਾਸਗੋ (ਮਨਦੀਪ ਖੁਰਮੀ ਹਿੰਮਤਪੁਰਾ)** 1984 ਵਰ੍ਹੇ ਦੇ 31 ਅਕਤੂਬਰ ਤੋਂ 4 ਨਵੰਬਰ ਤੱਕ ਦਿੱਲੀ ਵਿੱਚ ਮੌਤ ਦਾ ਤਾਂਡਵ ਨਾਚ ਕਿਸੇ ਨੂੰ ਭੁੱਲਿਆ ਨਹੀਂ ਹੈ। ਚੁਣ ਚੁਣ ਕੇ ਸਿੱਖ ਪਰਿਵਾਰਾਂ ਦੀਆਂ ਇੱਜ਼ਤਾਂ ਹੀ ਲੰਗਾਰ ਨਹੀਂ ਕੀਤੀਆਂ ਸਗੋਂ ਉਹਨਾ ਨੂੰ ਆਪਣੇ ਘਰਾਂ ਕਾਰੋਬਾਰਾਂ ਤੱਕ ਦੇ ਨਾਲ ਨਾਲ ਜਾਨਾਂ ਤੋਂ ਵੀ ਹੱਥ ਧੋਣੇ ਪਏ।




Remembering the Anti-Sikh Violence of 1984

Submitted by: Kaukab Stewart, Glasgow Kelvin, Scottish National Party.
Date lodged: Monday, 02 October 2023
Motion reference: S6M-10590

That the Parliament remembers the violence against Sikh men, women, and children in India in October and November 1984; notes reports that, from 31 October to 4 November 1984, over 3,000 Sikhs were murdered across India, with some estimates suggesting that the number of lives taken could be as high as 17,000; understands that Sikhs were assaulted and tortured, and that Sikh women were sexually assaulted and raped by groups of attackers; notes from reports that Sikh homes, businesses and places of worship (Gurdwaras) were looted, ransacked and destroyed; understands that the so-called Widow Colony, in the Tilak Vihar neighbourhood of New Delhi, India's capital city, to this day, still houses Sikh women who were assaulted, raped, tortured, and forced to witness the dismemberment, burning, and murder of their families, and who continue to call for justice against the perpetrators, and considers that the Sikh community in Scotland, and across the globe, has not recovered from what it sees as the emotional and deep psychological trauma of these events.

Supported by: Alasdair Allan, Colin Beattie, Maggie Chapman, Bob Doris, Jackie Dunbar, Pam Duncan-Glancy, Emma Harper, Bill Kidd, Fulton MacGregor, John Mason, Ivan McKee, Stuart McMillan, Audrey Nicoll, Kevin Stewart, Paul Sweeney, David Torrance

ਉਹਨਾਂ ਦਿਨਾਂ ਨੂੰ ਸ਼ਰਧਾਪੂਰਵਕ ਯਾਦ ਕਰਨ ਦੇ ਮਨਸ਼ੇ ਨਾਲ ਸਕਾਟਲੈਂਡ ਦੀ ਪਾਰਲੀਮੈਂਟ ਵਿੱਚ ਮੋਸ਼ਨ ਪੇਸ਼ ਕਰਨ ਦਾ ਤਹੱਈਆ ਕੀਤਾ ਹੈ ਗਲਾਸਗੋ ਕੈਲਵਿਨ ਹਲਕੇ ਤੋਂ ਸਕਾਟਿਸ਼ ਨੈਸ਼ਨਲ ਪਾਰਟੀ ਦੀ ਐਮ ਐਸ ਪੀ ਕਾਉਕਬ ਸਟੀਵਰਟ ਨੇ। ਇੱਥੇ ਦੱਸਣਯੋਗ ਹੈ ਕਿ ਕੋਈ ਵੀ ਐਮ ਐਸ ਪੀ ਕਿਸੇ ਵਿਸ਼ੇਸ਼ ਮਸਲੇ ਨੂੰ ਉਭਾਰਨ, ਬਹਿਸ ਛੇੜਨ, ਕਿਸੇ ਦੀ ਸ਼ਲਾਘਾ ਕਰਨ ਆਦਿ ਲਈ ਆਪਣੇ ਵੱਲੋਂ ਛੋਟੀ ਇਬਾਰਤ ਦੇ ਰੂਪ ਵਿੱਚ ਲਿਖਤ ਨੂੰ ਪੇਸ਼ ਕਰਦਾ/ਕਰਦੀ ਹੈ, ਉਸਨੂੰ ਮੋਸ਼ਨ ਆਖਿਆ ਜਾਂਦਾ ਹੈ। ਐਮ ਐਸ ਪੀ ਕਾਉਕਬ ਸਟੀਵਰਟ ਨੇ 2 ਅਕਤੂਬਰ 2023 ਨੂੰ ਪੇਸ਼ ਕੀਤੇ ਆਪਣੇ ਮੋਸ਼ਨ ਨੂੰ "1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਯਾਦ ਕਰਦਿਆਂ" (ਰਿਮੈਂਬਰਿੰਗ ਦ ਐਂਟੀ ਸਿੱਖ ਵਾਇਲੈਂਸ ਆਫ 1984) ਦਾ ਸਿਰਲੇਖ ਦਿੱਤਾ ਹੈ। ਉਹਨਾਂ ਆਪਣੇ ਮੋਸ਼ਨ ਵਿੱਚ ਲਿਖਿਆ ਹੈ ਕਿ "ਸੰਸਦ ਅਕਤੂਬਰ ਅਤੇ ਨਵੰਬਰ 1984 ਵਿੱਚ ਭਾਰਤ ਵਿਚ ਸਿੱਖ ਮਰਦਾਂ, ਔਰਤਾਂ ਅਤੇ ਬੱਚਿਆਂ ਵਿਰੁੱਧ ਹਿੰਸਾ ਨੂੰ ਯਾਦ ਕਰਦੀ ਹੈ। ਰਿਪੋਰਟਾਂ ਦੱਸਦੀਆਂ ਹਨ ਕਿ 31 ਅਕਤੂਬਰ ਤੋਂ 4 ਨਵੰਬਰ 1984 ਤੱਕ, ਪੂਰੇ ਭਾਰਤ ਵਿਚ 3,000 ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਮੰਨਿਆ ਜਾਂਦਾ ਹੈ ਕਿ ਜਾਨਾਂ ਲੈਣ ਦੀ ਗਿਣਤੀ 17,000 ਤੱਕ ਹੋ ਸਕਦੀ ਹੈ। ਸੰਸਦ ਸਮਝਦਾ ਹੈ ਕਿ ਸਿੱਖਾਂ 'ਤੇ ਹਮਲਾ ਅਤੇ ਤਸੀਹੇ ਦਿੱਤੇ ਗਏ ਸਨ, ਅਤੇ ਹਮਲਾਵਰਾਂ ਦੇ ਸਮੂਹਾਂ ਦੁਆਰਾ ਸਿੱਖ ਔਰਤਾਂ ਦਾ ਜਿਨਸੀ ਸ਼ੋਸ਼ਣ ਅਤੇ ਬਲਾਤਕਾਰ ਕੀਤਾ ਗਿਆ ਸੀ।

ਰਿਪੋਰਟਾਂ ਤੋਂ ਦੱਸ-ਦੀਆਂ ਹਨ ਕਿ ਸਿੱਖ ਘਰਾਂ, ਕਾਰੋਬਾਰਾਂ ਅਤੇ ਧਾਰਮਿਕ ਸਥਾਨਾਂ (ਗੁਰ-ਦੁਆਰਿਆਂ) ਨੂੰ ਲੁੱਟਿਆ ਗਿਆ, ਭੰਨ-ਤੋੜ ਅਤੇ ਤਬਾਹ ਕਰ ਦਿੱਤਾ ਗਿਆ। ਭਾਰਤ ਦੀ ਰਾਜਧਾਨੀ ਨਵੀਂ ਦਿੱਲੀ ਦੇ ਤਿਲਕ ਵਿਹਾਰ ਇਲਾਕੇ ਵਿੱਚ ਅਖੌਤੀ ਵਿਧਵਾ ਕਾਲੋਨੀ ਵਿੱਚ ਅੱਜ ਵੀ ਉਹ ਸਿੱਖ ਔਰਤਾਂ ਵਸਦੀਆਂ ਹਨ ਜਿਨ੍ਹਾਂ ਉੱਤੇ ਹਮਲਾ, ਬਲਾਤਕਾਰ, ਤਸੀਹੇ ਦਿੱਤੇ ਗਏ।

ਉਨ੍ਹਾਂ ਦੇ ਪਰਿਵਾਰ ਅਤੇ ਇਨਸਾਫਪਸੰਦ ਲੋਕ ਦੋਸ਼ੀਆਂ ਦੇ ਖਿਲਾਫ ਨਿਆਂ ਦੀ ਮੰਗ ਕਰਦੇ ਰਹਿੰਦੇ ਹਨ, ਅਤੇ ਇਹ ਮੰਨਦੇ ਹਨ ਕਿ ਸਕਾਟਲੈਂਡ ਅਤੇ ਦੁਨੀਆ ਭਰ ਵਿੱਚ ਸਿੱਖ ਭਾਈਚਾਰਾ, ਇਹਨਾਂ ਘਟਨਾਵਾਂ ਦੇ ਭਾਵਨਾਤਮਕ ਅਤੇ ਡੂੰਘੇ ਮਨੋਵਿਗਿਆਨਕ ਸਦਮੇ ਤੋਂ ਉਭਰਿਆ ਨਹੀਂ ਹੈ।"

ਸਕਾਟਲੈਂਡ ਦੀ ਗੈਰ ਸਿੱਖ ਸਿਆਸਤਦਾਨ ਵੱਲੋਂ ਕੌੜੀਆਂ ਯਾਦਾਂ ਨਾਲ ਲਬਰੇਜ਼ ਉਸ ਖ਼ੂਨੀ ਦੌਰ ਨੂੰ ਪਾਰਲੀਮੈਂਟ ਰਾਹੀਂ ਵਿਸ਼ਵ ਦੇ ਰੂਬਰੂ ਕਰੇ ਤਾਂ ਸ਼ਾਬਾਸ਼ ਦੇਣੀ ਬਣਦੀ ਹੈ। ਐਮ ਐਸ ਪੀ ਕਾਉਕਬ ਸਟੀਵਰਟ ਦੇ ਮੋਸ਼ਨ ਦੇ ਹੱਕ 'ਚ ਐਲਸਡੇਅਰ ਐਲਨ, ਕੋਲਿਨ ਬੀਅਟੀ, ਮੈਗੀ ਚੈਪਮੈਨ, ਬੌਬ ਡੋਰਿਸ, ਜੈਕੀ ਡਨਬਾਰ, ਪੈਮ ਡਨਕਨ ਗਲੈਂਸੀ, ਐਮਾ ਹਾਰਪਰ, ਬਿਲ ਕਿੱਡ, ਫੁਲਟਨ ਮੈਕਗਰੈਗਰ, ਜੌਹਨ ਮੈਸਨ, ਇਵਾਨ ਮੈਕਕੀ, ਸਟੂਅਰਟ ਮੈਕਮਿਲਨ, ਆਉਡਰੀ ਨਿਕੋਲ, ਕੈਵਿਨ ਸਟੀਵਰਟ, ਪੌਲ ਸਵੀਨੀ, ਡੇਵਿਡ ਟੌਰੇਂਸ ਆਦਿ ਸਿਆਸਤਦਾਨਾਂ ਨੇ ਵੀ ਸਹਿਮਤੀ ਪ੍ਰਗਟਾਈ ਹੈ।

# ਰੌਚਕ ਬਾਲ ਸਾਹਿਤ ਮਨੁੱਖ ਦਾ ਨਰੋਆ ਸਾਥੀ- ਬਲਬੀਰ ਮਾਧੋਪੁਰੀ

## ਨਿੱਕੀਆਂ ਕਰੂੰਬਲਾਂ ਦੇ 28 ਵਰ੍ਹੇ ਮੁਕੰਮਲ ਕਰਨ ਮੌਕੇ ਸੈਮੀਨਾਰ

**ਮਹਿਲਪੁਰ-** ਰੌਚਕ ਬਾਲ ਸਾਹਿਤ ਮਨੁੱਖ ਦਾ ਨਰੋਆ ਸਾਥੀ ਹੁੰਦਾ ਹੈ। ਇਹ ਵਿਚਾਰ ਉਘੇ ਚਿੰਤਕ ਅਤੇ 'ਸਮਕਾਲੀ ਸਾਹਿਤ' ਰਸਾਲੇ ਦੇ ਸੰਪਾਦਕ ਬਲਬੀਰ ਮਾਧੋਪੁਰੀ ਨੇ' ਨਿੱਕੀਆਂ ਕਰੂੰਬਲਾਂ ਅਤੇ ਬਾਲ ਸਾਹਿਤ ' ਵਿਸ਼ੇ ਤੇ ਕਰਵਾਏ ਸੈਮੀਨਾਰ ਨੂੰ ਸੰਬੋਧਨ ਕਰਦਿਆਂ ਮਾਹਿਲਪੁਰ ਪਰਵਿੰਦਰ ਸਿੰਘ ਨੇ ਕਿਹਾ ਕਿ ਉਨਾਂ ਨੂੰ ਇਸ ਗੱਲ ਤੇ ਫਖਰ ਹੈ ਕਿ ਨਿਕੀਆਂ ਨਿੱਕੀਆਂ ਕਰੂੰਬਲਾਂ ਦੇ ਸੰਪਾਦਕ ਬਲਜਿੰਦਰ ਮਾਨ ਖਾਲਸਾ ਕਾਲਜ ਮਾਹਿਲਪੁਰ ਦੇ ਵਿਦਿਆਰਥੀ ਰਹੇ ਹਨ। ਜਿਨ੍ਹਾਂ ਨੇ ਬਾਲ ਸਾਹਿਬ ਦੇ ਖੇਤਰ ਵਿਚ ਸਿਰਜਣਾ, ਸੰਪਾਦਨਾ, ਅਨੁਵਾਦ ਅਤੇ ਪ੍ਰਕਾਸ਼ਨ



ਵਿੱਚ ਆਖੇ। ਉਹਨਾਂ ਅੱਗੇ ਕਿਹਾ ਕਿ ਨਿੱਕੀਆਂ ਕਰੂੰਬਲਾਂ ਬਾਲ ਰਸਾਲੇ ਨੇ ਬੱਚਿਆਂ ਵਿੱਚ ਪੰਜਾਬੀ ਸਾਹਿਤ ਖਾਸ ਕਰ ਨਰੋਈਆਂ ਕਦਰਾਂ ਕੀਮਤਾਂ ਨੂੰ ਪ੍ਰਚਾਰਿਆ ਅਤੇ ਪ੍ਰਸਾਰਿਆ ਹੈ। ਅਜਿਹਾ ਕਾਰਜ ਸਰਕਾਰ ਵੱਲੋਂ ਕੀਤਾ ਜਾਂਦਾ ਹੈ ਪਰ ਬਲਜਿੰਦਰ ਮਾਨ ਨੇ ਇਕੱਲਿਆ ਇਹ ਕਾਰਜ 28 ਸਾਲ ਨਿਭਾ ਕੇ ਇੱਕ ਰਿਕਾਰਡ ਕਾਇਮ ਕਰ ਦਿੱਤਾ ਹੈ ਜਿਸ ਦਾ ਵੇਰਵਾ ਇੰਡੀਆ ਬੁੱਕ ਆਫ ਰਿਕਾਰਡ ਵਿੱਚ ਦਰਜ ਕੀਤਾ ਗਿਆ ਹੈ। ਉਹਨਾਂ ਕਿਹਾ ਕਿ ਮਾਹਿਲਪੁਰ ਦੀ ਧਰਤੀ ਸਾਹਿਤ ਸਿੱਖਿਆ, ਸੱਭਿਆਚਾਰ ਅਤੇ ਖੇਡਾਂ ਦੀ ਜਰਖੇਜ਼ ਭੂਮੀ ਹੈ 'ਆਦਿ ਡੰਕਾ' ਦੇ ਸੰਪਾਦਕ ਅਤੇ ਆਦਿ ਧਰਮ ਦੇ ਬਾਨੀ ਬਾਬੂ ਮੰਗੂ ਰਾਮ ਮੁੱਗੋਵਾਲੀਆ ਇਸ ਇਲਾਕੇ ਦੀ ਪੈਦਾਇਸ਼ ਹੋਏ ਹਨ। ਅਜਾਇਬ ਕਮਲ ਅਤੇ ਗੁਲਜ਼ਾਰ ਸਿੰਘ ਸੰਧੂ ਸਮੇਤ ਨਵੇਂ ਲੇਖਕਾਂ ਦੀ ਗਿਣਤੀ ਅਣਗਿਣਤ ਹੈ। ਸੈਮੀਨਾਰ ਦੀ ਪ੍ਰਧਾਨਗੀ ਕਰਦਿਆਂ ਪ੍ਰਿੰਸੀਪਲ ਡਾ. ਨਾਲ ਸੰਦਲੀ ਪੈੜਾਂ ਪਾਈਆਂ ਹਨ। ਡਾ.ਬਲਵੀਰ ਕੌਰ ਰੀਹਲ ਅਤੇ ਡਾਕਟਰ ਜੰਗ ਬਹਾਦਰ ਸੇਖੋਂ ਨੇ ਕਿਹਾ ਕਿ ਅੱਜ ਪੂਰੇ ਪੰਜਾਬ ਅਤੇ ਚੰਡੀਗੜ੍ਹ ਵਿੱਚੋਂ ਨਿੱਕੀਆਂ ਕਰੂੰਬਲਾਂ ਦੇ ਹਾਣ ਦਾ ਕੋਈ ਵੀ ਰਸਾਲਾ ਪ੍ਰਕਾਸ਼ਿਤ ਨਹੀਂ ਹੋ ਰਿਹਾ ਲ ਸਰਦਾਰ ਗੁਰਬਖਸ਼ ਸਿੰਘ ਪ੍ਰੀਤਲੜੀ ਦੇ ਬਾਲ ਸੰਦੇਸ਼ ਤੋਂ ਬਾਅਦ ਇੱਕੋ ਇੱਕ ਰਸਾਲਾ ਨਿੱਕੀਆਂ ਕਰੂੰਬਲਾਂ ਪਿਛਲੇ 28 ਸਾਲ ਤੋਂ ਪੂਰੀ ਸਾਜ ਧਾਜ ਨਾਲ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਸ ਵਾਸਤੇ ਕਰੂੰਬਲਾਂ ਪਰਿਵਾਰ ਨੂੰ ਸ਼ਾਬਾਸ਼ ਦੇਣੀ ਬਣਦੀ ਹੈ। ਇਸ ਸਮਾਗਮ ਵਿੱਚ ਸੁਖਮਨ ਸਿੰਘ, ਬੱਗਾ ਸਿੰਘਾ ਆਰਟਿਸਟ,ਪ੍ਰਿੰ. ਮਨਜੀਤ ਕੌਰ, ਚੈਂਚਲ ਸਿੰਘ ਬੈਂਸ, ਹਰਵੀਰ ਮਾਨ, ਹਰਮਨਪ੍ਰੀਤ ਕੌਰ, ਨਿਧੀ ਅਮਨ ਸਹੋਤਾ, ਮਨਜਿੰਦਰ ਸਿੰਘ ਹੀਰ, ਪਵਨ ਸਕਰੂਲੀ ਸਮੇਤ ਸੁਰ ਸੰਗਮ ਵਿਦਿਅਕ ਟ੍ਰਸਟ ਅਤੇ ਨਿੱਕੀਆਂ ਕਰੂੰਬਲਾਂ ਪ੍ਰਕਾਸ਼ਨ ਦੇ ਮੈਂਬਰਾਂ ਤੋਂ ਇਲਾਵਾ ਬੱਚੇ ਅਤੇ ਸਾਹਿਤ ਪ੍ਰੇਮੀ ਸ਼ਾਮਿਲ ਹੋਏ।







# ਐੱਸਵਾਈਐੱਲ ਨੂੰ ਲੈਕੇ ਸੁਪਰੀਮ ਕੋਰਟ ਦੇ ਆਦੇਸ਼ਾਂ ਅਤੇ ਨਿਊਜ਼ ਕਲਿੱਕ ਦੇ ਪੱਤਰਕਾਰਾਂ ਤੇ ਛਾਪੇਮਾਰੀ ਤੇ ਗ੍ਰਿਫਤਾਰੀਆਂ ਖ਼ਿਲਾਫ਼ ਪੰਜਾਬ ਭਰ 'ਚ ਰੋਸ ਪ੍ਰਦਰਸ਼ਨ





**ਚੰਡੀਗੜ੍ਹ, (ਦਲਜੀਤ ਕੌਰ)** ਕਿਰਤੀ ਕਿਸਾਨ ਯੂਨੀਅਨ ਨੇ ਐਸ ਵਾਈ ਐਲ ਨੂੰ ਲੈਕੇ ਸੁਪਰੀਮ ਕੋਰਟ ਦੇ ਪੰਜਾਬ ਵਿਰੋਧੀ ਫੈਸਲੇ ਵਿਰੁੱਧ ਅਤੇ ਨਿਊਜ਼ਕਲਿੱਕ ਦੇ ਪੱਤਰਕਾਰਾਂ ਵਿਰੁੱਧ ਛਾਪੇਮਾਰੀ ਤੇ ਕੇਸ ਦਰਜ ਕਰਨ ਵਿਰੁੱਧ ਅੱਜ ਸੂਬੇ ਭਰ ਵਿਚ ਮੋਗਾ, ਫਰੀਦਕੋਟ, ਮੁਕਤਸਰ, ਜਲਾਲਾਬਾਦ, ਬਠਿੰਡਾ, ਸੰਗਰੂਰ, ਪਾਤੜਾਂ, ਸਮਾਣਾ, ਪਟਿਆਲਾ, ਅਜਨਾਲਾ, ਗੁਰਦਾਸਪੁਰ, ਫਿਲੌਰ, ਨਵਾਂ ਸ਼ਹਿਰ, ਤਰਨਤਾਰਨ ਅਤੇ ਸੁਲਤਾਨਪੁਰ ਲੋਧੀ ਆਦਿ ਸਥਾਨਾਂ ਤੇ ਕੇਂਦਰ ਸਰਕਾਰ ਵਿਰੁੱਧ ਰੋਸ ਪ੍ਰਦਰਸ਼ਨ ਕੀਤੇ। ਕਿਰਤੀ ਕਿਸਾਨ ਯੂਨੀਅਨ ਨੇ ਰੋਸ ਪ੍ਰਦਰਸ਼ਨਾਂ ਦੌਰਾਨ ਸਾਫ ਸਾਫ ਸ਼ਬਦਾਂ ਵਿਚ ਕਿਹਾ ਹੈ ਕਿ ਪੰਜਾਬ ਕੋਲ ਪਾਣੀ ਦੀ ਇੱਕ ਬੂੰਦ ਵੀ ਫਾਲਤੂ ਨਹੀ। ਯੂਨੀਅਨ ਸਤਲੁਜ ਯਮਨਾ ਲਿੰਕ ਨਹਿਰ ਦੀ ਉਸਾਰੀ ਨਹੀ ਹੋਣ ਦੇਵੇਗੀ। ਜੱਥੇਬੰਦੀ ਨੇ ਲੋੜ ਪੈਣ ਤੇ ਇਸ ਵਿਰੁੱਧ ਦਿੱਲੀ ਦੀ ਤਰਜ਼ ਤੇ ਮੋਰਚਾ ਲਾਉਣ ਦੀ ਚੇਤਾਵਨੀ ਵੀ ਦਿੱਤੀ ਹੈ।

ਯੂਨੀਅਨ ਨੇ ਨਿਊਜ਼ਕਲਿੱਕ ਦੇ ਪੱਤਰਕਾਰਾਂ ਵਿਰੁੱਧ ਯੂਏਪੀਏ ਤਹਿਤ ਦਰਜ ਕੀਤੇ ਕੇਸ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਐਫਆਈਆਰ ਵਿਚ ਇਤਿਹਾਸਕ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਸਿਰਜੇ ਗਏ ਮਨਘੜਤ ਦੋਸ਼ਾਂ ਨੂੰ ਝੂਠ ਦਾ ਪੁਲੰਦਾ ਦੱਸਿਆ।ਕੇਂਦਰ ਸਰਕਾਰ ਅਤੇ ਦਿੱਲੀ ਪੁਲੀਸ ਨੂੰ ਅਜਿਹੇ ਕਾਰਿਆਂ ਤੋਂ ਬਾਜ਼ ਆਉਣ ਦੀ ਸਖਤ ਚਿਤਾਵਨੀ ਦਿੰਦਿਆ ਯੂਨੀਅਨ ਨੇ ਕਿਹਾ ਹੈ ਕਿ ਦੇਸ਼ ਦੇ ਅੰਨਦਾਤਿਆਂ ਦੇ ਇਤਿਹਾਸਕ ਘੋਲ ਨੂੰ ਬਦਨਾਮ ਕਰਨ ਲਈ ਅਜਿਹੇ ਝੂਠੇ ਪ੍ਰਾਪੇਗੰਡੇ ਨੂੰ ਬਰਦਾਸ਼ਤ ਨਹੀ ਕੀਤਾ ਜਾਵੇਗਾ। ਦੱਸਣਯੋਗ ਹੈ ਕਿ ਐਫਆਈਆਰ ਵਿਚ ਇਤਿਹਾਸਕ ਕਿਸਾਨ ਅੰਦੋਲਨ ਨੂੰ ਗੈਰ ਕਾਨੂੰਨੀ ਢੰਗ ਨਾਲ ਵਿਦੇਸ਼ੀ ਫੰਡ ਸਹਾਰੇ ਕੌਮੀ ਸੁਰੱਖਿਆ ਨੂੰ ਖਤਰਾ ਖੜ੍ਹਾ ਕਰਨ ਵਾਲਾ ਮੋਰਚਾ ਦੱਸਿਆ ਗਿਆ ਹੈ।

ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਯੂਨੀਅਨ ਦੇ ਪ੍ਰਧਾਨ ਨਿਰਭੈ ਸਿੰਘ ਢੁੱਡੀਕੇ, ਸੂਬਾ ਜਨਰਲ ਸਕੱਤਰ ਰਜਿੰਦਰ ਸਿੰਘ ਦੀਪ ਸਿੰਘ ਵਾਲਾ ਅਤੇ ਪ੍ਰੈਸ ਸਕੱਤਰ ਰਾਮਿੰਦਰ ਸਿੰਘ ਪਟਿਆਲਾ ਨੇ ਕਿਹਾ ਕਿ ਦਰਿਆਈ ਪਾਣੀਆਂ ਦੇ ਸਵਾਲ ਤੇ ਰਾਇਪੇਰੀਅਨ ਸਿਧਾਂਤ ਨੂੰ ਅਣਗੌਲਿਆਂ ਕਰਕੇ ਕੇਂਦਰ ਸਰਕਾਰ ਨੇ ਹਮੇਸ਼ਾ ਪੰਜਾਬ ਨਾਲ ਧੱਕਾ ਕੀਤਾ ਹੈ। ਪੰਜਾਬ ਵਿੱਚ ਸਮੇਂ ਸਮੇਂ ਤੇ ਰਹੀਆਂ ਸਰਕਾਰਾਂ ਨੇ ਵੀ ਇਸ ਮਸਲੇ ਤੇ ਚੋਣ ਰਾਜਨੀਤੀ ਹੀ ਕੀਤੀ ਹੈ। ਅੱਜ ਜਦੋਂ ਪੰਜਾਬ ਪਾਣੀ ਦੇ ਇੱਕ ਗੰਭੀਰ ਸੰਕਟ ਵਿੱਚੋਂ ਲੰਘ ਰਿਹਾ ਉਦੋਂ ਕੇਂਦਰ ਦੀ ਮੋਦੀ ਸਰਕਾਰ ਵਲੋਂ ਪੰਜਾਬ ਦੇ ਦਰਿਆਈ ਪਾਣੀਆਂ ਨੂੰ ਖੋਹਣ ਦੇ ਕੀਤੇ ਜਾ ਰਹੇ ਯਤਨਾਂ ਨੂੰ ਹੋਰ ਤੇਜ਼ ਕਰਨ ਦੇ ਕਦਮ ਪੁੱਟੇ ਜਾ ਰਹੇ ਹਨ। ਸੁਪਰੀਮ ਕੋਰਟ ਦੇ ਆਦੇਸ਼ਾਂ ਨੂੰ ਪੰਜਾਬ ਵਿਰੋਧੀ ਕਰਾਰ ਦਿੰਦਿਆਂ ਕਿਸਾਨ ਆਗੂਆਂ ਨੇ ਕਿਹਾ ਕਿ ਜੇਕਰ ਸਰਵੇ ਟੀਮ ਨੇ ਪੰਜਾਬ ਦੀ ਧਰਤੀ ਤੇ ਪੈਰ ਧਰਿਆ ਤਾਂ ਉਸ ਦਾ ਜੋਰਦਾਰ ਵਿਰੋਧ ਕੀਤਾ ਜਾਵੇਗਾ।

ਕਿਸਾਨ ਆਗੂਆਂ ਨੇ ਕਿਹਾ ਕਿ ਸੰਵਿਧਾਨ ਮੁਤਾਬਕ ਪਾਣੀ ਸੂਬਿਆਂ ਦਾ ਵਿਸ਼ਾ ਹੈ ਇਸ ਲਈ ਕੇਂਦਰ ਸਰਕਾਰ ਇਸ ਬਾਰੇ ਕੋਈ ਕਾਰਜਕਾਰੀ ਹੁਕਮ ਜਾਰੀ ਨਹੀ ਕਰ ਸਕਦੀ।ਪਹਿਲਾ ਹੀ ਪੰਜਾਬ ਪੁਨਰਗਠਨ ਐਕਟ ਵਿੱਚ 78,79 ਅਤੇ 80 ਧਰਾਵਾਂ ਰਾਹੀ ਕੇਂਦਰੀ ਦਖ਼ਲਅੰਦਾਜ਼ੀ ਦਾ ਰਾਹ ਪੱਧਰਾ ਕਰਕੇ ਪੰਜਾਬ ਦੇ ਹੱਕਾਂ ਤੇ ਡਾਕਾਂ ਮਾਰਿਆ ਗਿਆ ਸੀ। ਉਨ੍ਹਾਂ ਨੇ ਇਸ ਸੰਵੇਦਨਸ਼ੀਲ ਮੁੱਦੇ ਨੂੰ ਰਾਇਪੇਰੀਅਨ ਸਿਧਾਂਤ ਅਨੁਸਾਰ ਹੱਲ ਕਰਨ ਅਤੇ ਰਾਜਸਥਾਨ ਤੋਂ ਪੰਜਾਬ ਦੇ ਪਾਣੀ ਦੀ ਰਾਇਲਟੀ ਮੰਗਣ ਲਈ ਪੰਜਾਬ ਸਰਕਾਰ ਤੋਂ ਮੰਗ ਕਰਦਿਆਂ ਆਮ ਆਦਮੀ ਪਾਰਟੀ ਨੂੰ ਰਾਜਸਥਾਨ ਅਤੇ ਹਰਿਆਣਾ ਵਿੱਚ ਸਿਆਸੀ ਲਾਹੇ ਲਈ ਕਿਸੇ ਵੀ ਕਿਸਮ ਦੇ ਪੰਜਾਬ ਵਿਰੋਧੀ ਸਮਝੌਤਾਵਾਦੀ ਸਟੈਂਡ ਲੈਣ ਤੋਂ ਗੁਰੇਜ਼ ਕਰਨ ਦੀ ਚਿਤਾਵਨੀ ਦਿੱਤੀ।

ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਦਿੱਲੀ ਪੁਲੀਸ ਵੱਲੋਂ ਨਿਊਜ਼ਕਲਿੱਕ ਨਾਲ ਜੁੜੇ ਪੱਤਰਕਾਰਾਂ ਉੱਪਰ ਛਾਪੇਮਾਰੀ ਕਰਨ ਅਤੇ ਯੂਏਪੀਏ ਤਹਿਤ ਕੇਸ ਦਰਜ ਕਰਨ ਦੀ ਜ਼ੋਰਦਾਰ ਨਿਖੇਧੀ ਕਰਦਿਆਂ ਇਸ ਨੂੰ ਰੱਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਇਨ੍ਹਾਂ ਪੱਤਰਕਾਰਾਂ ਨੂੰ ਨਾਗਰਿਕਤਾ ਸੋਧ ਕਾਨੂੰਨ ਅਤੇ ਕਿਸਾਨ ਘੋਲ ਦੀ ਕੀਤੀ ਰਿਪੋਰਟਿੰਗ ਕਰਕੇ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਜੀ-20 ਵਿੱਚ ਵਿਚਾਰਾਂ ਦੇ ਪ੍ਰਗਟਾਵੇ ਦੀ ਪ੍ਰਤੀਬੱਧਤਾ ਦੇ ਐਲਾਨਨਾਮੇ ਉੱਪਰ ਮੋਦੀ ਸਰਕਾਰ ਦੇ ਦਸਤਖ਼ਤ ਦੀ ਹਾਲੇ ਸਿਆਹੀ ਵੀ ਨਹੀਂ ਸੁੱਕੀ ਸੀ ਕਿ ਇਸ ਨੇ ਸਰਕਾਰ ਵਿਰੋਧੀ ਅਵਾਜ਼ਾਂ ਨੂੰ ਦਬਾਉਣ ਲਈ ਐਨ ਆਈ ਏ, ਈਡੀ ਅਤੇ ਸੀਬੀਆਈ ਦੀਆਂ ਲਗਾਮਾਂ ਢਿੱਲੀਆਂ ਛੱਡ ਦਿੱਤੀਆਂ ਹਨ।

# ਮਹਾਂਪੁਰਸ਼ਾਂ ਦੇ ਅੰਦੋਲਨ ਤੇ ਮਿਸ਼ਨ ਨੂੰ ਸਮਰਪਿਤ ਮਿਸ਼ਨਰੀ ਦੋਗਾਣਾ 84-85 ਮਿਲ ਰਿਹਾ ਹੈ ਭਰਵਾਂ ਹੁੰਗਾਰਾ

## ਗਾਇਕ ਰੂਪ ਲਾਲ ਧੀਰ ਤੇ ਪ੍ਰੇਮ ਲਤਾ ਨੇ ਗੀਤ ਨੂੰ ਬਹੁਤ ਹੀ ਸੁਰੀਲੇ ਅੰਦਾਜ਼ 'ਚ ਗਾਇਆ

**ਫਗਵਾੜਾ (ਬੀ.ਕੇ.ਰੱਤੂ)** ਸਮਾਜ ਦੇ ਮਹਾਂਪੁਰਸ਼ਾਂ ਦੇ ਅੰਦੋਲਨ ਤੇ ਮਿਸ਼ਨ ਨੂੰ ਸਮਰਪਿਤ ਮਿਸ਼ਨਰੀ ਗਾਇਕ ਰੂਪ ਲਾਲ ਧੀਰ ਅਤੇ ਗਾਇਕਾ ਪ੍ਰੇਮ ਲਤਾ ਦਾ ਦੋਗਾਣਾ ਗੀਤ 84--85 ਬਹੁਤ ਹੀ ਸਮੇਂ ਬਾਅਦ ਕੋਈ ਚੰਗਾ ਗੀਤ ਸੁਣਨ ਲਈ ਮਿਲਿਆ ਹੈ ਤੇ ਕਾਫ਼ੀ ਚਰਚਾ ਵਿੱਚ ਹੈ ਗਾਇਕ ਰੂਪ ਲਾਲ ਧੀਰ ਅਤੇ ਗਾਇਕਾ ਪ੍ਰੇਮ ਲਤਾ ਨੇ ਗੀਤ ਨੂੰ ਬਹੁਤ ਹੀ ਸੁਰੀਲੇ ਅੰਦਾਜ਼ ਵਿੱਚ ਗਾਇਆ ਹੈ। ਮਿਸ਼ਨਰੀ ਗੀਤਕਾਰ ਰੱਤੂ ਰੰਧਾਵਾ ਨੇ ਉਕਤ ਗੀਤ ਨੂੰ ਬਾ ਕਮਾਲ ਤਰੀਕੇ ਨਾਲ ਕਲਮਬੰਦ ਕੀਤਾ ਹੈ ਅਤੇ 84-85 ਗੀਤ ਦਾ ਸੰਗੀਤ ਸੰਗੀਤਕਾਰ ਅਮਦਾਦ ਅਲੀ ਬਾ ਕਮਾਲ ਤਿਆਰ ਕੀਤਾ ਹੈ। ਇਸ ਗੀਤ ਦੇ ਪ੍ਰਡਿਊਸਰ ਗੁਰਪ੍ਰੀਤ ਸਿੰਘ ਧੀਰ ਵੱਲੋਂ ਸੁਰਪ੍ਰੀਤ ਪ੍ਰੋਡਕਸ਼ਨ ਦੇ ਬੈਨਰ ਹੇਠ ਵੱਡੇ ਪੱਧਰ ਤੇ ਰਿਲੀਜ਼ ਕੀਤਾ ਗਿਆ ਹੈ ਤੇ ਇਸ ਗੀਤ ਦਾ ਵਿਡੀਓ ਬਾਬਾ ਕਮਲ ਵਿਡੀਓ ਡਾਇਰੈਕਟਰ ਨੇ ਬਹੁਤ ਹੀ ਸੋਹਣੇ ਢੰਗ ਨਾਲ ਫਿਲਮਾਇਆ ਹੈ ਤੇ ਪੇਸ਼ ਕੀਤਾ ਹੈ। ਇਸ ਮਿਸ਼ਨਰੀ ਗੀਤ ਵਿੱਚ ਧਰਮਪਾਲ ਕਲੇਰ ਅਤੇ ਵਿਨੋਦ ਕੁਮਾਰ ਚੁੰਬਰ ਯੂ.ਐਸ.ਏ. ਨੇ ਵਿਸ਼ੇਸ਼ ਸਹਿਯੋਗ ਰਿਹਾ। ਗੀਤਕਾਰ ਬਹਾਦਰ ਗਰਚਾ ਜਰਮਨੀ ਇਸ ਗੀਤ ਦੇ ਗਾਇਕ ਰੂਪ ਲਾਲ ਧੀਰ ਅਤੇ ਗਾਇਕਾ ਪ੍ਰੇਮ ਲਤਾ ਨੂੰ ਮੁਬਾਰਕਾਂ ਦਿੱਤੀਆਂ। ਮਿਸ਼ਨਰੀ ਲੇਖਕ ਗਾਇਕ ਨੇਕਾਂ ਮੱਲਾਂ ਬੇਦੀਆਂ, ਬੀਜਾਂ ਬੰਸੀਆ ਗੀਤਕਾਰ ਕੋਰੀਓਗ੍ਰਾਫਰ ਮਨਜੀਤ ਦਕੋਹਾ ਅਤੇ ਗੁਰਦੀਪ ਲਸਾੜਾ ਨੇ ਉਮੀਦ ਹੈ ਕਿ ਉਕਤ ਮਿਸਨਰੀ ਗੀਤ ਇਤਹਾਸ ਸਿਰਜੇਗਾ।



# ਫਰਜ਼ੀ ਵਿਦੇਸ਼ ਯਾਤਰਾ ਦਾ ਝਾਂਸਾ ਦੇ ਕੇ ਪੀੜਤ ਤੋ 13 ਲੱਖ ਤੋਂ ਵੱਧ ਰੁਪਏ ਦੀ ਠੱਗੀ ਮਾਰਨ ਵਾਲੇ ਦੋਸ਼ੀ ਨੂੰ ਪੁਲਿਸ ਨੇ ਸ਼ਿਮਲਾ ਤੋਂ ਕੀਤਾ ਕਾਬੂ

**ਪਠਾਨਕੋਟ:(ਰਾਜਿੰਦਰ ਸਿੰਘ ਰਾਜਨ)** ਪਠਾਨਕੋਟ ਪੁਲਿਸ ਨੇ ਇੱਕ ਵੱਡੀ ਸਫਲਤਾ ਹਾਸਲ ਕਰਦੇ ਹੋਏ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਤੋਂ ਇੱਕ ਬਦਨਾਮ ਟਰੈਵਲ ਏਜੰਟ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਕਾਬੂ ਕੀਤਾ ਹੈ। ਇਸ ਏਜੰਟ ਨੇ ਵਿਦੇਸ਼ ਯਾਤਰਾ ਦਾ ਪ੍ਰਬੰਧ ਕਰਨ ਦੇ ਬਹਾਨੇ ਪੀੜਤ ਨੂੰ 13 ਲੱਖ ਰੁਪਏ ਤੋਂ ਵੱਧ ਦੀ ਠੱਗੀ ਮਾਰੀ ਸੀ। ਫੜੇ ਗਏ ਮੁਲਜ਼ਮ ਦੀ ਪਛਾਣ ਅਰੁਣ ਕੁਮਾਰ ਪੁੱਤਰ ਕਮਲ ਕੁਮਾਰ ਵਾਸੀ ਸਾਹਪੁਰ ਕੰਡੀ ਵਜੋਂ ਹੋਈ ਹੈ, ਜੋ ਇਸ ਸਮੇਂ ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਵਿਖੇ ਰਹਿੰਦਾ ਹੈ।

ਪ੍ਰੈਸ ਜਾਣਕਾਰੀ ਦਿੰਦਿਆਂ ਸੀਨੀਅਰ ਕਪਤਾਨ ਪੁਲਿਸ ਹਰਕਮਲ ਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਇਹ ਗ੍ਰਿਫਤਾਰੀ ਐਫਆਈਆਰ ਨੰਬਰ 55/2022 ਨਾਲ ਸਬੰਧਤ ਹੈ, ਜਿਸ ਵਿੱਚ ਭਾਰਤੀ ਦੰਡ ਸਹਿਤਾਂ ਦੀ ਧਾਰਾ 417, 420, 506, ਅਤੇ 66 (ਸੀ) ਤਹਿਤ ਕਥਿਤ ਉਲੰਘਣਾਵਾਂ ਸ਼ਾਮਲ ਹਨ। ਇਹ ਐਫਆਈਆਰ ਸਾਹਪੁਰ ਕੰਢੀ ਥਾਣੇ ਵਿੱਚ ਦਰਜ ਕੀਤੀ ਗਈ ਸੀ। ਸ਼ਿਕਾਇਤਕਰਤਾ ਅਸ਼ਵਨੀ ਕੁਮਾਰ ਨੇ ਆਪਣੀ ਧੀ ਭਾਵਨਾ ਦੀ ਤਰਫੋਂ ਕਾਰਵਾਈ ਕਰਦੇ ਹੋਏ ਪਠਾਨਕੋਟ ਪੁਲਿਸ ਦੇ ਆਰਥਿਕ ਅਪਰਾਧ ਸ਼ਾਖਾ (ਈਓਡਬਲਯੂ) ਨੂੰ ਸ਼ਿਕਾਇਤ ਦਿੱਤੀ ਸੀ।



ਸ਼ਿਕਾਇਤ ਵਿੱਚ ਅਰੁਣ ਕੁਮਾਰ ਤੇ ਧੋਖਾਧੜੀ, ਦੁਰਵਿਵਹਾਰ ਅਤੇ ਧਮਕਾਉਣ ਦੇ ਕੰਮਾਂ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। 13,27,000 ਰੁਪਏ, ਕਥਿਤ ਤੌਰ ਤੇ ਅਰੁਣ ਕੁਮਾਰ ਦੁਆਰਾ ਭਾਵਨਾ ਸ਼ਰਮਾ ਦੇ ਬੈਂਕ ਖਾਤੇ ਵਿੱਚੋਂ ਅਣਅਧਿਕਾਰਤ ਪਹੁੰਚ ਦੁਆਰਾ ਕੱਡੇ ਗਏ ਸਨ। ਇਸ ਵਿੱਚ 8,87,000 ਰੁਪਏ ਪੀੜਤ ਦੇ ਏਟੀਐਮ ਕਾਰਡ ਦੀ ਵਰਤੋਂ ਕਰਦੇ ਹੋਏ ਅਤੇ ਤਿੰਨ ਚੈਕਾਂ ਦੀ ਨਕਦੀ, ਕੁੱਲ ਰੁਪਏ 4,40,000 ਪੀੜਤ ਕੋਲੇ ਠੱਗੇ ਗਏ ਸਨ।

ਸ਼ਿਕਾਇਤ ਦਾ ਤੁਰੰਤ ਜਵਾਬ ਦਿੰਦਿਆਂ ਈਓਡਬਲਯੂ ਵਿੰਗ ਦੀ ਇੰਚਾਰਜ ਇੰਸਪੈਕਟਰ ਗੁਰਪ੍ਰੀਤ ਕੌਰ ਨੇ ਡੀਐਸਪੀ ਹੈੱਡਕੁਆਰਟਰ ਨਛੱਤਰ ਸਿੰਘ ਦੀ ਨਿਗਰਾਨੀ ਹੇਠ ਜਾਂਚ ਸ਼ੁਰੂ ਕਰ ਦਿੱਤੀ। ਇਹ ਖੁਲਾਸਾ ਹੋਇਆ ਕਿ ਦੋਸ਼ੀ ਅਰੁਣ ਕੁਮਾਰ ਨੇ ਭਾਵਨਾ ਸ਼ਰਮਾ ਦੇ ਭਰੋਸੇ ਦਾ ਫਾਇਦਾ ਉਠਾਉਂਦੇ ਹੋਏ ਗੈਰ-ਕਾਨੂੰਨੀ ਢੰਗ ਨਾਲ ਉਸ ਦਾ ਏ.ਟੀ.ਐਮ. ਕਾਰਡ ਹਾਸਿਲ ਕੀਤਾ ਅਤੇ ਅਣਅਧਿਕਾਰਤ ਤੌਰ 13,27000/- ਰੁਪਏ ਦੀ ਰਕਮ ਉਸਦੇ ਬੈਂਕ ਖਾਤੇ ਵਿੱਚੋਂ ਕਢਵਾਈ ਸੀ। ਇਸ ਤੋਂ ਇਲਾਵਾ, ਉਸਨੇ ਕੁੱਲ 4,40,000 ਰੁਪਏ ਦੇ ਤਿੰਨ ਚੈਕਾਂ ਵਿੱਚ ਹੇਰਾਫੇਰੀ ਕੀਤੀ ਸੀ। ਜਿਵੇਂ ਕਿ ਨੋਟਰਾਈਜ਼ਡ ਐਫੀਡੇਵਿਟ ਤੋਂ ਸਬੂਤ ਮਿਲਦਾ ਹੈ, ਕਿ ਅਰੁਣ ਕੁਮਾਰ ਇੱਕ ਪੈਸਾ ਵੀ ਵਾਪਸ ਕਰਨ ਵਿੱਚ ਅਸਫਲ ਰਿਹਾ ਹੈ। ਸ਼ਿਕਾਇਤਕਰਤਾ ਅਤੇ ਭਾਵਨਾ ਸ਼ਰਮਾ ਨੇ ਹਿਮਾਚਲ ਪ੍ਰਦੇਸ਼ ਵਿੱਚ ਮੁਲਜ਼ਮ ਦੇ ਪਿੰਡ ਦੀ ਪੰਚਾਇਤ ਨੂੰ ਸ਼ਾਮਲ ਕਰਨ ਸਮੇਤ ਹਰ ਸੰਭਵ ਤਰੀਕੇ ਦਾ ਸਹਾਰਾ ਲਿਆ। ਅਫ਼ਸੋਸ ਦੀ ਗੱਲ ਹੈ ਕਿ ਮਤੇ ਦੀਆਂ ਸਾਰੀਆਂ ਕੋਸ਼ਿਸ਼ਾਂ ਵਿਅਰਥ ਸਿੱਧ ਹੋਈਆਂ ਸਨ। ਜਿਸ ਕਾਰਨ ਮੁਲਜ਼ਮਾਂ ਵੱਲੋਂ ਪੀੜਤ ਨੂੰ ਗੰਭੀਰ ਨਤੀਜੇ ਭੁਗਤਣ ਦੀਆਂ ਧਮਕੀਆਂ ਵੀ ਦਿੱਤੀਆਂ ਗਈਆਂ ਸਨ।

ਮੁਲਜ਼ਮ ਇੱਕ ਸਾਲ ਤੋਂ ਬੜੀ ਮੁਹਾਰਤ ਨਾਲ ਟਿਕਾਣੇ ਬਦਲ ਕੇ ਗ੍ਰਿਫ਼ਤਾਰੀ ਤੋਂ ਬਚ ਰਿਹਾ ਸੀ। ਇਸ ਲਈ, ਵਿਅਕਤੀ ਨੂੰ ਫੜਨ ਲਈ ਪਠਾਨਕੋਟ ਪੁਲਿਸ ਦੇ ਟੈਕਨੀਕਲ ਸੈੱਲ ਦੀ ਸੰਭਾਵਿਤ ਅਗਵਾਈ ਦੇ ਬਾਅਦ, ਸੀਆਈਏ ਅਧਿਕਾਰੀ ਰਵਿੰਦਰ ਕੁਮਾਰ ਦੀ ਅਗਵਾਈ ਵਿੱਚ ਇੱਕ ਵਿਸ਼ੇਸ਼ ਪੁਲਿਸ ਟੀਮ ਨੂੰ ਸ਼ਿਮਲਾ ਲਈ ਰਵਾਨਾ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ, ਅਤੇ ਮਾਮਲੇ ਦੀ ਹੋਰ ਜਾਂਚ ਦੀ ਸਹੂਲਤ ਲਈ ਰਿਮਾਂਡ ਦੀ ਅਰਜ਼ੀ ਦਾਇਰ ਕੀਤੀ ਜਾਵੇਗੀ।

ਐਸਐਸਪੀ ਖੱਖ ਨੇ ਮਾਪਿਆਂ ਅਤੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਟਰੈਵਲ ਏਜੰਟਾਂ, ਖਾਸ ਤੌਰ ਤੇ ਵਿਦੇਸ਼ੀ ਮੌਕਿਆਂ ਦੀ ਪੇਸ਼ਕਸ਼ ਕਰਨ ਵਾਲੇ ਲੋਕਾਂ ਨਾਲ ਜੁੜਣ ਵੇਲੇ ਵਧੇਰੇ ਚੌਕਸੀ ਵਰਤਣ ਲਈ ਕਿਹਾ ਹੈ। ਉਹਨਾ ਕਿਹਾ ਕਿ ਜਿਹੜੇ ਲੋਕ ਮਾਸੂਮ ਵਿਦਿਆਰਥੀਆਂ ਦੇ ਸੁਪਨਿਆਂ ਅਤੇ ਅਕਾਂਖਿਆਵਾਂ ਦਾ ਸ਼ਿਕਾਰ ਕਰਦੇ ਹਨ, ਉਨ੍ਹਾਂ ਨੂੰ ਕਾਨੂੰਨ ਦੀ ਪੂਰੀ ਤਾਕਤ ਦਾ ਸਾਹਮਣਾ ਕਰਨਾ ਪਵੇਗਾ, ਚਾਹੇ ਉਹ ਨਿਆਂ ਤੋਂ ਬਚਣ ਦੀ ਕਿੰਨੀ ਵੀ ਕੋਸ਼ਿਸ਼ ਕਰ ਲੈਣ, ਉਹਨਾਂ ਨੂੰ ਕਾਬੂ ਕੀਤਾ ਜਾਵੇਗਾ।


## "ਦੇਸ਼ ਦੁਆਬਾ"

### ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**

**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**

**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

**www.deshdoaba.com www.ambedkartimes.com**


ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਅਸ਼ਵਨੀ ਸ਼ਰਮਾ ਨੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਮਾਨਯੋਗ ਸ਼੍ਰੀ ਜੇ.ਪੀ. ਨੱਡਾ ਜੀ ਨਾਲ ਕੀਤੀ ਮੁਲਾਕਾਤ ਅਤੇ ਪੰਜਾਬ ਦੇ ਮਸਲਿਆਂ ਬਾਰੇ ਵਿਚਾਰ ਵਟਾਂਦਰਾ ਕੀਤਾ

**ਚੰਡੀਗੜ੍ਹ**–ਭਾਜਪਾ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਅਤੇ ਪਠਾਨਕੋਟ ਤੋਂ ਮੌਜੂਦਾ ਵਿਧਾਇਕ ਅਸ਼ਵਨੀ ਸ਼ਰਮਾ ਨੇ ਭਾਰਤੀ ਜਨਤਾ ਪਾਰਟੀ ਦੇ ਕੌਮੀ ਪ੍ਰਧਾਨ ਸ਼੍ਰੀ ਜਗਤ ਪ੍ਰਕਾਸ਼ ਨੱਡਾ ਨਾਲ ਦਿੱਲੀ ਵਿਖੇ ਮੁਲਾਕਾਤ ਕੀਤੀ ਅਤੇ ਪੰਜਾਬ ਦੇ ਮਸਲਿਆਂ ਬਾਰੇ ਵਿਸਥਾਰਪੂਰਵਕ ਵਿਚਾਰ ਵਟਾਂਦਰਾ ਕੀਤਾ। ਯਾਦ ਰਹੇ ਕਿ ਭਾਰਤੀ ਜਨਤਾ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਸ਼੍ਰੀ ਜਗਤ ਪ੍ਰਕਾਸ਼ ਨੱਡਾ ਅਤੇ ਰਾਸ਼ਟਰੀ ਸੰਗਠਨ ਮੰਤਰੀ ਸ਼੍ਰੀ ਬੀ.ਐਲ ਸੰਤੋਸ਼ ਜੀ ਦੀ ਰਹਿਨੁਮਾਈ ਹੇਠ ਆਉਣ ਵਾਲੀਆਂ 5 ਰਾਜਾਂ ਦੀਆਂ ਚੋਣਾਂ ਵਿੱਚ ਮੱਧ ਪ੍ਰਦੇਸ਼ ਦੇ ਗਵਾਲੀਅਰ ਜਿਲ੍ਹੇ ਵਿੱਚ ਸਾਬਕਾ ਸੂਬਾ ਪ੍ਰਧਾਨ ਭਾਜਪਾ ਪੰਜਾਬ ਅਤੇ ਮੌਜੂਦਾ ਵਿਧਾਇਕ ਅਸ਼ਵਨੀ ਸ਼ਰਮਾ ਨੂੰ ਵੱਡੀ ਜ਼ਿੰਮੇਵਾਰੀ ਦਿੱਤੀ ਗਈ ਹੈ।



# .ਗਦਰੀ ਬਾਬਿਆਂ ਦੇ ਮੇਲੇ ਸਬੰਧੀ ਸਭਿਆਚਾਰਕ ਕਾਮਿਆਂ ਦੀ ਵਿਸ਼ੇਸ਼ ਇਕੱਤਰਤਾ

## ਨਿਊਜ਼ ਕਲਿੱਕ ਦੇ ਬੁੱਧੀਮਾਨ ਪੱਤਰਕਾਰਾਂ ਨੂੰ ਰਿਹਾਅ ਕਰਨ ਦੀ ਕੀਤੀ ਮੰਗ

**ਜਲੰਧਰ–** ਆਜ਼ਾਦੀ ਸੰਗਰਾਮ ਦੇ ਸੂਹੇ ਤਾਰੇ ਸ਼ਹੀਦ ਭਗਵਤੀ ਚਰਨ ਵੋਹਰਾ ਦੀ ਜੀਵਣ-ਸਾਥਣ ਅਤੇ ਆਜ਼ਾਦੀ ਸੰਗਰਾਮਣ ਦੁਰਗਾ ਭਾਬੀ ਦੇ ਜਨਮ ਦਿਹਾੜੇ ’ਤੇ ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਨੂੰ ਸਮਰਪਤ ਵਿਸ਼ਾਲ ਸਭਿਆਚਾਰਕ ਕਾਮਿਆਂ ਦੀ ਮੀਟਿੰਗ ਕੀਤੀ ਗਈ। ਇਸ ਮੌਕੇ ਭਗਵਤੀ ਚਰਨ ਵੋਹਰਾ ਦੀ ਅਮਿੱਟ ਦੇਣ ਨੂੰ ਸਿਜਦਾ ਕੀਤਾ ਗਿਆ।

ਗ਼ਦਰੀ ਬਾਬਿਆਂ ਦੇ 32ਵੇਂ ਮੇਲੇ ਨੂੰ ਸਫ਼ਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਦੇਸ਼ ਭਗਤ ਯਾਦਗਾਰ ਕਮੇਟੀ ਅਤੇ ਉਸਦੇ ਸਭਿਆਚਾਰਕ ਵਿੰਗ ਨਾਲ ਜੁੜੇ ਵਿਸ਼ਾਲ ਸਾਹਿਤਕ ਸਭਿਆਚਾਰਕ ਘੇਰੇ ਦੇ ਕਾਮਿਆਂ ਨੇ ਅੱਜ ਤਿਆਰੀ ਕਮੇਟੀ, ਕੁਇਜ਼, ਪੇਂਟਿੰਗ ਮੁਕਾਬਲਾ, ਵਿਚਾਰ-ਚਰਚਾਵਾਂ, ਪੁਸਤਕ ਪ੍ਰਦਰਸ਼ਨੀ, ਫ਼ਿਲਮ ਸ਼ੋਅ, ਗੀਤ-ਸੰਗੀਤ ਅਤੇ ਨਾਟਕਾਂ ਦੀਆਂ ਪੇਸ਼ਕਾਰੀਆਂ ਅਤੇ ਵਲੰਟੀਅਰ ਆਦਿ ਦੀਆਂ ਲੋੜਾਂ ਲਈ ਕਮੇਟੀਆਂ ਦਾ ਪੁਨਰ-ਗਠਨ ਅਤੇ ਕੰਮ-ਵੰਡ ਕੀਤਾ।



ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਜਨਰਲ ਸਕੱਤਰ ਪ੍ਰਿਥੀਪਾਲ ਸਿੰਘ ਮਾੜੀਮੇਘਾ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਇਸ ਮੀਟਿੰਗ ’ਚ ਲਏ ਫੈਸਲਿਆਂ ਬਾਰੇ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਕਿਹਾ ਕਿ ਮੇਲੇ ਨਾਲ ਹਰ ਸਾਲ ਜੁੜੀ ਆ ਰਹੀ ਟੀਮ ਦੇ ਸਮੂਹ ਮੈਂਬਰਾਂ ਨੇ ਪ੍ਰਚਾਰ, ਲਾਮਬੰਦੀ, ਪ੍ਰੋ. ਬਰਕਤ ਉੱਲਾ ਨਗਰ, ਗ਼ਦਰੀ ਗੁਲਾਬ ਬੀਬੀ ਗੁਲਾਬ ਕੌਰ ਹਾਲ ਆਦਿ ਨੂੰ ਝੰਡਿਆਂ, ਮਾਟੋਆਂ, ਬੈਨਰਾਂ, ਰੌਸ਼ਨੀਆਂ ਨਾਲ ਸਜਾਉਣ ਲਈ ਠੋਸ ਵਿਉਂਤਬੰਦੀ ਕੀਤੀ।

ਉਨ੍ਹਾਂ ਦੱਸਿਆ ਕਿ 30 ਅਕਤੂਬਰ ਸ਼ਾਮ 4 ਵਜੇ ਤੋਂ 31 ਅਕਤੂਬਰ ਅਤੇ ਪਹਿਲੀ ਨਵੰਬਰ ਸਾਰਾ ਦਿਨ ਸਾਰੀ ਰਾਤ ਹੋਣ ਵਾਲਾ ਮੇਲਾ ਗ਼ਦਰੀ ਬਾਬਿਆਂ ਦਾ ਇਸ ਵਾਰ ਗ਼ਦਰੀ ਦੇਸ਼ ਭਗਤਾਂ ਦੀ ਵਿਰਾਸਤ ਅਤੇ ਅਜੋਕੀਆਂ ਚੁਣੌਤੀਆਂ ’ਤੇ ਕੇਂਦਰਤ ਰਹੇਗਾ। ਇਸ ਮੀਟਿੰਗ ’ਚ ਪਾਸ ਕੀਤੇ ਗਏ ਮਤੇ ’ਚ ਮੰਗ ਕੀਤੀ ਗਈ ਕਿ 'ਨਿਊਜ਼ ਕਲਿੱਕ’ ਮੀਡੀਆ ਦੇ ਬੁੱਧੀਮਾਨ ਪੱਤਰਕਾਰਾਂ ਉਪਰ ਮੜ੍ਹੇ ਝੂਠੇ ਕੇਸ ਵਾਪਸ ਲਏ ਜਾਣ ਅਤੇ ਜ਼ਬਤ-ਸ਼ੁਦਾ ਇਲੈਕਟਰੋਨਿਕ ਸਾਮਾਨ ਵਾਪਸ ਕੀਤਾ ਜਾਏ।

ਇਸ ਮੌਕੇ ਕਮੇਟੀ ਦੇ ਮੀਤ ਪ੍ਰਧਾਨ ਕੁਲਵੰਤ ਸਿੰਘ ਸੰਧੂ, ਸਹਾਇਕ ਸਕੱਤਰ ਚਰੰਜੀ ਲਾਲ ਕੰਗਣੀਵਾਲ ਅਤੇ ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਕਮੇਟੀ ਮੈਂਬਰ ਸੁਰਿੰਦਰ ਕੁਮਾਰੀ ਕੋਛੜ, ਰਣਜੀਤ ਸਿੰਘ ਔਲਖ, ਹਰਵਿੰਦਰ ਭੰਡਾਲ, ਡਾ. ਸੈਲੇਸ਼, ਡਾ. ਤੇਜਿੰਦਰ ਵਿਰਲੀ, ਵਿਜੈ ਬੰਬੇਲੀ ਤੋਂ ਇਲਾਵਾ ਡਾ. ਹਰਜਿੰਦਰ ਸਿੰਘ ਅਟਵਾਲ, ਡਾ. ਹਰਜੀਤ ਅਤੇ ਡਾ. ਮੰਗਤ ਰਾਏ ਵੀ ਹਾਜ਼ਰ ਸਨ।

# ਦਿੱਲੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ 16 ਅਕਤੂਬਰ ਤੋਂ ਨਸ਼ਿਆਂ ਵਿਰੁੱਧ "ਨਸ਼ੇ ਛੱਡੋ ਕੋਹੜ ਕੱਢੋ" ਮੁਹਿੰਮ ਸ਼ੁਰੂ ਕੀਤੀ ਕਰੇਗੀ- ਚੇਅਰਮੈਨ ਭੋਮਾ

ਅੱਜ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਦੇ ਚੇਅਰਮੈਨ ਮਨਜੀਤ ਸਿੰਘ ਭੋਮਾ ਨੇ ਪੰਜਾਬ ਤੇ ਪੰਥ ਹਿਤੈਸ਼ੀਆਂ ਦੀ ਨਸ਼ਿਆ ਵਿਰੁੱਧ ਬੁਲਾਈ ਗਈ ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਵਿੱਚ ਐਲਾਨ ਕਰਦਿਆਂ ਕਿਹਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਪੰਜਾਬ ਵਲੋਂ ਧਰਮ ਜਾਗਰੂਕਤਾ ਲਹਿਰ ਅਧੀਨ ਸ਼ੁਰੂ ਕੀਤੀ ਗਈ ਮੁਹਿੰਮ ਜਿਸ ਵਿੱਚ ਪੰਜਾਬ ਵਿੱਚ ਧਰਮ ਪਰਿਵਰਤਨ ਦੇ ਮੁੱਦੇ ਨੂੰ ਵੱਡੇ ਪੱਧਰ ਤੇ ਠੱਲ ਪਾਉਣ ਤੋਂ ਬਾਅਦ ਹੁਣ ਅਗਲੇ ਪੜਾਅ ਵਜੋਂ ਪੰਜਾਬ ਵਿੱਚ ਨਸ਼ਿਆਂ ਦੇ ਵੱਗ ਰਹੇ ਛੇਵੇਂ ਦਰਿਆ ਨੂੰ ਠੱਲ ਪਾਉਣ ਲਈ ਅਤੇ ਪੰਜਾਬ ਤੇ ਪੰਜਾਬ ਦੀ ਨੌਜਵਾਨੀ ਨੂੰ ਬਚਾਉਣ ਲਈ " ਨਸ਼ੇ ਛੱਡੋ ਕੋਹੜ ਵੱਢੋ " ਮੁਹਿੰਮ ਅਧੀਨ 16 ਅਕਤੂਬਰ 2023 ਨੂੰ ਦਿਨ ਸੋਮਵਾਰ ਸਮਾਂ 10 ਤੋਂ ਇੱਕ ਵਜੇ ਤੱਕ ਗੁਰੂ ਅੰਗਦ ਦੇਵ ਪਬਲਿਕ ਸਕੂਲ ਚਮਿਆਰੀ ਵਿਖੇ ਨਸ਼ਿਆਂ ਵਿਰੁੱਧ ਗੁਰਮਤਿ ਦੀ ਰੋਸ਼ਨੀ ਵਿੱਚ "ਨਸ਼ੇ ਛੱਡੋ ਕੋਹੜ ਵੱਢੋ " ਜਾਗਰੂਕਤਾ ਲਹਿਰ ਸ਼ੁਰੂ ਕੀਤੀ ਜਾਵੇਗੀ। ਉਹਨਾਂ ਸਪੱਸ਼ਟ ਕੀਤਾ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਨਸ਼ਿਆਂ ਵਿਰੁੱਧ ਮੁਹਿੰਮ ਸਰਬਸਾਂਝੀ ਹੋਵੇਗੀ । ਇਹ ਮੁਹਿੰਮ ਨਾ ਕਿਸੇ ਵਿਰੁੱਧ ਹੋਵੇਗੀ ਨਾ ਹੀ ਕਿਸੇ ਦੀ ਹਮਾਇਤ ਵਿੱਚ ਹੋਵੇਗੀ । ਇਸ ਮੁਹਿੰਮ ਵਿੱਚ ਹਰ ਸਿਆਸੀ ਪਾਰਟੀ ਦੇ ਲੋਕ ਸਿਆਸੀ ਵੱਖਰੇਵਿਆਂ ਤੋਂ ਉੱਪਰ ਉੱਠ ਕੇ ਤੇ ਹਰ ਧਰਮ ਦੇ ਲੋਕ ਸ਼ਾਥ ਦੇਣ। ਉਹਨਾਂ ਹਰ ਧਰਮ ਦੇ ਸੰਤਾਂ ਮਹਾਪੁਰਸ਼ਾਂ, ਸਮਾਜ ਸੇਵੀ ਸ਼ਖ਼ਸੀਅਤਾਂ, ਧਾਰਮਿਕ ਜਥੇਬੰਦੀਆਂ, ਐਨ ਜੀ ਓ ਪੰਥਕ ਜਥੇਬੰਦੀਆਂ, ਧਾਰਮਿਕ ਸੰਪਰਦਾਵਾਂ , ਕਿਸਾਨ ਜਥੇਬੰਦੀਆਂ, ਨਿਹੰਗ ਸਿੰਘ ਜਥੇਬੰਦੀਆਂ, ਦਮਦਮੀ ਟਕਸਾਲ, ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨਾਂ , ਸਤਿਕਾਰ ਕਮੇਟੀਆਂ, ਸੇਵਾ ਸੁਖਮਨੀ ਸੁਸਾਇਟੀਆਂ, ਗ੍ਰੰਥੀ ਸਿੰਘਾਂ, ਕਥਾਵਾਚਕਾਂ, ਰਾਗੀ, ਢਾਡੀ, ਕਵੀਸ਼ਰ, ਸਿੱਖ ਪ੍ਰਚਾਰਕ, ਗੀਤਕਾਰ ਤੇ ਗਾਇਕ, ਗਾਇਕਾਵਾਂ ਪੰਜਾਬ ਤੇ ਪੰਥ ਹਿਤੈਸ਼ੀ ਸ਼ਖ਼ਸੀਅਤਾਂ ਪੰਜਾਬ ਤੇ ਪੰਜਾਬ ਦੀ ਨੌ-ਜਵਾਨੀ ਨੂੰ ਬਚਾਉਣ ਲਈ ਅੱਗੇ ਆਉਣ। ਉਹਨਾਂ ਕਿਹਾ ਜੋ ਵੀ ਢਾਡੀ ਤੇ ਕਵੀਸ਼ਰ ਜਥੇ, ਗੀਤਕਾਰ ਤੇ ਗਾਇਕ , ਗਾਇਕਾਵਾਂ ਨਸ਼ਿਆਂ ਵਿਰੁੱਧ ਗੀਤ ਲਿਖਣਗੇ ਤੇ ਗਾਉਣਗੇ ਉਹਨਾਂ ਦਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਢੁਕਵਾਂ ਸਨਮਾਨ ਕਰੇਗੀ।



ਉਹਨਾਂ ਕਿਹਾ ਪੰਜਾਬ ਦੀ ਨੌਜਵਾਨੀ ਨੂੰ ਨਸ਼ਿਆਂ ਨੇ ਖਾ ਲਿਆ ਹੈ। ਘਰ ਘਰ ਨਸ਼ਿਆਂ ਦੀ ਹੋਮ ਡਲਿਵਰੀ ਹੋਣ ਲੱਗ ਪਈ ਹੈ। ਪੰਜਾਬ ਦਾ ਕੋਈ ਅਜਿਹਾ ਪਿੰਡ ਨਹੀਂ ਬਚਿਆ ਜਿਥੇ ਨੌਜਵਾਨ ਪੁੱਤਾਂ ਦੀਆਂ ਮੌਤਾਂ ਨਾ ਹੋਈਆਂ ਹੋਣ। ਉਹਨਾਂ ਕਿਹਾ ਪੰਜਾਬ ਦੇ ਲੋਕ ਇਹ ਕਿੰਨੀ ਦੇਰ ਤੱਕ ਬਰਦਾਸ਼ਤ ਕਰਨਗੇ ਹੁਣ ਪਾਣੀ ਸਿਰ ਤੋਂ ਲੰਘ ਤੁਰਿਆਂ ਹੈ ਹੁਣ ਪੰਜਾਬ ਦੇ ਅਣਖੀ ਲੋਕਾਂ ਨੂੰ ਨਸ਼ਿਆਂ ਖ਼ਿਲਾਫ਼ ਇੱਕ ਲਹਿਰ ਖੜ੍ਹੀ ਕਰਨੀ ਪਵੇਗੀ।

ਉਹਨਾਂ ਲੋਕਾਂ ਨੂੰ ਵੀ ਅਪੀਲ ਕੀਤੀ ਹੈ ਉਹ ਆਪਣੇ ਬੱਚਿਆ ਨੂੰ ਆਪ ਬਚਾਉਣ ਕਿਉਂਕਿ ਹੁਣ ਵਾੜ ਹੀ ਖੇਤ ਨੂੰ ਖਾਣ ਲੱਗ ਪਈ ਹੈ। ਜੋ ਨਸ਼ਿਆਂ ਦੇ ਸੌਦਾਗਰ ਨਸ਼ੇ ਵੇਚ ਰਹੇ ਹਨ ਲੋਕ ਉਹਨਾਂ ਦਾ ਸਮਾਜਿਕ ਬਾਈਕਾਟ ਕਰਨ ਅਤੇ ਉਹਨਾਂ ਦੇ ਘਰ ਮੂਹਰੇ ਧਰਨੇ ਦੇਣ। ਜਿਨਾਂ ਸਿਆਸਦਾਨਾਂ ਤੇ ਪੁਲਿਸ ਅਫਸਰਾਂ ਨੇ ਨਸ਼ੇ ਰੋਕਣੇ ਸਨ ਉਹਨਾਂ ਵਿੱਚੋਂ ਬਹੁਤੇ ਖੁਦ ਹੀ ਨਸ਼ਿਆਂ ਦੇ ਵਪਾਰੀ ਬਣ ਬੈਠੇ ਹਨ। ਉਹਨਾਂ ਨਸ਼ਿਆਂ ਦੇ ਸੁਦਾਗਰਾਂ ਨੂੰ ਅਪੀਲ ਕਰਦਿਆਂ ਕਿਹਾ ਤੁਸੀਂ ਬਹੁਤ ਜਾਇਦਾਦਾਂ ਬਣਾ ਲਈਆ ਤੇ ਮੋਟੀਆਂ ਕਮਾਈਆਂ ਕਰ ਲਈਆਂ ਪਰ ਹੁਣ ਪੰਜਾਬ ਦੀ ਨੌਜਵਾਨੀ ਤੇ ਤਰਸ ਕਰੋ ਜੋ ਨਸ਼ਿਆਂ ਨਾ.ਲ ਮਰ ਰਹੇ ਹਨ ਉਹ ਤੁਹਾਡੇ ਹੀ ਪੁੱਤ, ਭਤੀਜੇ ਹਨ ਤੇ ਸਿਆਣਿਆਂ ਕਿਹਾ ਹੈ ਕਿ "ਨੌਂ ਘਰ ਤਾਂ ਡਾਇਣ ਵੀ ਛੱਡ ਲੈਂਦੀ ਹੈ"। ਉਹਨਾਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਪੀਲ ਕੀਤੀ ਕਿ ਜਿਵੇਂ ਉਹਨਾਂ ਨੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਲਈ ਵੱਡੇ ਵੱਡੇ ਸਿਆਸੀ ਆਗੂਆਂ ਨੂੰ ਫੜ੍ਹਕੇ ਜੇਲਾਂ ਵਿੱਚ ਬੰਦ ਕੀਤਾ ਹੈ। ਇਸੇ ਤਰ੍ਹਾਂ ਵੱਡੇ ਵੱਡੇ ਨਸ਼ਿਆਂ ਦੇ ਸੌਦਾਗਰਾਂ ਨੂੰ ਫ਼ੜ੍ਹਕੇ ਜੇਲਾਂ ਵਿੱਚ ਬੰਦ ਕੀਤਾ ਇਹ ਤੁਹਾਡੀ ਡਿਊਟੀ ਹੈ। ਇਸ ਮੌਕੇ ਉਹਨਾਂ ਨਾਲ ਬਾਬਾ ਮੇਜਰ ਸਿੰਘ ਪੰਜ ਪਿਆਰੇ, ਭਾਈ ਮੋਹਕਮ ਸਿੰਘ, ਭਾਈ ਸਰਬਜੀਤ ਸਿੰਘ ਜੰਮੂ ਸਕੱਤਰ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਭਾਈ ਬੇਅੰਤ ਸਿੰਘ ਭਰਾਤਾ ਜਨਰਲ ਸੁਬੇਗ ਸਿੰਘ, ਦਲਜੀਤ ਸਿੰਘ ਪਾਖਰਪੁਰਾ, ਕਰਮਵੀਰ ਸਿੰਘ ਪੰਨੂ, ਹੈਡਮਾਸਟਰ ਸਤਨਾਮ ਸਿੰਘ, ਪਲਵਿੰਦਰ ਸਿੰਘ ਪੰਨੂ ਡਾਕਟਰ ਲਖਵਿੰਦਰ ਸਿੰਘ, ਹੈਡਮਾਸਟਰ ਪਲਵਿੰਦਰ ਸਿੰਘ ਕੈਪਟਨ ਹਰਵਿੰਦਰ ਸਿੰਘ, ਜਥੇਦਾਰ ਦੀਦਾਰ ਸਿੰਘ ਚੌਧਰਪੁਰਾ, ਬਲਵਿੰਦਰ ਸਿੰਘ ਭਿੰਦਾ, ਸੁਖਜਿੰਦਰ ਸਿੰਘ ਮਜੀਠੀਆ, ਮਨਬੀਰ ਸਿੰਘ ਦਾਬਾਂਵਾਲੀ ਸਿੱਖ ਪ੍ਰਚਾਰਕ ਭਾਈ ਅੰਗਰੇਜ ਸਿੰਘ ਭਾਈ ਰਣਜੀਤ ਸਿੰਘ ਕੁਲਬੀਰ ਸਿੰਘ ਜਗਦੀਪ ਸਿੰਘ ਆਦਿ ਸੱਜਣ ਹਾਜ਼ਿਰ ਸਨ।

# 'ਧੰਮ ਚੱਕਰ ਪ੍ਰਵਰਤਨ' ਦਿਵਸ ਸਮਾਗਮ ਦੀਆਂ ਤਿਆਰੀਆਂ ਜੋਰਾਂ 'ਚ

**ਜਲੰਧਰ (ਵਿਵੇਕ ਭਾਟੀਆ)** ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਦੇ ਜਨਰਲ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਸੁਸਾਇਟੀ ਦੀ ਕਾਰਜਕਾਰਨੀ ਕਮੇਟੀ ਦੀ ਮੀਟਿੰਗ ਪ੍ਰੋਫੈਸਰ ਸੋਹਨ ਲਾਲ ਸੇਵਾਮੁਕਤ ਡੀ.ਪੀ.ਆਈ (ਕਾਲਜਾਂ) ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ 14 ਅਕਤੂਬਰ ਨੂੰ ਕਰਵਾਏ ਜਾਣ ਵਾਲੇ 'ਧੰਮ ਚੱਕਰ ਪ੍ਰਵਰਤਨ' ਦਿਵਸ ਸਮਾਗਮ ਦੀਆਂ ਤਿਆਰੀਆਂ ਦੀ



ਸਮੀਖਿਆ ਕੀਤੀ ਗਈ। ਬਲਦੇਵ ਭਾਰਦਵਾਜ ਨੇ ਕਿਹਾ ਕਿ ਬਾਬਾ ਸਾਹਿਬ ਡਾ: ਅੰਬੇਡਕਰ ਦੁਆਰਾ ਨਾਗਪੁਰ ਦੀ ਧਰਤੀ 'ਤੇ 14 ਅਕਤੂਬਰ 1956 ਨੂੰ ਅਰੰਭੀ ਗਈ ਧੰਮ ਕ੍ਰਾਂਤੀ ਦੀ ਮਸ਼ਾਲ ਨੂੰ ਮਘਦੀ ਰੱਖਣ ਲਈ ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਵੱਲੋਂ ਅੰਬੇਡਕਰ ਭਵਨ ਟਰੱਸਟ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ ਦੇ ਸਹਿਯੋਗ ਨਾਲ 'ਧੰਮ ਚੱਕਰ ਪਰਵਰਤਨ' ਦਿਵਸ ਹਰ ਸਾਲ 14 ਅਕਤੂਬਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਮਨਾਇਆ ਜਾਂਦਾ ਹੈ। ਬਲਦੇਵ ਭਾਰਦਵਾਜ ਨੇ ਅੱਗੇ ਕਿਹਾ ਕਿ ਇਸ ਬਾਰ ਸਮਾਗਮ ਵਿਚ 14 ਅਕਤੂਬਰ ਸਵੇਰੇ 10 ਵਜੇ ਮੁੱਖ ਮਹਿਮਾਨ ਵਜੋਂ ਡਾ: ਬਲਬਿੰਦਰ ਕੁਮਾਰ, ਸਹਾਇਕ ਪ੍ਰੋਫੈਸਰ, ਪੰਜਾਬ ਯੂਨੀਵਰਸਿਟੀ ਸਵਾਮੀ ਸਰਵਾਨੰਦ ਗਿਰੀ ਰੀਜਨਲ ਸੈਂਟਰ, ਹੁਸ਼ਿਆਰਪੁਰ ਸ਼ਿਰਕਤ ਕਰਨਗੇ ਅਤੇ ਸਤਿਕਾਰਯੋਗ ਭੰਤੇ ਪ੍ਰਗਿਆ ਬੋਧੀ ਜੀ (ਤਕਸ਼ਿਲਾ ਮਹਾਬੁੱਧ ਵਿਹਾਰ, ਲੁਧਿਆਣਾ). ਧੰਮ ਦੇਸ਼ਨਾ ਦੇਣਗੇ । ਮੁੱਖ ਬੁਲਾਰੇ:ਹੋਣਗੇ ਡਾ: ਜੀ. ਸੀ ਕੌਲ,ਸਾਬਕਾ ਮੁਖੀ ਪੋਸਟ ਗ੍ਰੈਜੂਏਟ ਪੰਜਾਬੀ ਵਿਭਾਗ, ਡੀਏਵੀ ਕਾਲਜ, ਜਲੰਧਰ 'ਤੇ ਜਨਰਲ ਸਕੱਤਰ, ਅੰਬੇਡਕਰ ਭਵਨ ਟਰੱਸਟ (ਰਜਿ.); ਮੈਡਮ ਸੁਦੇਸ਼ ਕਲਿਆਣ, ਸਾਬਕਾ ਪ੍ਰੋਗਰਾਮ ਐਗਜੀਕਿਊਟਿਵ, ਦੂਰ ਦਰਸ਼ਨ, ਜਲੰਧਰ 'ਤੇ ਮੁੱਖ ਸਲਾਹਕਾਰ, ਏ.ਐਮ.ਐਸ. ਪੰਜਾਬ (ਰਜਿ.) ਅਤੇ ਸ਼੍ਰੀ ਜਸਵਿੰਦਰ ਵਰਿਆਣਾ, ਸੂਬਾ ਪ੍ਰਧਾਨ, ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਇਕਾਈ। ਮਿਸ਼ਨਰੀ ਗਾਇਕ ਜਗਤਾਰ ਵਰਿਆਣਵੀ ਐਂਡ ਪਾਰਟੀ ਆਪਣੇ ਗੀਤਾਂ ਰਾਹੀਂ ਬਾਬਾ ਸਾਹਿਬ ਦੇ ਮਿਸ਼ਨ ਤੇ ਚਾਨਣਾ ਪਾਉਣਗੇ। ਉਨ੍ਹਾਂ ਕਿਹਾ ਕਿ ਹਰ ਇੱਕ ਨੂੰ ਇਸ ਮੌਕੇ ਦਾ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਪ੍ਰੋ. ਸੋਹਨ ਲਾਲ, ਪ੍ਰੋ. ਬਲਬੀਰ, ਬਲਦੇਵ ਰਾਜ ਭਾਰਦਵਾਜ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਮੈਡਮ ਸੁਦੇਸ਼ ਕਲਿਆਣ, ਜਸਵਿੰਦਰ ਵਰਿਆਣਾ, ਨਿਰਮਲ ਬਿੰਜੀ ਆਦਿ ਹਾਜ਼ਰ ਸਨ।

# ਨਰਿੰਦਰ ਸਿੰਘ ਸਾਬਕਾ ਸਰਪੰਚ ਨੂੰ ਸਰਬ ਸੰਮਤੀ ਨਾਲ ਮੁਨੀਮ ਯੂਨੀਅਨ ਫਗਵਾੜਾ ਦਾ ਚੁਣਿਆ ਪ੍ਰਧਾਨ

## ਭੀਮ ਸਿੰਘ ਨੂੰ ਮੀਤ ਪ੍ਰਧਾਨ ਤੇ ਨੰਦ ਕਿਸ਼ੋਰ ਨੂੰ ਮਿਲੀ ਸਕੱਤਰ ਦੀ ਜਿੰਮੇਵਾਰੀ

**ਫਗਵਾੜਾ (ਬੀ.ਕੇ.ਰੱਤੂ)** ਮੁਨੀਮ ਯੂਨੀਅਨ ਫਗਵਾੜਾ ਦੀ ਇਕ ਮੀਟਿੰਗ ਦਾਣਾ ਮੰਡੀ ਫਗਵਾੜਾ ਵਿਖੇ ਹੋਈ। ਜਿਸ ਵਿਚ ਨਰਿੰਦਰ ਕੁਮਾਰ ਸਾਬਕਾ ਸਰਪੰਚ ਨੂੰ ਸਰਬ ਸੰਮਤੀ ਨਾਲ ਯੂਨੀਅਨ ਦਾ ਪ੍ਰਧਾਨ ਐਲਾਨਿਆ ਗਿਆ। ਜਦਕਿ ਭੀਮ ਸਿੰਘ ਨੂੰ ਵਾਇਸ ਪ੍ਰਧਾਨ, ਨੰਦ ਕਿਸ਼ੋਰ ਨੂੰ ਸਕੱਤਰ ਤੇ ਜਗਦੀਸ਼ ਨੂੰ ਜੁਆਇੰਟ ਸਕੱਤਰ ਚੁਣਿਆ ਗਿਆ। ਕਾਰਜਕਾਰੀ ਮੈਂਬਰਾਂ ਵਜੋਂ ਰਾਜਕੁਮਾਰ, ਬਲਬੀਰ ਸਿੰਘ, ਜਗਦੀਸ਼, ਰਾਜੇਸ਼ ਕੁਮਾਰ, ਦਲਾਰਾਮ ਨੂੰ ਸ਼ਾਮਲ ਕੀਤਾ ਗਿਆ ਹੈ। ਸਮੂਹ ਹਾਜਰ ਮੈਂਬਰਾਂ ਨੇ ਨਵ ਨਿਯੁਕਤ ਅਹੁਦੇਦਾਰਾਂ ਦੀ ਨਿਯੁੱਕਤੀ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ। ਇਸ ਮੌਕੇ ਨਵੇਂ ਚੁਣੇ ਗਏ ਪ੍ਰਧਾਨ ਨਰਿੰਦਰ ਕੁਮਾਰ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਮੁੱਚੀ ਟੀਮ ਨੂੰ ਨਾਲ ਲੈ ਕੇ ਮੁਨੀਮ ਵਰਗ ਦੇ ਹੱਕਾਂ ‘ਤੇ ਡਟ ਕੇ ਪਹਿਰਾ ਦੇਣਗੇ। ਉਹਨਾਂ ਸਮੂਹ ਮੁਨੀਮ ਭਾਈਚਾਰੇ ਨੂੰ ਆਪਣੀ ਡਿਊਟੀ ਇਮਾਨਦਾਰੀ ਨਾਲ ਨਿਭਾਉਣ ਦੀਅਪੀਲ ਕੀਤੀ ਅਤੇ ਕਿਹਾ ਕਿ ਕਿਸੇ ਵੀ ਮੁਨੀਮ ਨਾਲ ਕੋਈ ਜਿਆਦਤੀ ਨਹੀਂ ਹੋਣ ਦਿੱਤੀ ਜਾਵੇਗੀ।



# ਬੀਕੇਯੂ ਏਕਤਾ ਡਕੌਂਦ ਦੀ ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ 'ਚ ਅਹਿਮ ਵਿਚਾਰਾਂ

**ਚੰਡੀਗੜ੍ਹ, (ਦਲਜੀਤ ਕੌਰ)–** ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ, ਸੂਬਾ ਕਮੇਟੀ ਦੀ ਵਿਸ਼ੇਸ਼ ਮੀਟਿੰਗ ਹੋਈ, ਸਭ ਤੋਂ ਪਹਿਲਾਂ ਇਹ ਤਹਿ ਕੀਤਾ ਗਿਆ, ਕਿ 10 ਅਕਤੂਬਰ ਨੂੰ ਪ੍ਰਿਥੀਪਾਲ ਦੀ ਬਰਸੀ ਚੱਕ ਅਲੀਸ਼ੇਰ ਵਿਖੇ ਵੱਡੀ ਪੱਧਰ ਤੇ ਸ਼ਮੂਲੀਅਤ ਕਰਕੇ ਮਨਾਈ ਜਾਵੇਗੀ। ਐਸ ਵਾਈ ਐਲ ਨਹਿਰ ਦੇ ਮਸਲੇ ਤੇ ਦੋ ਟੁੱਕ ਫੈਸਲਾ ਕੀਤਾ ਕਿ ਪਹਿਲਾਂ ਹੀ ਪੰਜਾਬ ਨਾਲ ਧੱਕਾ ਕਰਕੇ ਬਾਹਰਲਿਆਂ ਸੂਬਿਆਂ ਨੂੰ ਪਾਣੀ ਦਿੱਤਾ ਜਾਂਦਾ ਰਿਹਾ ਹੈ। ਹੁਣ ਤਾਂ ਪਾਣੀ ਤੋਂ ਘਾਟ ਦੀ ਹਾਹਾਕਾਰ ਹੈ। ਕਦਾਚਿੱਤ ਵੀ ਪੰਜਾਬ ਦੇ ਕਿਸਾਨ ਪਾਣੀ ਕਿਸੇ ਵੀ ਸੂਬੇ ਨੂੰ ਜਾਣ ਨਹੀਂ ਦੇਣਗੇ। ਇਸ ਮੀਟਿੰਗ ਵਿੱਚ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਦੀ ਪ੍ਰਧਾਨਗੀ ਅਧੀਨ ਹੋਈ ਹੈ, ਜਿਸ ਵਿੱਚ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਭੱਟੀਵਾਲ, ਸੂਬਾ ਖ਼ਜ਼ਾਨਚੀ ਰਾਮ ਸਿੰਘ ਮਟੋਰੜਾ, ਇੰਦਰਬੀਰ ਸਿੰਘ ਸੂਬਾ ਪ੍ਰੈਸ ਸਕੱਤਰ ਅਤੇ 13 ਜ਼ਿਲਿਆਂ ਦੇ ਪ੍ਰਧਾਨ ਤੇ ਸਕੱਤਰ ਮੌਜੂਦ ਸਨ। ਨਿਊਜ਼ਕਲਿੱਕ ਦੇ ਦਫ਼ਤਰ ਸੀਲ ਕਰਨ ਤੇ ਪੱਤਰਕਾਰਾਂ ਦੀ ਗ੍ਰਿਫਤਾਰੀ ਦੀ ਭਾਕਿਯੂ ਡਕੌਂਦਾ ਨੇ ਸਖ਼ਤ ਨਿਖੇਧੀ ਕੀਤੀ। ਭਾਰਤੀ ਕਿਸਾਨ ਯੂਨੀਅਨ ਏਕਤਾ ਡਕੌਂਦਾ ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜਗਿੱਲ ਨੇ ਪਿੱਛਲੇ ਦਿਨੀਂ ਨਿਊਜ਼ ਪੋਰਟਲ ਤੇ ਇਸਦੇ ਪੱਤਰਕਾਰਾਂ ਤੇ ਛਾਪਿਆਂ ਲਈ ਸਰਕਾਰ ਦੀ ਤਿੱਖੀ ਆਲੋਚਨਾ ਕੀਤੀ ਹੈ। ਉਹਨਾਂ ਨੇ ਦਾਅਵਾ ਕੀਤਾ ਕਿ ਇਹ ਪ੍ਰੈਸ ਦੀ ਜੁਬਾਨਬੰਦੀ ਦਾ ਕੋਝਾ ਯਤਨ ਹੈ ਅਤੇ ਅਸੀਂ ਸਰਕਾਰ ਨੂੰ ਜਮਹੂਰੀ ਪ੍ਰਬੰਧ ਵਿੱਚ ਸੁਤੰਤਰ ਮੀਡੀਆ ਦੀ ਅਹਿਮੀਅਤ ਬਾਰੇ ਯਾਦ ਕਰਵਾਉਣਾ ਚਾਹੁੰਦੇ ਹਾਂ। ਇੱਥੇ ਦੱਸਣਯੋਗ ਹੈ ਕਿ ਦਿੱਲੀ ਪੁਲੀਸ ਦੇ ਵਿਸ਼ੇਸ਼ ਸੈੱਲ ਨੇ ਆਨਲਾਈਨ ਨਿਊਜ਼ ਪੋਰਟਲ ਨਿਊਜ਼ਕਲਿੱਕ ਤੇ ਇਸ ਦੇ ਪੱਤਰਕਾਰਾਂ ਦੇ 30 ਟਿਕਾਣਿਆਂ ਤੇ ਛਾਪੇ ਮਾਰੇ। ਇਹ ਛਾਪੇ ਅਤਿਵਾਦ ਵਿਰੋਧੀ ਕਾਨੂੰਨ ਯੂਏਪੀਏ ਤਹਿਤ ਮਾਰੇ ਗਏ ਹਨ। ਸੂਬਾ ਜਨਰਲ ਸਕੱਤਰ ਜਗਮੋਹਨ ਸਿੰਘ ਪਟਿਆਲਾ ਨੇ ਕਿਹਾ ਕਿ ਇਹਨਾਂ ਛਾਪਿਆ ਤੋ ਸਰਕਾਰ ਦੀ ਮਨਸ਼ਾ ਜੱਗ ਜਾਹਰ ਹੋ ਰਹੀ ਹੈ ਕਿ ਕੋਈ ਵੀ ਆਵਾਜ਼ ਜੋ ਸਰਕਾਰ ਦੀਆਂ ਗਲਤ ਨੀਤੀਆਂ ਖ਼ਿਲਾਫ਼ ਉੱਠਦੀ ਹੈ ਉਸਨੂੰ ਬਰਦਾਸ਼ਤ ਨਹੀਂ ਕਰਦੀ।

# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ ਨੇ ਮਨਾਇਆ ਗੁਰੂ ਘਰ ਦਾ 31ਵਾਂ ਸਥਾਪਨਾ ਦਿਵਸ

ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ ਨੇ ਗੁਰੂ ਘਰ ਦਾ 31ਵਾਂ ਸਥਾਪਨਾ ਦਿਵਸ ਬੜੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਸ੍ਰੀ ਅਖੰਡ ਪਾਠ ਸਾਹਿਬ ਜੀ 6 ਅਕਤੂਬਰ ਦਿਨ ਸ਼ੁੱਕਰਵਾਰ ਨੂੰ ਆਰੰਭ ਹੋਏ, ਜਿਹਨਾਂ ਦੇ ਭੋਗ 8 ਅਕਤੂਬਰ ਦਿਨ ਐਤਵਾਰ ਨੂੰ ਪਾਏ ਗਏ। 7 ਅਕਤੂਬਰ ਨੂੰ ਸ੍ਰੀ ਨਿਸ਼ਾਨ ਸਾਹਿਬ ਦੀ ਸੇਵਾ ਕੀਤੀ ਗਈ। ਇਸ ਮੌਕੇ ਗੁਰੂ ਘਰ ਦਾ ਹਜ਼ੂਰੀ ਰਾਗੀ ਜਥਾ ਭਾਈ ਸਾਹਿਬ ਭਾਈ ਗੁਰਦੀਪ ਸਿੰਘ ਤੋਂ ਇਲਾਵਾ ਭਾਈ ਉਂਕਾਰ ਸਿੰਘ ਊਨਾ ਵਾਲੇ, ਭਾਈ ਬੇਤਾਬ ਸਿੰਘ ਲੁਧਿਆਣਾ ਵਾਲੇ ਆਦਿ ਜਥਿਆਂ ਨੇ ਸ਼ਬਦ ਕੀਰਤਨ ਰਾਹੀ ਰਸਭਿੰਨਾ ਸ਼ਬਦ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਇਸ ਮੌਕੇ ਗੁਰੂ ਘਰ ਦੇ ਅਨਿਨ ਸੇਵਕ ਅਤੇ ਉਘੇ ਬਿਜਨਸਮੈਨ ਸ੍ਰੀ ਸੁਭਾਸ਼ ਬੰਗਾ (ਜੌਨ ਬੰਗਾ), ਸ. ਅਵਤਾਰ ਸਿੰਘ ਜੱਸਲ ਅਤੇ ਸ੍ਰੀ ਦੀਪਕ ਪ੍ਰਾਸ਼ਰ ਸਮੂਹ ਪਰਿਵਾਰਾਂ ਵੱਲੋਂ ਤਿੰਨੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਜੀ ਅਤੇ ਗੁਰੂ ਘਰ ਦੇ ਅਤੁੱਟ ਲੰਗਰ ਦੀ ਸੇਵਾ ਕੀਤੀ ਗਈ। ਨਿਸ਼ਾਨ ਸਾਹਿਬ ਦੀ ਸੇਵਾ ਬੀਬੀ ਸੋਮਾਵਤੀ ਅਤੇ ਸ੍ਰੀ ਸੁਰਿੰਦਰ ਮਹੇ ਪਰਿਵਾਰ ਵੱਲੋਂ ਨਿਭਾਈ ਗਈ। ਸਟੇਜ ਦੀ ਸੇਵਾ ਸ੍ਰੀ ਬਲਜੀਤ ਸਿੰਘ ਅਤੇ ਰਾਜ ਸੂਦ ਨੇ ਬਾਖੂਬੀ ਨਾਲ ਨਿਭਾਈ। ਇਸ ਮੌਕੇ ਦਾਨੀ ਪਰਿਵਾਰਾਂ ਦਾ ਸਿਰੋਪਾਓ ਨਾਲ ਸਨਮਾਨ ਵੀ ਕੀਤਾ ਗਿਆ। ਅਦਾਰਾ ਦੇਸ਼ ਦੁਆਬਾ ਸਮੂਹ ਸੰਗਤ ਦਾ ਧੰਨਵਾਦੀ ਹੈ।

















# ਸ੍ਰੀ ਗੁਰੂ ਰਵਿਦਾਸ ਟੈਂਪਲ ਰਿਓਲਿੰਡਾ (ਸੈਕਰਾਮੈਂਟੋ) ਦੀ ਪ੍ਰਬੰਧਕ ਕਮੇਟੀ ਨੇ ਮਨਾਇਆ ਗੁਰੂ ਘਰ ਦਾ 31ਵਾਂ ਸਥਾਪਨਾ ਦਿਵਸ



ਇਸ ਮੌਕੇ ਗੁਰੂ ਘਰ ਦੇ ਅਨਿਨ ਸੇਵਕ ਅਤੇ ਉਘੇ ਬਿਜਨਸਮੈਨ ਸ੍ਰੀ ਸੁਭਾਸ਼ ਬੰਗਾ (ਜੌਨ ਬੰਗਾ), ਸ. ਅਵਤਾਰ ਸਿੰਘ ਜੱਸਲ ਅਤੇ ਸ੍ਰੀ ਦੀਪਕ ਪ੍ਰਾਸ਼ਰ ਸਮੂਹ ਪਰਿਵਾਰਾਂ ਵੱਲੋਂ ਤਿੰਨੇ ਦਿਨ ਸ੍ਰੀ ਅਖੰਡ ਪਾਠ ਸਾਹਿਬ ਅਤੇ ਗੁਰੂ ਘਰ ਦੇ ਅਤੁੱਟ ਲੰਗਰ ਦੀ ਸੇਵਾ ਕੀਤੀ ਗਈ। ਸਮੂਹ ਬੰਗਾ, ਜੱਸਲ ਅਤੇ ਪ੍ਰਾਸ਼ਰ ਪਰਿਵਾਰਾਂ ਵੱਲੋਂ ਸਮੂਹ ਗੁਰੂ ਪਿਆਰੀ ਸਾਧ ਸੰਗਤ ਦਾ ਧੰਨਵਾਦ ਕੀਤਾ, ਜਿਹਨਾਂ ਨੇ ਗੁਰੂ ਘਰ ਆ ਕੇ ਹਾਜ਼ਰੀਆਂ ਭਰੀਆਂ। **(ਤਸਵੀਰਾਂ ਅਦਾਰਾ "ਦੇਸ਼ ਦੁਆਬਾ")**






# ਅਰਪਨ ਸੋਸਾਇਟੀ ਨੇ ਕਾਮਨਹੈਲਥ ਨਾਲ ਮਿਲਕੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ

ਅਰਪਨ ਸੋਸਾਇਟੀ ਵਲੋਂ ਕਾਮਨਹੈਲਥ ਨਾਲ ਮਿਲਕੇ ਇਲਾਕੇ ਵਿੱਚ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਗਰੂਕਤਾ ਅਭਿਆਨ ਚਲਾਇਆ ਗਿਆ। ਇਸ ਸਬੰਧੀ ਨੌਜਵਾਨਾਂ ਲਈ ਕੰਪੀਟੀਸ਼ਨ ਦਾ ਆਯੋਜਨ ਕੀਤਾ ਗਿਆ ਅਤੇ ਕੰਪੀਟੀਸ਼ਨ ਵਿੱਚ ਅੱਵਲ ਰਹਿਣ ਵਾਲੇ ਨੌਜਵਾਨਾਂ ਨੂੰ ਇਨਾਮ ਦੇਕੇ ਸਨਮਾਨਿਤ ਕੀਤਾ ਗਿਆ। ਮਹਿਲਾਵਾਂ ਲਈ ਜਾਗਰੂਕਤਾ ਕੈਂਪਾਂ ਦਾ ਆਯੋਜਨ ਕੀਤਾ ਗਿਆ। ਇਨ੍ਹਾਂ ਕੈਂਪਾਂ ਵਿੱਚ ਅਰਪਨ ਸੰਸਥਾ ਦੇ ਡਾਇਰੈਕਟਰ ਅਤੇ ਕਾਮਨਹੈਲਥ ਮੈਂਬਰ ਕੁਲਦੀਪ ਚੰਦ, ਹੈਲਥ ਵਰਕਰ ਬਲਜੀਤ ਕੌਰ, ਸ਼ੋਸ਼ਲ ਵਰਕਰ ਰੁਪਾਲੀ, ਮਨਪ੍ਰੀਤ ਸਿੰਘ ਆਦਿ ਨੇ ਮਹਿਲਾਵਾਂ ਅਤੇ ਲੜਕੀਆਂ ਨੂੰ ਮਹਿਲਾਵਾਂ ਦੇ ਸਿਹਤ ਸਬੰਧੀ ਅਧਿਕਾਰਾਂ ਅਤੇ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਸਬੰਧੀ ਜਾਣਕਾਰੀ ਦਿੱਤੀ। ਜਾਗਰੂਕਤਾ ਲਈ ਵੱਖ ਵੱਖ ਰਿਪੋਰਟਾਂ ਅਤੇ ਕਿਤਾਬਾਂ ਵੰਡੀਆਂ ਗਈਆਂ। ਉਨ੍ਹਾਂ ਦੱਸਿਆ ਕਿ ਸਾਲ 2015 ਤੋਂ 28 ਸਤੰਬਰ ਦਾ ਦਿਨ ਅੰਤਰਰਾਸ਼ਟਰੀ ਸੁਰੱਖਿਅਤ ਗਰਭਪਾਤ ਦਿਵਸ ਦੇ ਤੌਰ ਤੇ ਮਨਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਗਰਭਪਾਤ ਦੀ ਸਹੂਲਤ ਸਬੰਧੀ ਬਣਾਏ ਗਏ ਐਮਟੀਪੀ ਐਕਟ 1971 ਲਾਗੂ ਹੋਣ ਤੋਂ ਬਾਦ ਵੀ ਐਕਟ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਸਾਲ 2002, 2003, 2014, 2016 ਅਤੇ ਹੁਣ 2021 ਵਿੱਚ ਸੋਧ ਕੀਤੀ ਗਈ ਹੈ। ਗਰਭਪਾਤ ਹੁਣ 24 ਹਫ਼ਤਿਆਂ ਦੀ ਗਰਭ ਅਵਸਥਾ ਤੱਕ ਕੀਤਾ ਜਾ ਸਕਦਾ ਹੈ। ਗਰਭਪਾਤ ਨੂੰ ਸਰਕਾਰ ਦੇ ਜਨਤਕ ਰਾਸ਼ਟਰੀ ਸਿਹਤ ਬੀਮਾ ਫੰਡ, ਆਯੁਸ਼ਮਾਨ ਭਾਰਤ ਅਤੇ ਕਰਮਚਾਰੀਆਂ ਦੇ ਰਾਜ ਬੀਮਾ ਦੁਆਰਾ 100% ਕਵਰ ਕੀਤਾ ਜਾਂਦਾ ਹੈ। ਭਾਰਤ ਵਿੱਚ ਕਾਨੂੰਨ ਦੇ ਬਾਵਜੂਦ ਸੇਵਾਵਾਂ ਤੱਕ ਪਹੁੰਚ ਵਿੱਚ ਰੁਕਾਵਟ ਆਉਂਦੀ ਹੈ। ਪੀਸੀਪੀਐਨਡੀਟੀ ਐਕਟ 1994 ਲਾਗੂ ਹੋਣ ਤੋਂ ਬਾਦ ਤਾਂ ਗਰਭਪਾਤ ਲਈ ਬਣਾਏ ਗਏ ਐਮਟੀਪੀ ਐਕਟ ਅਨੁਸਾਰ ਕਨੂੰਨੀ ਤੋਰ ਤੇ ਮੰਨਜੂਰਸ਼ੁਦਾ ਗਰਭਪਾਤ ਦੀਆਂ ਸੇਵਾਵਾਂ ਅਤੇ ਸਹੂਲਤਾਂ ਲੈਣ ਲਈ ਵੀ ਬਹੁਤੀਆਂ ਮਹਿਲਾਵਾਂ ਨੂੰ ਮੁਸ਼ਕਿਲਾਂ ਆ ਰਹੀਆਂ ਹਨ। ਭਾਰਤ ਵਿੱਚ 56 ਫਿਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ ਅਤੇ ਮਾਵਾਂ ਦੀਆਂ ਹੋਣ ਵਾਲੀਆਂ ਕੁੱਲ ਮੌਤਾਂ ਵਿੱਚੋਂ 8.5 ਫੀਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੀ ਹੁੰਦੀਆਂ ਹਨ।







ਕਾਮਨਹੈਲਥ ਵਲੋਂ ਵੱਖ ਵੱਖ ਸੰਸਥਾਵਾਂ ਨਾਲ ਮਿਲਕੇ ਕੀਤੇ ਗਏ ਅਧਿਐਨ ਦੀਆਂ ਰਿਪੋਰਟਾਂ ਅਨੁਸਾਰ ਕੋਵਿਡ-19 ਸਬੰਧੀ ਹੋਈ ਤਾਲਾਬੰਦੀ ਦੌਰਾਨ ਜਨਵਰੀ ਤੋਂ ਜੂਨ 2020 ਦੇ ਸਮੇਂ ਵਿਚਕਾਰ ਲੱਗਭੱਗ 9.2 ਲੱਖ ਮਹਿਲਾਵਾਂ ਨੂੰ ਇਹ ਸੇਵਾਵਾਂ ਨਹੀਂ ਮਿਲੀਆਂ ਹਨ ਅਤੇ ਲੱਗਭੱਗ 6.5 ਲੱਖ ਅਣਚਾਹੇ ਗਰਭ ਵਧੇ ਹਨ, ਲੱਗਭੱਗ 10 ਲੱਖ ਅਸੁਰੱਖਿਅਤ ਗਰਭਪਾਤ ਹੋਏ ਹਨ ਅਤੇ ਲੱਗਭੱਗ 2600 ਮਾਂਵਾਂ ਦੀ ਮੌਤ ਹੋਈ ਹੈ। ਭਾਰਤ ਵਿੱਚ ਕਈ ਵਾਰ ਇਸ ਸੇਵਾ ਲਈ ਮਾਣਯੋਗ ਅਦਾਲਤਾਂ ਦਾ ਸਹਾਰਾ ਲੈਣਾ ਪਿਆ ਹੈ। ਸੁਰੱਖਿਅਤ ਗਰਭਪਾਤ ਲਈ ਸੰਸਾਰ ਭਰ ਵਿੱਚ ਮੁਹਿੰਮ ਦੇ 100 ਸਾਲਾਂ ਦੇ ਬਾਵਜੂਦ ਗਰਭਪਾਤ ਦਾ ਲਗਾਤਾਰ ਅਪਰਾਧੀਕਰਨ ਹਰ ਸਾਲ ਅਣਗਿਣਤ ਵਿਅਕਤੀਆਂ ਨੂੰ ਨੁਕਸਾਨ ਪਹੁੰਚਾਉਂਦਾ ਹੈ। ਉਨ੍ਹਾਂ ਨੇ ਐਮ ਟੀ ਪੀ ਐਕਟ ਅਧੀਨ ਮਿਲਣ ਵਾਲੀਆਂ ਸਹੂਲਤਾਂ ਬਾਰੇ ਵਿਸਥਾਰ ਵਿੱਚ ਦੱਸਿਆ। ਉਨ੍ਹਾਂ ਮੀਡੀਆਕਰਮੀਆਂ ਨੂੰ ਵੀ ਅਪੀਲ ਕੀਤੀ ਕਿ ਇਸ ਸਬੰਧੀ ਖਬਰਾਂ ਲਗਾਉਣ ਵੇਲੇ ਕਨੂੰਨ ਅਤੇ ਮਹਿਲਾਵਾਂ ਦੇ ਅਧਿਕਾਰਾਂ ਦਾ ਧਿਆਨ ਰੱਖਿਆ ਜਾਵੇ।

ਇਸ ਮੌਕੇ ਹਾਜਰ ਮਹਿਲਾਵਾਂ ਨੂੰ ਅਪੀਲ ਕੀਤੀ ਕਿ ਜਰੂਰਤ ਪੈਣ ਤੇ ਸਿਰਫ ਸੁਰੱਖਿਅਤ ਗਰਭਪਾਤ ਹੀ ਕਰਵਾਇਆ ਜਾਵੇ ਅਤੇ ਇਹ ਮਹੱਤਵਪੂਰਨ ਜਾਣਕਾਰੀ ਹਰ ਪਰਿਵਾਰ ਤੱਕ ਪਹੁੰਚਾਈ ਜਾਵੇ। ਇਸ ਮੌਕੇ ਕਮਲਾ, ਸੰਦੀਪ ਕੌਰ, ਗੀਤਾ ਦੇਵੀ, ਪ੍ਰਿਆ, ਰਾਜ ਰਾਣੀ, ਅੰਜਨਾ ਦੇਵੀ, ਦਰਸ਼ਨਾ ਦੇਵੀ, ਸੰਤੋਸ਼, ਕਾਂਤਾ, ਰੀਟਾ, ਸੱਤਿਆ, ਮਹਿੰਦਰੀ, ਰਾਜੋ ਦੇਵੀ, ਭੋਲੀ, ਕੁਲਵਿੰਦਰ ਕੌਰ, ਸ਼ਿੰਦੋ, ਸੁਨੀਤਾ ਦੇਵੀ, ਮਨਦੀਪ, ਬਲਜੀਤ, ਸਿਮਰਨਜੋਤ, ਪੂਨਮ, ਅੰਜਲੀ, ਨੇਹਾ, ਤਾਨੀਆ, ਕੋਮਲ, ਵਿਸ਼ਾਲੀ, ਡਿੰਪਲ, ਹਰਮਨ, ਮਨਪ੍ਰੀਤ ਆਦਿ ਹਾਜਰ ਸਨ।

**ਕੁਲਦੀਪ ਚੰਦ, 91-94175-63054**

# ਜਿਲ੍ਹਾ ਪਠਾਨਕੋਟ ਵਿੱਚ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਦਾਣਾ ਮੰਡੀਆਂ ਅੰਦਰ ਝੋਨਾ ਪਹੁੰਚਣ ਤੇ ਝੋਨਾ ਖਰੀਦ ਦਾ ਕੀਤਾ ਸੁਭਅਰੰਭ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਯੋਗ ਅਗਵਾਈ ਵਿੱਚ ਮੰਡੀਆਂ ਵਿੱਚ ਝੋਨੇ ਦੀ ਖਰੀਦ ਲਈ ਸਾਰੇ ਪ੍ਰਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਪੂਰੇ ਪੰਜਾਬ ਅੰਦਰ 1 ਅਕਤੂਬਰ ਤੋਂ ਝੋਨੇ ਦੀ ਖਰੀਦ ਦਾ ਕੰਮ ਸੁਰੂ ਕਰ ਲਿਆ ਗਿਆ ਹੈ ਅੱਜ ਜਿਲ੍ਹਾ ਪਠਾਨਕੋਟ ਅੰਦਰ ਵੀ ਮੰਡੀਆਂ ਵਿੱਚ ਝੋਨੇ ਦੀ ਖਰੀਦ ਦਾ ਕੰਮ ਸੁਰੂ ਕੀਤਾ ਗਿਆ ਹੈ। ਇਹ ਪ੍ਰਗਟਾਵਾ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਸਰਨਾ ਨਜਦੀਕ ਸਥਿਤ ਰਾਜਨ ਦੀ ਮੰਡੀ ਵਿੱਚ ਝੋਨੇ ਦੀ ਖਰੀਦ ਦੀ ਸੁਰੂਆਤ ਕਰਨ ਮਗਰੋਂ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਅੰਕੁਰਜੀਤ ਸਿੰਘ ਵਧੀਕ ਡਿਪਟੀ ਕਮਿਸਨਰ (ਜ), ਵਿਕਾਸ ਸੈਣੀ ਚੇਅਰਮੈਨ ਮਾਰਕਿਟ ਕਮੇਟੀ ਪਠਾਨਕੋਟ, ਭਾਨੂੰ ਪਰਤਾਪ , ਐਡਵੋਕੇਟ ਰਮੇਸ ਕੁਮਾਰ, ਰਜਿੰਦਰ ਸਿੰਘ ਭਿੱਲਾ, ਮੁਨੀਸ ਨਰੂਲਾ ਡਿਪਟੀ ਡਾਇਰੈਕਟਰ, ਮੰਗਲਦਾਸ ਜੁਆਇੰਟ ਡਾਇਰੈਕਟਰ, ਗੁਰਇੰਦਰ ਸਿੰਘ ਜਿਲ੍ਹਾ ਖੁਰਾਕ ਤੇ ਸਪਲਾਈ ਕੰਟਰੋਲਰ ਪਠਾਨਕੋਟ, ਰਾਮ ਲੁਭਾਇਆ ਜਿਲ੍ਹਾ ਲੋਕ ਸੰਪਰਕ ਅਫਸਰ ਪਠਾਨਕੋਟ ਅਤੇ ਸੰਬੰਧਤ ਵਿਭਾਗਾਂ ਦੇ ਹੋਰ ਅਧਿਕਾਰੀ, ਵੱਖ ਵੱਖ ਮੰਡੀਆਂ ਤੋਂ ਆੜਤੀ ਵੀ ਹਾਜ਼ਰ ਸਨ।



ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਅਤੇ ਜੰਗਲਾਤ ਅਤੇ ਜੰਗਲੀ ਜੀਵ ਸੁਰੱਖਿਆ ਮੰਤਰੀ ਪੰਜਾਬ ਨੇ ਕਿਹਾ ਕਿ ਅਸੀਂ ਖੁਸ਼ੀ ਮਹਿਸੂਸ ਕਰ ਰਹੇ ਹਾਂ ਪੰਜਾਬ ਦੀਆਂ ਸਾਰੀਆਂ ਮੰਡੀਆਂ ਵਿੱਚ ਝੋਨੇ ਦੀ ਖਰੀਦ ਤੋਂ ਪਹਿਲਾ ਹੀ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ, ਇਸ ਦੇ ਨਾਲ ਹੋਰ ਵੀ ਜਿਆਦਾ ਖੁਸੀ ਦੀ ਗੱਲ ਇਹ ਹੈ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਖਰੀਦ ਇੱਕ ਵਜੇ ਹੋ ਰਹੀ ਹੈ ਤਾਂ ਚਾਰ ਵਜੇ ਤੱਕ ਕਿਸਾਨ ਦੇ ਖਾਤੇ ਵਿੱਚ ਝੋਨੇ ਦੀ ਖਰੀਦ ਦੀ ਰਾਸੀ ਪਾ ਦਿੱਤੀ ਜਾਂਦੀ ਹੈ। ਉਨ੍ਹਾਂ ਕਿਹਾ ਕਿ ਜਿਲ੍ਹਾ ਪਠਾਨਕੋਟ ਵਿੱਚ ਕਿਸਾਨ ਦਾ ਇੱਕ-ਇੱਕ ਦਾਨੇ ਦੀ ਖਰੀਦ ਕੀਤੀ ਜਾਵੇਗੀ ਚਾਹੇ ਉਹ ਜਿਲ੍ਹਾ ਪਠਾਨਕੋਟ ਦੇ ਕਿਸੇ ਵੀ ਬਲਾਕ ਦੀ ਮੰਡੀ ਹੋਵੇ, ਕਿਸਾਨਾਂ ਨੂੰ ਮੁਸਕਿਲ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਕਿਸਾਨ ਕਿਸੇ ਤਰ੍ਹਾਂ ਦੀ ਚਿੰਤਾ ਨਾ ਕਰਨ ਅਤੇ ਚਿੰਤਾਂ ਮੁਕਤ ਹੋ ਕੇ ਮੰਡੀਆਂ ਅੰਦਰ ਝੋਨਾ ਲੈ ਕੇ ਆਉਣ। ਉਨ੍ਹਾਂ ਕਿਸਾਨਾਂ ਨੂੰ ਇਹ ਵੀ ਅਪੀਲ ਕਰਦਿਆਂ ਕਿਹਾ ਕਿ ਮੰਡੀਆਂ ਅੰਦਰ ਝੋਨਾਂ ਪੂਰੀ ਤਰ੍ਹਾਂ ਸੁਕਾ ਕੇ ਲਿਆਂਦਾ ਜਾਵੇ ਤਾਂ ਜੋ ਝੋਨੇ ਵਿੱਚ ਨਮੀ ਦੀ ਮਾਤਰਾ ਜੋ ਕਿ 17 ਪ੍ਰਤੀਸਤ ਨਿਰਧਾਰਤ ਕੀਤੀ ਗਈ ਹੈ ਉਸ ਤੋਂ ਜਿਆਦਾ ਨਾ ਹੋਵੇ। ਉਨ੍ਹਾਂ ਦੱਸਿਆ ਕਿ ਮੰਡੀਆਂ ਅੰਦਰ ਸਾਰੇ ਪ੍ਰਖਤਾ ਪ੍ਰਬੰਧ ਕਰ ਲਏ ਗਏ ਹਨ ਅੱਜ ਰਾਜਨ ਦੀ ਮੰਡੀ ਸਰਨਾ ਵਿਖੇ ਵੱਖ ਵੱਖ ਕਿਸਾਨਾਂ ਵੱਲੋਂ ਲਿਆਂਦੇ ਝੋਨੇ ਦੀ ਢੇਰੀ ਦੀ ਖਰੀਦ ਕੀਤੀ ਗਈ ਹੈ। ਉਨ੍ਹਾਂ ਕਿਸਾਨਾਂ ਨੂੰ ਵੀ ਝੋਨੇ ਦੀ ਪਹਿਲੀ ਖਰੀਦ ਹੋਣ ਤੇ ਮੁਬਾਰਕਬਾਦ ਦਿੱਤੀ। ਉਨ੍ਹਾਂ ਸਬੰਧਤ ਵਿਭਾਗ ਦੇ ਜਿਲ੍ਹਾ ਅਧਿਕਾਰੀ ਅਤੇ ਬਲਾਕ ਅਧਿਕਾਰੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਅੰਦਰ ਕਿਸੇ ਕਿਸਮ ਦੀ ਪ੍ਰੇਸਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਨੇ ਕਿਹਾ ਕਿ ਪੰਜਾਬ ਅੰਦਰ ਇਨ੍ਹਾਂ ਦਿਨ੍ਹਾਂ ਦੋਰਾਨ ਕਰੀਬ 8 ਲੱਖ ਕਿਸਾਨਾਂ ਨੇ ਅਪਣੀ ਫਸਲ ਲੈ ਕੇ ਮੰਡੀਆਂ ਅੰਦਰ ਪਹੁੰਚਣਾ ਹੈ ਇਨ੍ਹਾਂ ਦੇ ਲਈ ਪੂਰੇ ਪੰਜਾਬ ਅੰਦਰ 1854 ਖਰੀਦ ਕੇਂਦਰ (ਮੰਡੀਆਂ) ਬਣਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅੰਦਰ ਇਸ ਵਾਰ 182 ਲੱਖ ਮੀਟਰਿਕ ਟਨ ਕਣਕ ਦਾ ਟੀਚਾ ਮਿਲਿਆ ਹੈ ਜੋ ਪੂਰਾ ਕਰਨਾ ਹੈ, ਉਨ੍ਹਾਂ ਕਿਹਾ ਕਿ ਭਾਵੇਂ ਕਿ ਕਿਸਾਨਾਂ ਦੀਆਂ ਫਸਲਾਂ ਨੇ ਮੌਸਮ ਦੀ ਮਾਰ ਵੀ ਝੱਲੀ ਹੈ ਪਰ ਇਸ ਦੇ ਬਾਵਜੂਦ ਵੀ ਫਸਲਾਂ ਬਹੁਤ ਵਧੀਆ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਅੰਦਰ 5 ਅਕਤੂਬਰ ਤੱਕ 3.28 ਲੱਖ ਮੀਟਰਿਕ ਟਨ ਝੋਨਾ ਪਹੁੰਚਿਆ ਹੈ ਜਿਸ ਵਿੱਚੋਂ 2.90 ਲੱਖ ਮੀਟਰਿਕ ਟਨ ਝੋਨੇ ਦੀ ਖਰੀਦ ਕਰ ਲਈ ਗਈ ਹੈ ਅਤੇ ਲਗਭਗ 85 ਕਰੋੜ ਰੁਪਏ ਕਿਸਾਨਾਂ ਦੇ ਖਾਤਿਆਂ ਵਿੱਚ ਪਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀਆਂ ਸਹੂਲਤਾਂ ਨੂੰ ਧਿਆਨ ਵਿੱਚ ਰੱਖ ਕੇ ਸਾਰੇ ਪ੍ਰਖਤਾ ਪ੍ਰਬੰਧ ਕਰ ਲਏ ਗਏ ਹਨ।

# ਬੱਚਿਆਂ ਨੇ ਕੀਤਾ ਮੁੱਖ ਡਾਕਖਾਨਾ ਪਠਾਨਕੋਟ ਦਾ ਦੌਰਾ

**ਪਠਾਨਕੋਟ (ਰਾਜਿੰਦਰ ਸਿੰਘ ਰਾਜਨ)** ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਡੀ ਜੀ ਸਿੰਘ ਦੀ ਅਗਵਾਈ ਹੇਠ ਬੀਪੀਈਓ ਕੁਲਦੀਪ ਸਿੰਘ ਅਤੇ ਸਮਾਰਟ ਸਕੂਲ ਕੋਆਰਡੀਨੇਟਰ ਸੰਜੀਵ ਮਨੀ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਮਿਸ਼ਨ ਰੋਡ ਅਤੇ ਐਮ ਸੀ ਬਜ਼ਾਰ ਦੇ ਬੱਚਿਆਂ ਨੂੰ ਮੁੱਖ ਡਾਕਖਾਨਾ ਪਠਾਨਕੋਟ ਦਾ ਦੌਰਾ ਕਰਵਾਇਆ ਗਿਆ। ਦੌਰੇ ਦੌਰਾਨ ਪੋਸਟ ਆਫ਼ਿਸ ਇੰਚਾਰਜ ਮੀਨਾ ਦੇਵੀ, ਮਿਸਟਰ ਸੂਦ, ਨਿਤਿਨ ਅਤੇ ਸਿਮਰਨ ਵੱਲੋਂ ਵਿਦਿਆਰਥੀਆਂ ਦਾ ਸਵਾਗਤ ਕੀਤਾ ਗਿਆ ਅਤੇ ਵਿਦਿਆਰਥੀਆਂ ਨੂੰ ਡਾਕਖਾਨੇ ਦੇ ਸਮੂਚੇ ਕੰਮਕਾਜ ਸਬੰਧੀ ਜਾਣਕਾਰੀ ਦਿੱਤੀ ਗਈ।




ਇਸ ਮੌਕੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀ ਡੀਜੀ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫ਼ਸਰ ਐਲੀਮੈਂਟਰੀ ਸ੍ਰੀਮਤੀ ਕਮਲਦੀਪ ਕੌਰ ਵੱਲੋਂ ਦਿਸ਼ਾ ਨਿਰਦੇਸ਼ਾਂ ਦਿੱਤੇ ਗਏ ਹਨ ਕਿ ਵਿਦਿਆਰਥੀਆਂ ਨੂੰ ਰੂਰਲ ਐਡਮਿਨਸਟ੍ਰੇਸ਼ਨ ਦੀ ਜਾਣਕਾਰੀ ਦਿੱਤੀ ਜਾਵੇ। ਜਿਸ ਤਹਿਤ ਅੱਜ ਬਲਾਕ ਪਠਾਨਕੋਟ-3 ਦੇ ਦੋ ਸਕੂਲਾਂ ਸਰਕਾਰੀ ਪ੍ਰਾਇਮਰੀ ਸਕੂਲ ਮਿਸ਼ਨ ਰੋਡ ਅਤੇ ਐਮ ਸੀ ਬਜ਼ਾਰ ਦੇ ਬੱਚਿਆਂ ਨੂੰ ਡਾਕਖਾਨੇ ਦੇ ਕੰਮਕਾਜ ਦੀ ਜਾਣਕਾਰੀ ਦੇਣ ਲਈ ਮੁੱਖ ਡਾਕਖਾਨਾ ਪਠਾਨਕੋਟ ਲਿਜਾਇਆ ਗਿਆ। ਜਿਥੇ ਪੋਸਟ ਆਫ਼ਿਸ ਇੰਚਾਰਜ ਮੀਨਾ ਕੁਮਾਰੀ ਅਤੇ ਸਿਮਰਨ ਨੇ ਬੱਚਿਆਂ ਨੂੰ ਪੱਤਰ, ਪਾਰਸਲ, ਮਨੀਆਰਡਰ, ਪੋਸਟ ਲਾਈਫ ਇੰਸੋਰੈਂਸ, ਸੁਕੰਨਿਆ ਸਮਰਿਧੀ ਯੋਜਨਾ, ਐਮ ਆਈ ਐਸ, ਅਧਾਰ ਕਾਰਡ ਅਪਡੇਸ਼ਨ, ਪੋਸਟਲ ਸਟੈਂਪ, ਰਜਿਸਟਰੀਆਂ, ਸਪੀਡ ਪੋਸਟ ਅਤੇ ਛੋਟੀਆਂ ਬੱਚਤਾਂ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਤੇ ਸੀਐਚਟੀ ਰੇਣੂ ਬਾਲਾ, ਸੁਖਜੀਤ ਕੌਰ ਸਮੇਤ ਸਕੂਲ ਸਟਾਫ਼ ਹਾਜ਼ਰ ਸਨ।

# ਪੰਜਾਬ ਰਾਜ ਡੀ.ਸੀ ਦਫਤਰ ਕਰਮਚਾਰੀ ਯੂਨੀਅਨ ਨੇ ਆਪਣਾ 71ਵਾਂ ਸਥਾਪਨਾ ਦਿਵਸ ਧੂਮਧਾਮ ਨਾਲ ਮਨਾਇਆ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)**-ਪੰਜਾਬ ਰਾਜ ਡੀ. ਸੀ ਦਫਤਰ ਕਰਮਚਾਰੀ ਯੂਨੀਅਨ ਨੇ ਅੱਜ ਆਪਣਾ 71ਵਾਂ ਸਥਾਪਨਾ ਦਿਵਸ ਸਥਾਨਕ ਗਰੀਨ ਫੀਲਡ ਵਿਚ ਧੂਮ-ਧਾਮ ਨਾਲ ਮਨਾਇਆ। ਇਸ ਦੌਰਾਨ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਦਕਿ ਸਹਾਇਕ ਕਮਿਸ਼ਨਰ (ਜਨਰਲ) ਵਿਓਮ ਭਾਰਦਵਾਜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਦੌਰਾਨ ਜ਼ਿਲ੍ਹਾ ਵਿਕਾਸ ਫੈਲੋ ਜੋਇਆ ਸਿਦੀਕੀ ਨੇ ਵੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਮੁੱਖ ਮਹਿਮਾਨ ਏ.ਡੀ.ਸੀ ਰਾਹੁਲ ਚਾਬਾ ਨੇ ਪੰਜਾਬ ਭਰ ਤੋਂ ਆਏ ਯੂਨੀਅਨ ਦੇ ਨੁਮਾਇੰਦਿਆਂ ਨੂੰ ਯੂਨੀਅਨ ਦੇ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਅਤੇ ਭਰੋਸਾ ਦਿੱਤਾ ਕਿ ਮੁਲਾਜ਼ਮਾਂ ਦੇ ਹਿੱਤਾਂ ਲਈ ਪ੍ਰਸ਼ਾਸਨਿਕ




ਪੱਧਰ 'ਤੇ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਕਰਮਚਾਰੀ ਕਿਸੇ ਵੀ ਵਿਭਾਗ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਦੌਰਾਨ ਯੂਨੀਅਨ ਦੇ ਸੂਬਾ ਪ੍ਰਧਾਨ ਤੇਜਿੰਦਰ ਸਿੰਘ ਨੰਗਲ, ਜਨਰਲ ਸਕੱਤਰ ਨਰਿੰਦਰ ਸਿੰਘ ਚੀਮਾ, ਵਿੱਤ ਸਕੱਤਰ ਕਰਨਵਿੰਦਰ ਸਿੰਘ ਚੀਮਾ, ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ, ਜ਼ਿਲ੍ਹਾ ਜਨਰਲ ਸਕੱਤਰ ਦਿਲਬਾਗ ਸਿੰਘ ਅਤੇ ਸੂਬਾ ਮੀਤ ਪ੍ਰਧਾਨ ਦੀਪਕ ਤ੍ਰੇਹਨ ਨੇ ਮੁੱਖ ਮਹਿਮਾਨ ਦਾ ਸਨਮਾਨ ਕੀਤਾ। ਇਸ ਦੌਰਾਨ ਸੱਭਿਆਚਾਰਕ ਪ੍ਰੋਗਰਾਮ ਵੀ ਕਰਵਾਏ ਗਏ ਅਤੇ ਯੂਨੀਅਨ ਆਗੂਆਂ ਨੇ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ। ਇਸ ਮੌਕੇ ਸੁਪਰਡੈਂਟ ਗ੍ਰੇਨ-1 ਆਸ਼ਾ ਰਾਣੀ ਤੋਂ ਇਲਾਵਾ ਸੂਬੇ ਦੇ ਸਮੂਹ ਜ਼ਿਲ੍ਹਿਆਂ ਤੋਂ ਡੀ.ਸੀ ਦਫ਼ਤਰ ਦੇ ਮੁਲਾਜ਼ਮਾਂ ਨੇ ਸ਼ਮੂਲੀਅਤ ਕੀਤੀ।

# ਕੰਮੀਆਂ ਦੇ ਵਿਹੜਿਆਂ ਦਾ ਮਘਦਾ ਸੂਰਜ--ਸਾਹਿਬ ਕਾਂਸ਼ੀ ਰਾਮ



ਲਾਲ ਸਿੰਘ ਸੁਲਹਾਣੀ
91-98721-55120

ਹਜ਼ਾਰੋਂ ਬਰਸ ਨਰਗਿਸ ਅਪਨੀ ਬੇਨੂਰੀ ਨੇ ਰੋਤੀ ਹੈ,
ਬੜੀ ਮੁਸ਼ਕਲ ਸੇ ਪੈਦਾ ਹੋਤਾ ਹੈ ਚਮਨ ਮੇਂ ਦੀਦਾਵਰ।

ਭਾਰਤ ਦੇ ਕਰੋੜਾਂ ਦਲਿਤ ਸ਼ੋਸ਼ਿਤ ਤੇ ਬਹੁਜਨ ਸਮਾਜ ਦੇ ਲੋਕ ਕਾਂਸ਼ੀ ਰਾਮ ਨੂੰ ਆਪਣਾ ਮਸੀਹਾ ਮੰਨਦੇ ਹਨ। ਮਹਾਤਮਾ ਜੋਤੀ ਬਾ ਫੂਲੇ, ਛਤਰਪਤੀ ਸ਼ਾਹੂ ਜੀ ਮਹਾਰਾਜ, ਪੈਰੀਅਰ ਰਾਮਾਸੁਆਮੀ ਨਾਇਕਰ, ਨਰਾਇਣਾ ਗੁਰੂ ਅਤੇ ਡਾਕਟਰ ਭੀਮ ਰਾਓ ਅੰਬੇਡਕਰ ਵਰਗੇ ਯੁਗ ਪੁਰਸ਼ਾਂ ਦੀ ਲੜੀ ਵਿਚ ਉਹਨਾਂ ਨੂੰ ਅਗਲੀ ਕੜੀ ਵਜੋਂ ਜਾਣਿਆਂ ਜਾਂਦਾ ਹੈ। ਉਹ ਹਿੰਢ ਪੁਗਾਉਣ ਵਾਲੇ, ਮਜ਼ਬੂਤ ਇਰਾਦੇ ਤੇ ਸਖਤ ਮਿਹਨਤ ਦੀ ਇਕ ਜਿੰਦਾ ਉਦਾਹਰਣ ਸਨ। ਉਹ ਵੀਹਵੀਂ ਸਦੀ ਦੇ ਪਿਛਲੇ ਭਾਗ 'ਚ ਭਾਰਤ ਦੇ ਸਮਾਜਕ ਤੇ ਰਾਜਨੀਤਕ ਬਦਲਾਓ ਦੇ ਅਮਿੱਟ ਹਸਤਾਖਰ ਬਣ ਕੇ ਉਭਰੇ। ਉਹ ਵਿਲੱਖਣ ਤੇ ਮੌਲਿਕ ਰਾਜਸੀ ਸੋਚ ਵਾਲੇ ਸਵੈ ਅਭਿਮਾਨੀ ਆਗੂ ਵਜੋਂ ਜਾਣੇ ਜਾਂਦੇ ਹਨ। ਉਹਨਾਂ ਨੇ ਅਣਹੋਇਆਂ ਤੇ ਅਣਗੌਲਿਆਂ ਨੂੰ ਨਵੀਂ ਰਾਜਨੀਤਕ ਪਛਾਣ ਦਿਤੀ। ਉਹਨਾਂ ਨੇ ਕੁੱਲੀਆਂ ਅਤੇ ਢਾਰਿਆਂ ਵਿਚ ਅਣਖ ਤੇ ਸਵੈਮਾਣ ਦੀ ਐਸੀ ਚਿਣਗ ਬਾਲੀ ਜੋ ਲੱਟ ਲੱਟ ਬਲਦੀ ਮਸਾਲ ਬਣ ਗਈ। ਬਹੁਜਨ ਸਮਾਜ ਵਿਚ ਜਿਸ ਸਮਾਜਕ ਤੇ ਰਾਜਨੀਤਕ ਚੇਤਨਾ ਦਾ ਬੀਜ਼ ਮਹਾਤਮਾ ਫੂਲੇ ਤੇ ਬਾਬਾ ਸਾਹਿਬ ਅੰਬੇਡਕਰ ਨੇ ਬੀਜਿਆ ਸੀ ਉਸਨੂੰ ਸਿੰਜ ਕੇ, ਪਾਲਕੇ ਸਾਹਿਬ ਕਾਂਸ਼ੀ ਰਾਮ ਨੇ ਮਹਾਨ ਰੁੱਖ ਬਣਾ ਦਿੱਤਾ। ਆਜ਼ਾਦੀ ਤੋਂ ਬਾਅਦ ਆਪਣੇ ਪੈਰਾਂ ਤੇ ਆਪਣੇ ਰਾਜਨੀਤਕ ਸੰਗਠਨ ਨਾਲ ਉਹਨਾਂ ਨੇ ਹਾਸ਼ੀਏ ਤੇ ਧੱਕੇ ਗਏ ਸਮਾਜ ਨੂੰ ਰਾਜ ਭਾਗ ਤਕ ਪੁਚਾਉਣ ਦਾ ਮਹਾਨ ਚਮਤਕਾਰ ਕਰ ਦਿੱਤਾ।

ਪੰਜਾਬ ਦੇ ਰੋਪੜ ਨੰਗਲ ਸੜਕ ਤੇ ਰੋਪੜ ਤੋਂ ਸਿਰਫ ਤਿੰਨ ਕਿਲੋਮੀਟਰ ਦੂਰੀ ਤੇ ਸਤਲੁਜ ਦਰਿਆ ਲੰਘ ਕੇ ਇਕ ਛੋਟਾ ਜਿਹਾ ਪਿੰਡ ਐ, ਖੁਆਸਪੁਰ। ਭਾਰਤ ਦੀ ਤੀਜੇ ਨੰਬਰ ਦੀ ਵੱਡੀ ਤੇ ਮਾਣਤਾ ਪ੍ਰਾਪਤ ਰਾਜਨੀਤਕ ਧਿਰ ਬਹੁਜਨ ਸਮਾਜ ਪਾਰਟੀ ਦੇ ਜਨਮਦਾਤਾ ਤੇ ਮੋਢੀ ਕੌਮੀ ਪ੍ਰਧਾਨ ਸਾਹਿਬ ਦਾ ਪਿਤਰੀ ਪਿੰਡ ਹੈ ਇਹੋ ਖੁਆਸਪੁਰ ਜਿਹੜਾ ਅੱਜ ਪੂਰੀ ਦੁਨੀਆਂ ਵਿਚ ਆਦਰ ਸਤਿਕਾਰ ਨਾਲ ਜਾਣਿਆਂ ਜਾਂਦਾ ਹੈ ਤੇ ਸਾਹਿਬ ਕਾਂਸ਼ੀ ਰਾਮ ਦੇ ਪੈਰੋਕਾਰਾਂ ਲਈ ਇਕ ਤੀਰਥ ਵਾਂਗ ਹੈ ਇਹ ਪਿੰਡ ਖੁਆਸਪੁਰ। ਜਿੱਥੇ ਉਹਨਾਂ ਨੇ ਆਪਣਾ ਬਚਪਨ ਗੁਜ਼ਾਰਿਆ, ਉਮੀਦਾਂ ਉਮੰਗਾਂ ਭਰਿਆ ਵਿਦਿਆਰਥੀ ਜੀਵਨ ਬਿਤਾਇਆ। ਇੱਥੇ ਰਹਿੰਦਿਆਂ ਹੀ ਉਹਨਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਭੌਤਿਕ ਤੇ ਰਸਾਇਣ ਵਿਸ਼ੇ ਨਾਲ ਬੀ.ਐਸ. ਸੀ. ਦੀ ਡਿਗਰੀ ਹਾਸਿਲ ਕੀਤੀ। ਸਾਹਿਬ ਕਾਂਸ਼ੀ ਰਾਮ ਜੀ ਦੇ ਜੀਵਨ ਤੇ ਉਹਨਾਂ ਦੇ ਬਹੁਜਨ ਸਮਾਜ ਦੇ ਹਿਤਾਂ ਲਈ ਕੀਤੇ ਗਏ ਕਾਰਜਾਂ ਦੇ ਨਾਲ ਹੀ ਉਹਨਾਂ ਦੇ ਪਿੰਡ ਖੁਆਸਪੁਰ ਨੂੰ ਦੇਸ਼ ਦੁਨੀਆਂ ਵਿਚ ਜਾਣਿਆਂ ਜਾਂਦਾ ਹੈ।

ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਸਿੱਖ ਗੁਰੂ ਸਾਹਿਬਾਨ ਦੁਆਰਾ ਵਰੋਸਾਏ ਨਗਰ, ਕੀਰਤ ਪੁਰ ਸਾਹਿਬ ਦੇ ਲਾਗੇ ਇਤਿਹਾਸਕ ਸਥਾਨ ਉਹਨਾਂ ਦੇ ਨਾਨਕੇ ਪਿੰਡ "ਬੁੰਗਾ ਸਾਹਿਬ" ਵਿਖੇ 15 ਮਾਰਚ 1934 ਦਿਨ ਬੁਧਵਾਰ ਸਵੇਰੇ 7-00 ਵਜੇ ਅਨੁਸੂਚਿਤ ਜਾਤੀ ਦੇ ਰਵਿਦਾਸੀਆ ਪਰਵਾਰ 'ਚ ਹੋਇਆ। ਉਹਨਾਂ ਦੀ ਮਾਤਾ ਦਾ ਨਾਮ ਬੀਬੀ ਬਿਸ਼ਨ ਕੌਰ ਤੇ ਪਿਤਾ ਦਾ ਨਾਮ ਸਰਦਾਰ ਹਰੀ ਸਿੰਘ ਪੁੱਤਰ ਸਰਦਾਰ ਤੇਲੂ ਸਿੰਘ ਸੀ। ਉਹਨਾਂ ਦੇ ਨਾਨਾ ਜੀ ਦਾ ਨਾਮ ਸਾਹਿਬ ਦੇਵ ਤੇ ਨਾਨੀ ਦਾ ਨਾਮ ਸੀ ਬੀਬੀ ਪ੍ਰਸਿੰਨੀ। ਜਦੋਂ ਕਾਂਸ਼ੀ ਰਾਮ ਦਾ ਜਨਮ ਹੋਇਆ ਉਸ ਸਮੇਂ ਉਸ ਇਲਾਕੇ ਵਿਚ ਕਾਂਸ਼ੀ ਰਾਮ ਨਾਮ ਦਾ ਇਕ ਬਹੁਤ ਹੀ ਚਰਚਿਤ ਤੇ ਪ੍ਰਸਿੱਧ ਵਿਅਕਤੀ ਸੀ। ਇਲਾਕੇ ਦੇ ਸੱਭ ਲੋਕ ਵਿਆਹ ਸ਼ਾਦੀ, ਘਰ ਗ੍ਰਹਿਸਥੀ ਤੇ ਹਰ ਮਾਮਲੇ ਤੇ ਉਸ ਤੋਂ ਸਲਾਹ ਮਸ਼ਵਰਾ ਲੈਕੇ ਮਾਣ ਮਹਿਸੂਸ ਕਰਦੇ ਸਨ। ਕੋਈ ਵਿਅਕਤੀ ਐਸਾ ਨਹੀਂ ਸੀ ਜਿਹੜਾ ਉਸਨੂੰ ਨਾ ਜਾਣਦਾ ਹੋਵੇ। ਬੀਬੀ ਪ੍ਰਸਿੰਨੀ ਨੇ ਪ੍ਰਸੰਨ ਹੁੰਦਿਆਂ ਆਪਣੇ ਦੋਹਤੇ ਦਾ ਨਾਮ ਇਸ ਉਮੀਦ ਨਾਲ ਉਸ ਪ੍ਰਸਿੱਧ ਵਿਅਕਤੀ ਕਰਕੇ "ਕਾਂਸ਼ੀ ਰਾਮ" ਰੱਖਿਆ ਕਿ ਉਹ ਵੀ ਵੱਡਾ ਹੋਕੇ ਚਰਚਿਤ ਹੋਵੇਗਾ ਤੇ ਖ਼ੂਬ ਵੱਡਾ ਨਾਮ ਕਮਾਵੇਗਾ। ਕੌਣ ਜਾਣਦਾ ਸੀ ਕਿ ਨਾਨੀ ਦੀ ਗੱਲ ਸੌ ਫੀਸਦੀ ਸੱਚ ਹੋ ਜਾਵੇਗੀ।

ਕਾਂਸ਼ੀ ਰਾਮ ਬਚਪਨ ਵਿਚ ਬੜੇ ਹੁੰਦੇ ਹੁੰਦੜਹੇਲ, ਸਾਹਸੀ, ਹੱਸਮੁਖ, ਮਿਲਣਸਾਰ,ਮਨਮੌਜੀ, ਜ਼ਿੱਦੀ, ਮਿਹਨਤੀ ਤੇ ਧੁਨ ਦੇ ਪੱਕੇ ਸਨ। ਉਹ ਪੜ੍ਹਾਈ ਵਿਚ ਬਹੁਤ ਹੁਸ਼ਿਆਰ ਵਿਦਿਆਰਥੀ ਵਜੋਂ ਜਾਣੇ ਜਾਂਦੇ ਸਨ। ਉਹਨਾਂ ਨੇ ਚੌਥੀ ਤਕ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ (ਖੁਆਸਪੁਰ ਤੋਂ ਦੋ ਕਿਲੋਮੀਟਰ ਦੂਰੀ) ਤੋਂ ਕੀਤੀ। ਉਹਨਾਂ ਨੇ ਸਕੂਲ ਵਿਚੋਂ ਅੱਵਲ ਨੰਬਰ ਹਾਸਲ ਕੀਤਾ ਤੇ ਉਹ ਵਜ਼ੀਫੇ ਲਈ ਚੁਣੇ ਗਏ ਜੋ ਪੂਰੀ ਤਹਿਸੀਲ ਵਿਚੋਂ ਇਕ ਬੱਚੇ ਨੂੰ ਹੀ ਮਿਲਦਾ ਸੀ। ਉਹ ਸਕੂਲ 'ਚੋਂ ਜੋ ਪੜ੍ਹ ਕੇ ਆਉਂਦੇ ਉਹ ਘਰ ਆਕੇ ਆਪਣੇ ਪਿਤਾ ਨੂੰ ਸੁਣਾਉਂਦੇ। ਪੰਜਵੀਂ ਜਮਾਤ ਤਕ ਉਹ ਸਰਦਾਰ ਸਨ ਭਾਵ ਉਹਨਾਂ ਦੇ ਸਿਰ ਤੇ ਕੇਸ (ਵਾਲ਼) ਰੱਖੇ ਹੋਏ ਸਨ। ਉਹ ਜ਼ਿਦ ਕਰਨ ਲੱਗੇ ਕਿ "ਜਾਂ ਤਾਂ ਮੇਰਾ ਨਾਮ ਸਰਦਾਰਾਂ ਵਾਲਾ ਰੱਖੋ ਜਾਂ ਮੇਰੇ ਕੇਸ ( ਵਾਲ਼) ਕਟਵਾਉ।" ਸਚਮੁੱਚ ਇਕ ਵਾਰ ਛੁੱਟੀਆਂ 'ਚ ਜਦੋਂ ਉਹ ਨਾਨਕੇ ਘਰ ਗਏ ਸਨ ਉਹਨਾਂ ਨੇ ਆਪਣੇ ਵਾਲ਼ ਕੱਟਵਾ ਦਿੱਤੇ।

ਉਹਨਾਂ ਨੇ ਪੰਜਵੀਂ ਤੋਂ ਅੱਠਵੀਂ ਤੱਕ ਇਸਲਾਮੀਆ ਸਕੂਲ ਰੋਪੜ ਅਤੇ ਨੌਂਵੀਂ ਤੇ ਦਸਵੀਂ ਜਮਾਤ ਡੀ. ਏ. ਵੀ. ਪਬਲਿਕ ਸਕੂਲ ਰੋਪੜ ਤੋਂ ਕੀਤੀ। ਬੀ. ਐਸ. ਸੀ. ਦੀ ਪੜ੍ਹਾਈ ਉਹਨਾਂ ਨੇ ਸਰਕਾਰੀ ਕਾਲਜ ਰੋਪੜ ਤੋਂ ਕੀਤੀ।ਉਸ ਸਮੇਂ ਦਲਿਤ ਭਾਈਚਾਰੇ ਚੋਂ ਸਾਇੰਸ ਦੀ ਡਿਗਰੀ ਪ੍ਰਾਪਤ ਕਰਨ ਵਾਲੇ ਉਹ ਇਲਾਕੇ ਭਰ ਵਿਚ ਇਕਲੌਤੇ ਵਿਦਿਆਰਥੀ ਸਨ।

ਉਹਨਾਂ ਦੇ ਬਚਪਨ ਦੇ ਦੋਸਤਾਂ ਮੁਤਾਬਿਕ ਉਹ ਵਾਅਦੇ ਅਤੇ ਇਰਾਦੇ ਦੇ ਪੱਕੇ ਸਨ ਉਹਨਾਂ ਦਾ ਨਿਸ਼ਚਾ ਬੜਾ ਦ੍ਰਿੜ ਸੀ। ਉਹ ਆਪਣੇ ਦੋਸਤਾਂ ਨਾਲ ਸਦਾ ਘੁਲਮਿਲ ਕੇ ਰਹਿੰਦੇ ਸਨ। ਸਭ ਚੀਜ਼ਾਂ ਦੋਸਤਾਂ ਨਾਲ ਵੰਡ ਕੇ ਖਾਂਦੇ ਸਨ ਉਹ ਝੂਠ ਤੇ ਫਰੇਬ ਤੇ ਫ਼ਜ਼ੂਲ ਦੇ ਲੜਾਈ ਝਗੜੇ ਦੇ ਸਖ਼ਤ ਵਿਰੋਧੀ ਸਨ। ਪਰ ਇੱਟ ਦਾ ਜੁਆਬ ਪੱਥਰ ਨਾਲ ਦੇਣਾ ਉਹਨਾਂ ਦਾ ਸੁਭਾਅ ਸੀ। ਸਾਹਿਬ ਕਾਂਸ਼ੀ ਰਾਮ ਦੇ ਪਿਤਾ ਸਰਦਾਰ ਹਰੀ ਸਿੰਘ ਬੜੇ ਸਾਊ ਮਿਹਨਤੀ ਤੇ ਸੰਤ ਸੁਭਾਅ ਦੇ ਮਾਲਕ ਸਨ, ਉਹ ਬੜੇ ਨੇਕ ਤੇ ਇਮਾਨਦਾਰ ਵਿਅਕਤੀ ਸਨ। ਉਹ ਆਤਮ ਸਨਮਾਨ ਤੇ ਸਵੈ ਅਭਿਮਾਨ ਦੇ ਪ੍ਰਤੀਕ ਮੰਨੇ ਜਾਂਦੇ ਸਨ। ਇਹ ਸੱਭ ਗੁਣ ਸਾਹਿਬ ਕਾਂਸ਼ੀ ਰਾਮ ਨੂੰ ਆਪਣੇ ਪਿਤਾ ਤੋਂ ਵਿਰਸੇ ਵਿਚ ਪ੍ਰਾਪਤ ਹੋਏ। ਸਰਦਾਰ ਹਰੀ ਸਿੰਘ ਤੋਂ ਇਲਾਵਾ ਉਹਨਾਂ ਦੇ ਦੋ ਭਰਾ ਬਿਸ਼ਨ ਸਿੰਘ ਤੇ ਰਚਨ ਸਿੰਘ ਅਤੇ ਇਕ ਭੈਣ ਹਰ ਕੌਰ ਸਨ। ਇਕ ਹੋਰ ਛੋਟਾ ਭਰਾ ਬਚਨ ਸਿੰਘ ਸੀ ਜਿਸਦੀ ਬਚਪਨ ਵਿਚ ਹੀ ਮੌਤ ਹੋ ਗਈ ਸੀ।

ਸਰਦਾਰ ਹਰੀ ਸਿੰਘ ਜੀ ਦੇ ਜੇਠੇ ਪੁੱਤਰ ਕਾਂਸ਼ੀ ਰਾਮ ਤੋਂ ਇਲਾਵਾ ਉਹਨਾਂ ਦੀਆਂ ਚਾਰ ਧੀਆਂ ਬੀਬੀ ਹਰਬੰਸ ਕੌਰ, ਬੀਬੀ ਸਵਰਨ ਕੌਰ, ਬੀਬੀ ਗੁਰਚਰਨ ਕੌਰ, ਬੀਬੀ ਕੁਲਵੰਤ ਕੌਰ, ਦੋ ਪੁੱਤਰ ਸਰਦਾਰ ਹਰਬੰਸ ਸਿੰਘ ਤੇ ਸਰਦਾਰ ਦਲਬਾਰਾ ਸਿੰਘ ਹੋਏ।

ਸਾਹਿਬ ਕਾਂਸ਼ੀ ਰਾਮ ਦੇ ਬਚਪਨ ਤੋਂ ਜਵਾਨੀ ਤਕ ਜਿਹੜੇ ਗੂੜ੍ਹੇ ਦੋਸਤ ਰਹੇ। ਜਿਹਨਾਂ ਨਾਲ ਇਕੱਠੇ ਪੜ੍ਹ ਕੇ ਬਚਪਨ ਤੋਂ ਜਵਾਨੀ ਤਕ ਉਹ ਹੱਸੇ ਖੇਡੇ,ਦੁੱਖ ਸੁੱਖ ਤੇ ਖ਼ੁਸ਼ੀਆਂ ਸਾਂਝੀਆਂ ਕੀਤੀਆਂ ਉਹਨਾਂ ਵਿਚ ਵਰਨਣਯੋਗ ਨਾਮ ਹਨ ਸਰਦਾਰ ਬਲਵੰਤ ਸਿੰਘ ਸੈਣੀ, ਸਰਦਾਰ ਅਜੀਤ ਸਿੰਘ, ਸਰਦਾਰ ਉਧਮ ਸਿੰਘ ( ਅਜੀਤ ਸਿੰਘ ਦਾ ਭਰਾ ਜੋ ਬਾਅਦ ਵਿਚ ਸਰਕਾਰੀ ਪ੍ਰਾਇਮਰੀ ਸਕੂਲ ਮਲਕਪੁਰ ਦਾ ਮੁੱਖ ਅਧਿਆਪਕ ਰਿਹਾ), ਇਕ ਮੁਸਲਮਾਨ ਲੜਕਾ ਜੋ ਭਾਰਤ ਪਾਕ ਵੰਡ ਤੋਂ ਬਾਅਦ ਪਾਕਿਸਤਾਨ ਚਲਾ ਗਿਆ ਅਤੇ ਸਰਦਾਰ ਸੁੱਚਾ ਸਿੰਘ ਜੋ ਵਾਯੂ ਸੈਨਾ 'ਚ ਫਲਾਇੰਗ ਅਫ਼ਸਰ ਦੇ ਅਹੁਦੇ ਤੋਂ ਸੇਵਾ ਮੁਕਤ ਹੋਏ ਸਨ। ਉਹ ਦੋਸਤਾਂ ਨਾਲ ਕਬੱਡੀ, ਫੁੱਟਬਾਲ, ਤੇ ਕੁਸ਼ਤੀ ਖੇਡਿਆ ਕਰਦੇ ਸਨ। ਇਕ ਅੱਧ ਵਾਰੀ ਨੂੰ ਛੱਡ ਕੇ ਸ਼ਾਇਦ ਹੀ ਉਹਨਾਂ ਨੂੰ ਕੁਸ਼ਤੀ ਵਿਚ ਕਿਸੇ ਨੇ ਹਰਾਇਆ ਹੋਵੇ। ਉਹ ਤੈਰਾਕੀ ਦੇ ਬਹੁਤ ਸ਼ੌਕੀਨ ਸਨ। ਉਹ ਕਿਸ਼ਤੀ ਚਲਾਉਣ ਦੀ ਮੁਹਾਰਤ ਰੱਖਦੇ ਸਨ।

ਸਾਹਿਬ ਕਾਂਸ਼ੀ ਰਾਮ ਕਈ ਵਾਰ ਦੱਸਿਆ ਕਰਦੇ ਸਨ ਕਿ ਉਹਨਾਂ ਦੇ ਦੋਸਤ ਸੁੱਚਾ ਸਿੰਘ, ਜੋ 1960 ਤੋਂ 1970 ਤਕ ਭਾਰਤ ਦਾ ਨੰਬਰ ਇਕ ਸਾਈਕਲਿਸਟ ਰਿਹਾ ਹੈ ਤੇ ਜਿਸਨੇ 1960 'ਚ ਸ੍ਰੀ ਲੰਕਾ ਵਿਖੇ ਭਾਰਤ ਦੀ ਪ੍ਰਤੀਨਿਧਤਾ ਕੀਤੀ ਸੀ ਉਹ (ਕਾਂਸ਼ੀ ਰਾਮ) ਅਕਸਰ ਹੀ ਉਹਨੂੰ (ਸੁੱਚਾ ਸਿੰਘ ਨੂੰ) ਹਰਾਇਆ ਕਰਦੇ ਸਨ।

ਇਕ ਵਾਰ ਉਹਨਾਂ ਨੇ ਦੱਸਿਆ ਕਿ ਕਾਲਜ ਦੀ ਪੜ੍ਹਾਈ ਦੌਰਾਨ ਰੋਪੜ ਲਾਗੇ ਬੰਬਈ ਦੀ ਕਿਸੇ ਫ਼ਿਲਮ ਕੰਪਨੀ ਵਲੋਂ ਇਕ ਫਿਲਮ ਦੀ ਸ਼ੂਟਿੰਗ ਹੋ ਰਹੀ ਸੀ ਉਸਦਾ ਹੀਰੋ ਸ਼ਾਮ ਸਿੰਘ ਨਾਮ ਦਾ ਲੜਕਾ ਸੀ ਘੋੜੇ ਤੋਂ ਡਿੱਗਣ ਸਦਕਾ ਉਸਦੀ ਮੌਤ ਹੋ ਗਈ। ਫਿਲਮ ਬਨਾਉਣ ਵਾਲੇ ਉਹਨਾਂ ਦੇ ਕਾਲਜ ਵਿਚ ਕਿਸੇ ਖੂਬਸੂਰਤ ਤੇ ਜਿਸਮਾਨੀ ਤੌਰ ਤੇ ਰਿਸ਼ਟ ਪੁਸ਼ਟ ਲੜਕੇ ਦੀ ਭਾਲ ਵਿਚ ਆਏ ਜਿਸ ਨੂੰ ਆਪਣੀ ਫਿਲਮ ਵਿਚ ਹੀਰੋ ਦਾ ਰੋਲ ਦਿਤਾ ਜਾ ਸਕੇ।

ਸਾਰੇ ਕਾਲਜ ਦੇ ਵਿਦਿਆਰਥੀਆਂ ਚੋਂ ਉਹਨਾਂ ਨੇ ਕਾਂਸ਼ੀ ਰਾਮ ਨੂੰ ਚੁਣ ਲਿਆ, ਪੈਸੇ ਤੇ ਸ਼ੋਹਰਤ ਦਾ ਲਾਲਚ ਦਿਤਾ, ਪ੍ਰਿੰਸੀਪਲ ਪ੍ਰੋਫ਼ੈਸਰਾਂ ਤੇ ਹੋਰਨਾਂ ਨੇ ਵੀ ਚੰਗੇ ਭਵਿੱਖ ਲਈ ਪ੍ਰੇਰਿਤ ਕੀਤਾ ਪਰ ਉਸ ਸਮੇਂ ਉਹਨਾਂ ਨੇ ਫ਼ਿਲਮ ਵਿਚ ਕੰਮ ਕਰਨ ਤੋਂ ਇਹ ਆਖਕੇ ਇਨਕਾਰ ਕਰ ਦਿਤਾ ਕਿ ਉਹ ਅਜੇ ਪੜ੍ਹਨਾ ਚਾਹੁੰਦੇ ਹਨ।

ਉਹ ਮੁੱਢ ਤੋਂ ਹੀ ਨਿਸ਼ਚੇ ਦੇ ਪੱਕੇ ਸਨ, ਜੋ ਸੋਚ ਲਿਆ ਸੋ ਸੋਚ ਲਿਆ। ਉਹ ਸਖ਼ਤ ਮਿਹਨਤੀ ਤੇ ਜ਼ਿੱਦੀ ਸੁਭਾਅ ਦੇ ਮਨੁੱਖ ਸਨ। ਸਤਲੁਜ ਦਰਿਆ ਦੇ ਕਿਨਾਰੇ ਆਪਣੇ ਪਿਤਾ ਜੀ ਦੇ ਖੇਤ ਵਿਚੋਂ ਸਬਜ਼ੀਆਂ ਅਤੇ ਠੇਕੇ ਤੇ ਲਏ ਅੰਬਾਂ ਦੇ ਬਾਗ ਚੋਂ ਫਲਾਂ ਦੀਆਂ 15-15 ਟੋਕਰੀਆਂ ਸਾਈਕਲ ਤੇ ਲੱਦ ਕੇ ਰੋਪੜ ਮੰਡੀ ਵਿਚ ਵੇਚਣ ਲਈ ਲੈ ਜਾਂਦੇ ਸਨ। ਇਕ ਵਾਰ ਉਹਨਾਂ ਨੇ ਦੱਸਿਆ ਕਿ ਉਪਰੋਂ ਪਹਾੜਾਂ ਤੋਂ ਸਤਲੁਜ ਦਰਿਆ ਰਾਹੀਂ ਵਪਾਰੀ ਸ਼ਤੀਰੀਆਂ ਲਿਆਇਆ ਕਰਦੇ ਸਨ ਤੇ ਉਹਨਾਂ ਨੂੰ ਰੋਪੜ ਲਾਗੇ ਦਰਿਆ ਚੋਂ 25 ਪੈਸੇ ਇਕ ਸ਼ਤੀਰੀ ਦੇ ਹਿਸਾਬ ਨਾਲ ਕਢਵਾਇਆ ਕਰਦੇ ਸਨ ਉਹ ਆਪਣੇ ਹਾਣੀ ਗੱਭਰੂਆਂ ਵਿਚੋਂ ਸਾਰਿਆਂ ਤੋਂ ਵੱਧ ਸ਼ਤੀਰੀਆਂ ਕੱਢ ਲਿਆ ਕਰਦੇ ਸਨ। ਉਹ ਘਰ ਦੇ ਤੇ ਖੇਤੀ ਦੇ ਕੰਮਾਂ ਵਿਚ ਆਪਣੇ ਪਿਤਾ ਦੇ ਪੂਰੇ ਸਹਿਯੋਗੀ ਸਨ।



**ਕਾਂਸ਼ੀ ਰਾਮ ਬੇਸ਼ਕ ਬਹੁਤ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਪਰ ਉਹਨਾਂ ਨੂੰ ਝੂਠ, ਫਰੇਬ ਤੋਂ ਬਹੁਤ ਚਿੜ੍ਹ ਸੀ। ਕੋਈ ਕਿਸੇ ਦਾ ਬੇਮਤਲਵ ਅਪਮਾਨ ਕਰੇ ਜਾਂ ਕੋਈ ਕਿਸੇ ਤੇ ਅਤਿਆਚਾਰ ਕਰੇ ਉਹ ਇਸ ਨੂੰ ਬਿਲਕੁੱਲ ਸਹਿਣ ਨਹੀਂ ਕਰਦੇ ਸਨ। ਉਹਨਾਂ ਦੇ ਚਾਚਾ ਬਿਸ਼ਨ ਸਿੰਘ ਨੇ ਦੱਸਿਆ ਕਿ ਉਹ ਆਪਣੀਆਂ ਸਬਜ਼ੀਆਂ ਕਈ ਵਾਰ ਵੇਚਣ ਲਈ ਲੁਧਿਆਣਾ ਲਿਜਾਇਆ ਕਰਦੇ ਸਨ ਕਾਂਸ਼ੀ ਰਾਮ ਸਟੇਸ਼ਨ ਤੱਕ ਮਾਲ ਛੱਡਣ ਲਈ ਉਹਨਾਂ ਨਾਲ ਜਾਇਆ ਕਰਦੇ ਸਨ ਇਕ ਵਾਰ ਟਿਕਟ ਲੈਣ ਸਮੇਂ ਜਾਂ ਮਾਲ ਬੁਕਿੰਗ ਕਰਦੇ ਸਮੇਂ ਸਟੇਸ਼ਨ ਮਾਸਟਰ ਕਿਸੇ ਗੱਲ ਤੇ ਉਸ ਨਾਲ ਉਲਝ ਪਿਆ ਤੇ ਕਹਿਣ ਲੱਗਾ ਕਿ ਕੀ ਮੈਂ ਤੇਰਾ ਨੌਕਰ ਹਾਂ? ਸਟੇਸ਼ਨ ਮਾਸਟਰ ਦੀ ਇਸ ਗੱਲ ਤੇ ਕਾਂਸ਼ੀ ਰਾਮ ਨੂੰ ਬਹੁਤ ਗੁੱਸਾ ਆਇਆ ਤੇ ਕਹਿਣ ਲੱਗਾ "ਹੋਰ ਕੀ ਐਂ? ਤੂੰ ਨੌਕਰ ਹੀ ਤਾਂ ਹੈਂ, ਸਾਡੇ ਕਰਕੇ ਤੈਨੂੰ ਤਨਖਾਹ ਮਿਲਦੀ ਹੈ ਤਾਂ ਹੀ ਏਥੇ ਬੈਠਾ ਹੈਂ, ਤੂੰ ਨੌਕਰ ਹੈਂ ਲੋਕਾਂ ਦੀ ਸੇਵਾ ਲਈ" ਆਖਰ ਸਟੇਸ਼ਨ ਮਾਸਟਰ ਨੇ ਮਾਫ਼ੀ ਮੰਗ ਕੇ ਹਾਰ ਮੰਨ ਲਈ।**

ਸਾਹਿਬ ਕਾਂਸ਼ੀ ਰਾਮ ਖਾਣ ਪੀਣ ਦੇ ਬਹੁਤ ਸ਼ੁਕੀਨ ਸਨ। ਮਾਤਾ ਬਿਸ਼ਨ ਕੌਰ ਜੀ ਹੱਸਦਿਆਂ ਹੱਸਦਿਆਂ ਦੱਸਿਆ ਕਰਦੇ ਸਨ ਕਿ "ਇਕ ਵਾਰ ਉਹ ਅੱਧੀ ਬਾਲਟੀ ਦੁੱਧ ਡੀਕ ਲਾਕੇ ਪੀ ਗਿਆ। ਇਕੇਰਾਂ ਸ਼ਰਤ ਲਾਕੇ ਸਾਰੇ ਟੱਬਰ ਲਈ ਬਣਾਈ ਖੀਰ ਖਾ ਗਿਆ। ਸ਼ੱਕਰ ਰਲਾਕੇ ਕਿਲੋ ਦੇਸੀ ਘਿਉ ਆਰਾਮ ਨਾਲ ਹੀ ਖਾ ਜਾਇਆ ਕਰਦਾ ਸੀ ਇਹ ਬੰਦਾ।"

ਕਾਂਸ਼ੀ ਰਾਮ ਬੇਸ਼ਕ ਬਹੁਤ ਹਸਮੁੱਖ ਤੇ ਮਿਲਾਪੜੇ ਸੁਭਾਅ ਦੇ ਮਾਲਕ ਸਨ ਪਰ ਉਹਨਾਂ ਨੂੰ ਝੂਠ, ਫਰੇਬ ਤੋਂ ਬਹੁਤ ਚਿੜ੍ਹ ਸੀ। ਕੋਈ ਕਿਸੇ ਦਾ ਬੇਮਤਲਵ ਅਪਮਾਨ ਕਰੇ ਜਾਂ ਕੋਈ ਕਿਸੇ ਤੇ ਅਤਿਆਚਾਰ ਕਰੇ ਉਹ ਇਸ ਨੂੰ ਬਿਲਕੁੱਲ ਸਹਿਣ ਨਹੀਂ ਕਰਦੇ ਸਨ। ਉਹਨਾਂ ਦੇ ਚਾਚਾ ਬਿਸ਼ਨ ਸਿੰਘ ਨੇ ਦੱਸਿਆ ਕਿ ਉਹ ਆਪਣੀਆਂ ਸਬਜ਼ੀਆਂ ਕਈ ਵਾਰ ਵੇਚਣ ਲਈ ਲੁਧਿਆਣਾ ਲਿਜਾਇਆ ਕਰਦੇ ਸਨ ਕਾਂਸ਼ੀ ਰਾਮ ਸਟੇਸ਼ਨ ਤੱਕ ਮਾਲ ਛੱਡਣ ਲਈ ਉਹਨਾਂ ਨਾਲ ਜਾਇਆ ਕਰਦੇ ਸਨ ਇਕ ਵਾਰ ਟਿਕਟ ਲੈਣ ਸਮੇਂ ਜਾਂ ਮਾਲ ਬੁਕਿੰਗ ਕਰਦੇ ਸਮੇਂ ਸਟੇਸ਼ਨ ਮਾਸਟਰ ਕਿਸੇ ਗੱਲ ਤੇ ਉਸ ਨਾਲ ਉਲਝ ਪਿਆ ਤੇ ਕਹਿਣ ਲੱਗਾ ਕਿ ਕੀ ਮੈਂ ਤੇਰਾ ਨੌਕਰ ਹਾਂ? ਸਟੇਸ਼ਨ ਮਾਸਟਰ ਦੀ ਇਸ ਗੱਲ ਤੇ ਕਾਂਸ਼ੀ ਰਾਮ ਨੂੰ ਬਹੁਤ ਗੁੱਸਾ ਆਇਆ ਤੇ ਕਹਿਣ ਲੱਗਾ "ਹੋਰ ਕੀ ਐਂ? ਤੂੰ ਨੌਕਰ ਹੀ ਤਾਂ ਹੈਂ, ਸਾਡੇ ਕਰਕੇ ਤੈਨੂੰ ਤਨਖਾਹ ਮਿਲਦੀ ਹੈ ਤਾਂ ਹੀ ਏਥੇ ਬੈਠਾ ਹੈਂ, ਤੂੰ ਨੌਕਰ ਹੈਂ ਲੋਕਾਂ ਦੀ ਸੇਵਾ ਲਈ" ਆਖਰ ਸਟੇਸ਼ਨ ਮਾਸਟਰ ਨੇ ਮਾਫ਼ੀ ਮੰਗ ਕੇ ਹਾਰ ਮੰਨ ਲਈ।

ਏਸੇ ਤਰ੍ਹਾਂ ਇਕ ਹੋਰ ਘਟਨਾ ਦਾ ਜ਼ਿਕਰ ਕਰਦਿਆਂ ਚਾਚਾ ਬਿਸ਼ਨ ਸਿੰਘ ਨੇ ਇਕ ਇੰਟਰਵਿਊ ਦੌਰਾਨ ਦੱਸਿਆ ਕਿ "ਜਦੋਂ ਕਾਂਸ਼ੀ ਰਾਮ ਅਜੇ ਕਾਲਜ ਪੜ੍ਹਦਾ ਸੀ ਉਸ ਸਮੇਂ ਨੇੜਲੇ ਪਿੰਡ ਮੁਕੋਪੁਰ ਦੇ ਕੁੱਝ ਰਵਿਦਾਸੀਆ (ਚੁਮਾਰ) ਭਾਈਚਾਰੇ ਦੇ ਲੋਕਾਂ ਨੇ ਸਰਕਾਰੀ ਜ਼ਮੀਨ ਠੇਕੇ ਤੇ ਲੈਕੇ ਖੇਤੀ ਕਰਨੀ ਸ਼ੁਰੂ ਕਰ ਦਿਤੀ। ਪਿੰਡ ਦੇ ਧਨਾਢ ਜ਼ਿਮੀਂਦਾਰਾਂ ਨੂੰ ਇਹ ਗੱਲ ਚੰਗੀ ਨਾ ਲੱਗੀ ਉਹਨਾਂ ਨੂੰ ਲੱਗਾ ਕਿ ਜੇ ਚੁਮਾਰ ਇਉਂ ਖੇਤੀ ਕਰਨ ਲੱਗ ਪਏ ਤਾਂ ਫਿਰ ਉਹਨਾਂ ਦੇ ਖੇਤਾਂ 'ਚ ਕੰਮ ਕੌਣ ਕਰੇਗਾ? ਇਸ ਲਈ ਜ਼ਿਮੀਂਦਾਰਾਂ ਨੇ ਉਹਨਾਂ ਦਾ ਮਨੋਬਲ ਡੇਗਣ ਲਈ ਚਾਰ ਰਵਿਦਾਸੀਏ (ਚੁਮਾਰਾਂ) ਦਾ ਕਤਲ ਕਰ ਦਿੱਤਾ। ਇਕ ਦਿਨ ਉਹ ਜ਼ਿਮੀਂਦਾਰ ਰੋਪੜ ਵਿਚ ਕਿਸੇ ਹੋਟਲ 'ਚ ਚਾਹ ਪਾਣੀ ਪੀਂਦਿਆਂ ਹੱਸ ਹੱਸ ਕੇ ਗੱਲਾਂ ਕਰ ਰਹੇ ਸਨ ਤੇ ਦੱਸ ਰਹੇ ਸਨ ਕਿ ਉਹਨਾਂ ਨੇ ਚੁਮਾਰਾਂ ਨੂੰ ਕਿਵੇਂ ਮਾਰਿਆ, ਉਹਨਾਂ ਨੇ ਚੁਮਾਰਾਂ ਨੂੰ ਕਿਵੇਂ ਸਬਕ ਸਿਖਾਇਆ? ਸੰਜੋਗ ਵੱਸ ਕਾਂਸ਼ੀ ਰਾਮ ਵੀ ਉਥੇ ਈ ਚਾਹ ਪੀ ਰਹੇ ਸਨ। ਉਹਨਾਂ ਦੀਆਂ ਗੱਲਾਂ ਸੁਣਕੇ ਉਹਨੂੰ ਗੁੱਸਾ ਆ ਗਿਆ ਤੇ ਕੁਰਸੀ ਚੁੱਕ ਕੇ ਪੂਰੇ ਗੁੱਸੇ ਨਾਲ ਉਹਨਾਂ ਦੇ ਮਾਰੀ। ਉਹਨਾਂ ਦੇ ਮੇਜ਼ ਤੇ ਰੱਖਿਆ ਸਮਾਨ ਖਿੱਲਰ ਗਿਆ ਤੇ ਪਲੇਟਾਂ ਟੁੱਟ ਗਈਆਂ। ਉਹ ਕਹਿਣ ਲੱਗੇ ਕਿ ਬਾਬੂ ਜੀ ਅਸੀਂ ਤਾਂ ਆਪਣੀਆਂ ਗੱਲਾਂ ਕਰ ਰਹੇ ਹਾਂ ਆਪਨੂੰ ਤਾਂ ਅਸੀਂ ਕੁਝ ਨਹੀਂ ਕਿਹਾ। ਆਪ ਕਿਉਂ ਗੁੱਸੇ ਹੋ ਗਏ? ਆਪ ਨੂੰ ਕਿਉਂ ਬੁਰਾ ਲੱਗਾ? ਤਾਂ ਕਾਂਸ਼ੀ ਰਾਮ ਕਹਿਣ ਲੱਗੇ ਕਿ ਰਵਿਦਾਸੀਆਂ ਨੇ ਜੇ ਸਰਕਾਰੀ ਜ਼ਮੀਨ 'ਚ ਖੇਤੀ ਕਰ ਲਈ ਤਾਂ ਕੀ ਹੋਇਆ? ਇਕ ਤਾਂ ਤੁਸੀਂ ਉਹਨਾਂ ਨੂੰ ਮਾਰ ਦਿੱਤਾ ਤੇ ਦੂਜਾ ਤੁਸੀਂ ਉਹਨਾਂ ਦਾ ਮਜ਼ਾਕ ਉਡਾ ਰਹੇ ਓ। ਜ਼ਿਮੀਂਦਾਰਾਂ ਨੇ ਉਹਨਾਂ ਦੀ ਡੀਲ ਡੌਲ ਤੇ ਰੰਗ ਰੂਪ ਦੇਖ ਕੇ ਸੋਚਿਆ ਕਿ ਇਹ ਕੋਈ ਬਾਣੀਆਂ ਦਾ ਲੜਕਾ ਹੈ ਉਹਨਾਂ ਨੇ ਉਸ ਨਾਲ ਉਲਝਣਾਂ ਮੁਨਾਸਿਬ ਨਾ ਸਮਝਿਆ ਉਹ ਡਰ ਕੇ ਉਥੋਂ ਚਲੇ ਗਏ।"

ਕਾਲਜ ਚ ਪੜ੍ਹਦਿਆਂ ਹੀ ਕਾਂਸ਼ੀ ਰਾਮ ਦੀ ਮੰਗਣੀ ਬਲਾਚੌਰ ਦੇ ਤਤਕਾਲੀ ਵਿਧਾਇਕ ਸਰਦਾਰ ਮੂਲਾ ਸਿੰਘ ਦੀ ਧੀ ਬੀਬੀ ਜੋਗਿੰਦਰ ਕੌਰ ਨਾਲ ਹੋ ਗਈ ਸੀ।

ਕਾਲਜ ਦੀ ਪੜ੍ਹਾਈ ਪੂਰੀ ਕਰਨ ਉਪਰੰਤ 1956 'ਚ ਉਚੇਰੀ ਸਿੱਖਿਆ ਲਈ ਕਾਂਸ਼ੀ ਰਾਮ ਜੀ ਨੇ ਡੇਹਰਾਦੂਨ ਦੇ ਸਟਾਫ ਕਾਲਜ 'ਚ ਦਾਖਲਾ ਲੈ ਲਿਆ। ਜਿੱਥੇ 'ਸੰਘ ਲੋਕ ਸੇਵਾ ਆਯੋਗ' (ਨਿੰਨ ਪੁਬਲਿਚ ਸੲਰਵਿਚੲ ਚੋਮਮਿਸਸਿੋਨ) ਦੀ ਤਿਆਰੀ ਕਰਦਿਆਂ ਉਹਨਾਂ ਨੇ ਕੁਝ ਸਮਾਂ ਡੇਹਰਾ-ਦੂਨ ਵਿਚ ਭਾਰਤੀ ਭੂ ਵਿਗਿਆਨ ਵਿਭਾਗ ਵਿਚ ਵੀ ਨੌਕਰੀ ਕੀਤੀ। ਇਸ ਸਾਲ ਛੇ ਦਸੰਬਰ ਨੂੰ ਬਾਬਾ ਸਾਹਿਬ ਅੰਬੇਡਕਰ ਦਾ ਪ੍ਰੀਨਿਰਵਾਣ ਹੋ ਗਿਆ। ਕਾਂਸ਼ੀ ਰਾਮ ਜੀ ਦਾ ਇਕ ਸਹਿਯੋਗੀ ਮਿੱਤਰ 'ਸ੍ਰੀ ਗੈਨੀ' ਇਸ ਸਦਮੇ ਸਦਕਾ ਤਿੰਨ ਦਿਨ ਗਹਿਰੇ ਸੋਗ 'ਚ ਡੁੱਬਿਆ ਰਿਹਾ। ਇਸ ਘਟਨਾ ਸਦਕਾ ਕਾਂਸ਼ੀ ਰਾਮ ਜੀ ਨੂੰ ਪਹਿਲੀ ਵਾਰ ਬਾਬਾ ਸਾਹਿਬ ਬਾਰੇ ਜਾਨਣ ਦਾ ਮੌਕਾ ਮਿਲਿਆ। ਭਾਵੇਂ ਉਹਨਾਂ ਨੇ ਬਾਬਾ ਸਾਹਿਬ ਦਾ ਨਾਮ ਪਹਿਲਾਂ ਸੁਣਿਆਂ ਸੀ ਪਰ ਉਹਨਾਂ ਦੇ ਵਿਅਕਤੀਤਵ ਬਾਰੇ ਉਹ 22 ਸਾਲ ਦੀ ਉਮਰ ਵਿਚ ਜਾਣੂ ਹੋਏ।

ਡੇਹਰਾਦੂਨ 'ਚ ਆਪਣੇ ਦੋ ਸਾਲਾਂ ਦੇ ਸਿੱਖਿਆ ਸਮੇਂ ਦੌਰਾਨ ਕਾਂਸ਼ੀ ਰਾਮ ਜੀ ਕਿਸੇ ਚੰਗੀ ਨੌਕਰੀ ਲਈ ਯਤਨ ਕਰਦੇ ਰਹੇ। ਉਹਨਾਂ ਨੇ ਬੰਬਈ ਅਤੇ ਪੂਨਾ 'ਚ ਨੌਕਰੀ ਲਈ ਬਿਨੈ ਪੱਤਰ ਭੇਜੇ ਹੋਏ ਸਨ। 1958 'ਚ ਉਹ ਇਕੋ ਸਮੇਂ ਦੋਨਾਂ ਥਾਵਾਂ ਤੋਂ ਚੁਣ ਲਏ ਗਏ ਪਰ ਮਹਾਂਰਾਸ਼ਟਰ ਦੇ ਪੂਨਾ ਸ਼ਹਿਰ ਸਥਿਤ "ਸੈਂਟਰਲ ਇੰਸਟੀਚਿਊਟ ਆਫ ਮਿਲਟਰੀ ਐਕਸਪਲੋਸਿਵ" ਤੋਂ ਪਹਿਲਾਂ ਨਿਯੁਕਤੀ ਪੱਤਰ ਆ ਗਿਆ। ਭਾਵੇਂ ਉਹਨਾਂ ਦੀ ਖਾਹਸ਼ ਬੰਬਈ ਨੌਕਰੀ ਕਰਨ ਦੀ ਸੀ ਤਾਂਕਿ ਉਹ ਫਿਲਮਾਂ ਵਿਚ ਵੀ ਹੱਥ ਅਜ਼ਮਾ ਸਕਣ। ਪਰ ਪੂਨਾ ਤੋਂ ਯਾਦ ਪੱਤਰ ਆ ਜਾਣ ਕਰਕੇ ਸੰਸ਼ੋਧਨ ਅਧਿਕਾਰੀ (ਰੲਸੲਅਰਚਹ ੋਾਾਚਿੲਰ) ਦੇ ਅਹੁਦੇ ਲਈ ਉਹ ਪੂਨਾ ਚਲੇ ਗਏ। ਜਿਹੜਾ ਪੂਨਾ 24 ਸਤੰਬਰ 1932 ਵਿਚ ਕਾਂਸ਼ੀ ਰਾਮ ਦੇ ਜਨਮ ਤੋਂ ਕੇਵਲ ਡੇਢ ਵਰ੍ਹਾ ਪਹਿਲਾਂ ਗਾਂਧੀ ਅੰਬੇਡਕਰ ਸਮਝੌਤੇ (ਪੂਨਾ ਪੈਕਟ) ਦੀ ਸ਼ਾਹਦੀ ਭਰਦਾ ਸੀ, ਜਿਸ ਪੂਨੇ ਵਿਚ ਦਲਿਤਾਂ ਸੋਸ਼ਿਤਾਂ ਦੇ ਮਸੀਹਾ ਬਾਬਾ ਸਾਹਿਬ ਅੰਬੇਡਕਰ ਨਾਲ ਮਕਾਰ ਮੋਹਨ ਦਾਸ ਕਰਮਚੰਦ ਗਾਂਧੀ ਵਲੋਂ ਛਲ਼ ਕੀਤਾ ਗਿਆ ਸੀ ਉਹ ਹੀ ਪੂਨਾ ਜਿੱਥੇ ਭਾਰਤ ਦੇ ਕਰੋੜਾਂ ਅਛੂਤਾਂ ਦੇ ਰਾਜ ਭਾਗ ਵਿਚ ਉਚਿੱਤ ਨੁਮਾਇੰਦੇ ਅਤੇ ਸਨਮਾਨ ਦੀ ਜ਼ਿੰਦਗੀ ਜਿਉਣ ਦੇ ਅਵਸਰ ਖੋਹੇ ਗਏ ਤੇ ਕੁਝ ਕੁ ਸਹੂਲਤਾਂ ਤੇ ਹੀ ਸਬਰ ਕਰਨਾ ਪਿਆ। ਜਿੱਥੇ ਬਾਬਾ ਸਾਹਿਬ ਨੂੰ ਭਰੇ ਮਨ ਨਾਲ ਕਹਿਣਾ ਪਿਆ ਸੀ ਕਿ ਮੇਰੇ ਵਲੋਂ ਬਰਤਾਨਵੀ ਹਕੂਮਤ ਪਾਸੋਂ ਪ੍ਰਾਪਤ ਕੀਤੇ ਫਲ ਦਾ ਜੂਸ ਗਾਂਧੀ ਤੇ ਉਹਦਾ ਸਮਾਜ ਪੀ ਗਿਆ ਹੈ ਤੇ ਉਸਦਾ ਛਿੱਲੜ ਮੇਰੇ ਮੂੰਹ ਤੇ ਵਗਾਹ ਮਾਰਿਆ ਹੈ। ਉਸੇ ਪੂਨਾ ਸ਼ਹਿਰ 'ਚ ਕਾਂਸ਼ੀ ਰਾਮ ਇਕ ਸਾਇੰਸਦਾਨ ਦੀ ਨੌਕਰੀ ਲਈ ਪਧਾਰੇ। ਮਾਨੋ ਜਿਵੇਂ ਕਹਿ ਰਹੇ ਹੋਣ "ਬਾਬਾ ਸਾਹਿਬ ਮੈਂ ਆ ਗਿਆ ਹਾਂ ਤੇਰੇ ਹੋਏ ਅਪਮਾਨ ਦਾ ਬਦਲਾ ਲੈਣ।" ਲੱਗਦਾ ਹੈ ਸ਼ਾਇਦ ਕੁਦਰਤ ਨੇ ਉਹਨਾਂ ਨੂੰ ਇਸ ਮਹੱਤਵ ਪੂਰਨ ਕਾਰਜ ਦੀ ਪੂਰਤੀ ਲਈ ਹੀ ਏਥੇ ਭੇਜਿਆ ਸੀ।

1958 ਤੋਂ ਲੈਕੇ 1963 ਤਕ ਪੰਜ ਸਾਲਾਂ 'ਚ ਉਹ ਇਕ ਵਾਰ ਹੀ ਆਪਣੇ ਪਿਤਰੀ ਪਿੰਡ ਖੁਆਸਪੁਰ ਆਏ। ਉਹ ਸਾਰੇ ਪਰਵਾਰ ਲਈ ਤੋਹਫ਼ੇ ਲੈਕੇ ਆਏ ਸਨ। ਉਹ 15-20 ਦਿਨ ਘਰ ਰਹੇ, ਸੱਭ ਰਿਸ਼ਤੇਦਾਰਾਂ, ਮਿੱਤਰਾਂ ਦੋਸਤਾਂ ਨੂੰ ਮਿਲਦੇ ਰਹੇ ਪਰ ਉਹਨਾਂ ਦਾ ਮਨ ਕਾਫੀ ਉਚਾਟ ਰਹਿੰਦਾ ਸੀ , ਉਹ ਲਗਾਤਾਰ ਕਿਸੇ ਡੂੰਘੀ ਸੋਚ ਵਿਚ ਡੁੱਬੇ ਰਹਿੰਦੇ ਸਨ, ਉਹ ਵਾਪਸ ਪੂਨੇ ਚਲੇ ਗਏ। ਫ਼ੇਰ ਮੁੜ ਕੇ ਘਰ ਨਹੀਂ ਆਏ, ਉਸ ਤੋਂ ਬਾਅਦ ਤਾਂ ਉਹਨਾਂ ਨੇ ਆਪਣੇ ਪੁਰਖਿਆਂ ਦੀ ਭੂਮੀ ਨੂੰ ਤਿਆਗ ਹੀ ਦਿੱਤਾ।

1964-65 'ਚ ਉਹਨਾਂ ਦੇ ਜੀਵਨ 'ਚ ਵਾਪਰੀ ਇਕ ਘਟਨਾ ਸਦਕਾ ਆਈ ਇਨਕਲਾਬੀ ਤਬਦੀਲੀ ਨੇ ਉਹਨਾਂ ਨੂੰ ਨੌਕਰੀ, ਸੱਭ ਸੁੱਖ ਤੇ ਘਰ ਬਾਰ ਛੱਡ ਕੇ ਬਿਖੜੇ ਰਾਹਾਂ ਦਾ ਪਾਂਧੀ ਬਣਾ ਕੇ ਆਪਣੇ ਰਹਿਬਰਾਂ ਦੇ ਸੁਪਨੇ ਸਾਕਾਰ ਕਰਨ ਦਾ ਮਹਾਨ ਕਾਰਜ ਸੌਂਪ ਦਿੱਤਾ।

# ਅੰਬੇਡਕਰ ਦੇ ਬੋਲਾਂ ਨੂੰ ਸਿਰਫ ਕਾਂਸ਼ੀ ਰਾਮ ਹੀ ਪੂਰਾ ਕਰ ਪਾਏ



ਸਤਨਾਮ ਸਿੰਘ ਸਹੂੰਗੜਾ
91-94170-71532

ਆਪਣੇ ਬਹੁਜਨ ਸਮਾਜ ਨੂੰ ਜਾਗਰੂਕ ਕਰਨ ਹਿੱਤ ਸਾਹਿਬ ਕਾਂਸ਼ੀ ਰਾਮ ਚੌਵੀ ਘੰਟੇ ਚੱਲਦੇ ਫਿਰਦੇ ਹੀ ਰਹਿੰਦੇ ਸਨ। ਜੇ ਸਮਾਂ ਮਿਲਿਆ ਤਾਂ ਕੁਝ ਪਲ ਆਰਾਮ ਕਰ ਲਿਆ ਠੀਕ, ਨਹੀ ਤਾਂ ਚੱਲ ਸੋ ਚੱਲ ਵਾਲੀ ਜੂਨ ਹੰਢਾ ਰਹੇ ਸੀ। ਉਹਨਾਂ ਨੂੰ ਪਤਾ ਸੀ ਕਿ ਉਹਨਾਂ ਕੋਲ ਸਵਾਸਾਂ ਦੀ ਪੂੰਜੀ ਬਹੁਤ ਥੋੜੀ ਹੈ। ਇਸ ਲਈ ਉਹ ਵੱਧ ਤੋਂ ਵੱਧ ਸਮਾਂ ਸਮਾਜ ਦੇ ਲੇਖੇ ਲਾਉਣ ਨੂੰ ਤਰਜੀਹ ਦਿੰਦੇ ਸਨ। ਸਾਹਿਬ ਕਾਂਸ਼ੀ ਰਾਮ ਜੀ ਸੰਨ 1990 ਵਿੱਚ ਲਖਨਊ ਤੋਂ ਦਿੱਲੀ ਵੱਲ ਨੂੰ ਆ ਰਹੇ ਸਨ। ਰਸਤੇ ਵਿਚ ਸਫਰ ਦੌਰਾਨ ਜਿਸ ਗੱਡੀ ਵਿੱਚ ਸਾਹਿਬ ਸਫਰ ਕਰ ਰਹੇ ਸਨ। ਉਸ ਗੱਡੀ ਹੇਠਾਂ ਆ ਕੇ ਇਕ ਅਵਾਰਾ ਕੁੱਤਾ ਮਰ ਗਿਆ। ਉਸ ਸਮੇ ਕਾਂਸ਼ੀ ਰਾਮ ਜੀ ਆਰਾਮ ਕਰ ਰਹੇ ਸਨ ਤੇ ਝਟਕਾ ਲੱਗਣ ਤੇ ਅੱਖ ਖੁੱਲ੍ਹ ਗਈ ਤਾਂ ਉਹਨਾਂ ਪੁੱਛਿਆ ਕਿ ਭਾਈ ਕੀ ਹੋ ਗਿਆ ਝਟਕਾ ਕਿਵੇਂ ਲੱਗਿਆ ? ਕਾਂਸ਼ੀ ਰਾਮ ਜੀ ਨਾਲ ਹੋਰ ਵੀ ਸਾਥੀ ਸਫਰ ਕਰ ਰਹੇ ਸਨ। ਇਕ ਸਾਥੀ ਬੋਲਿਆ ਸਾਹਿਬ ਜੀ ਕੁਝ ਨਹੀਂ ਹੋਇਆ ਤੁਸੀਂ ਆਰਾਮ ਨਾਲ ਸੌਂ ਜਾਉ। ਕਾਂਸ਼ੀ ਰਾਮ ਜੀ ਇਕਦਮ ਗੁੱਸੇ ਵਿੱਚ ਆ ਗਏ ਤੇ ਕਹਿਣ ਲੱਗੇ ਖਬਰਦਾਰ ਅੱਗੇ ਤੋਂ ਮੈਨੂੰ ਕਿਸੇ ਨੇ ਸੋਣ ਲਈ ਕਿਹਾ ਤਾਂ। ਕਾਂਸ਼ੀ ਰਾਮ ਜੀ ਨੇ ਚੱਲਦੀ ਗੱਡੀ ਵਿੱਚ ਫਿਰ ਤੋ ਆਪਣਾ ਸਵਾਲ ਦੁਹਰਾਇਆ ਤੇ ਪੁੱਛਿਆ ਕਿ ਝਟਕਾ ਕਿਉਂ ਲੱਗਿਆ ਸੀ ਮੈਨੂੰ ਦੱਸੋ? ਡਰਾਈਵਰ ਨੇ ਕਾਂਸ਼ੀ ਰਾਮ ਜੀ ਦਾ ਮੂਡ ਵੇਖ ਕੇ ਆਖਿਆ ਜੀ ਚੱਲਦੀ ਗੱਡੀ ਹੇਠਾਂ ਇਕ ਅਵਾਰਾ ਕੁੱਤਾ ਆ ਕੇ ਮਰ ਗਿਆ। ਸਾਹਿਬ ਜੀ ਨੇ ਵੀ ਕਿਹਾ ਕਿ ਮੈਨੂੰ ਵੀ ਇੰਝ ਹੀ ਲੱਗਿਆ ਕਿ ਜਿਸ ਉਪਰੋਂ ਗੱਡੀ ਲੰਘ ਗਈ ਹੈ ਉਹ ਬਚਿਆ ਨਹੀਂ ਹੋਣਾ। ਉਹ ਵਾਕਿਆ ਹੀ ਮਰ ਗਿਆ ਹੋਵੇਗਾ। ਕਾਂਸ਼ੀ ਰਾਮ ਜੀ ਨੇ ਨਰਸ਼ਨ ਬਦਲਦਿਆਂ ਪੁੱਛਿਆ ਕਿ ਦੱਸੋ ਕੁੱਤਾ ਕਿਵੇਂ ਮਰਿਆ। ਸਾਹਿਬ ਜੀ ਦੇ ਨਾਲ ਸੀਟ ਤੇ ਬੈਠਾ ਸਾਥੀ ਬੋਲਿਆ ਜੀ ਉਸਦੀ ਉਮਰ ਪੂਰੀ ਹੋ ਗਈ ਹੋਣਾ ਤੇ ਉਸਦਾ ਅੰਨ੍ਹ ਪਾਣੀ ਮੁੱਕ ਗਿਆ ਹੋਣਾ। ਉਹਦੀ ਮੌਤ ਕਰਮਾਂ ਵਿੱਚ ਇੰਝ ਹੀ ਲਿਖੀ ਹੋਵੇਗੀ। ਇੰਝ ਉਹ ਸਾਡੀ ਕਾਰ ਹੇਠਾਂ ਆ ਕੇ ਮਰ ਗਿਆ। ਸਾਥੀ ਦੀ ਗੱਲ ਸੁਣਦਿਆਂ ਕਾਂਸ਼ੀ ਰਾਮ ਜੀ ਨੇ ਬਹੁਤ ਹੀ ਪਿਆਰ ਨਾਲ ਸਮਝਾਉਂਦਿਆ ਆਖਿਆ ਕਿ ਨਹੀਂ ਤੁਸੀਂ ਗਲਤ ਸੋਚ ਰਹੇ ਹੋ। ਨਾਂ ਤਾ ਉਸਦੇ ਕਰਮਾਂ 'ਚ ਦਾਣਾ ਪਾਣੀ ਮੁੱਕਿਆ ਸੀ ਨਾ ਉਸਨੇ ਇੰਝ ਮਰਨਾ ਸੀ। ਬੱਸ ਉਹ ਆਪਣੀ ਨਲਾਇਕੀ ਨਾਲ ਮਰ ਗਿਆ ਜੋ ਸਹੀ ਸਮੇਂ ਤੇ ਸਹੀ ਫੈਂਸਲਾ ਨਾ ਲੈ ਸਕਿਆ। ਸਾਥੀਆਂ ਦੀ ਉਤਸੁਕਤਾ ਦੂਰ ਕਰਦਿਆਂ ਉਹਨਾਂ ਦੱਸਿਆ ਕਿ ਕੁੱਤਾ ਸੜਕ ਵਿਚਕਾਰ ਆ ਗਿਆ ਸੀ ਤਾਂ ਸਾਡੀ ਗੱਡੀ ਵੀ ਉਸੇ ਸਮੇਂ ਪਹੁੰਚ ਗਈ ਸੀ ਤੇ ਕੁੱਤਾ ਇਕਦਮ ਆਪਣੇ ਦਿਮਾਗ ਨਾਲ ਕੋਈ ਫੈਂਸਲਾ ਨਾ ਕਰ ਸਕਿਆ। ਉਹ ਦੁਚਿੱਤੀ ਵਿੱਚ ਫਸ ਗਿਆ ਕਿ ਕੀ ਕਰਾਂ ਅੱਗੇ ਜਾਵਾਂ ਜਾਂ ਪਿੱਛੇ ਮੁੜ ਜਾਵਾਂ, ਇੰਨੇ ਸਮੇਂ 'ਚ ਗੱਡੀ ਉਸ ਨੂੰ ਦਰੜ ਕੇ ਅੱਗੇ ਲੰਘ ਗਈ ਤੇ ਉਹ ਮਰ ਗਿਆ। ਇੰਨਾ ਕਹਿੰਦਿਆਂ ਸਾਹਿਬ ਜੀ ਖਾਮੋਸ਼ ਹੋ ਗਏ। ਸਾਥੀ ਦੀ ਉਤਸੁਕਤਾ ਵੱਧ ਗਈ ਸੀ ਤਾਂ ਉਹਨਾਂ ਸਾਹਿਬ ਨੂੰ ਆਖਿਆ ਜੀ ਅਸੀਂ ਕੁਝ ਸਮਝੇ ਨਹੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ।

ਸਾਹਿਬ ਕਾਂਸ਼ੀ ਰਾਮ ਜੀ ਨੇ ਬਹੁਤ ਹੀ ਗੰਭੀਰਤਾ ਨਾਲ ਜਵਾਬ ਦਿੰਦਿਆ ਕਿਹਾ ਕਿ ਮੈਂ ਤੁਹਾਨੂੰ ਇਹ ਸਮਝਾਉਣਾ ਚਾਹੁੰਦਾ ਹਾਂ ਕਿ ਪਿਛਲੇ ਹਜ਼ਾਰਾਂ ਸਾਲਾਂ ਤੋਂ ਇਹ ਹੀ ਹਾਲ ਆਪਣੇ ਸਮਾਜ ਦਾ ਹੋਇਆ ਪਿਆ ਹੈ। ਜੋ ਅੱਜ ਤੱਕ ਇਸ ਗੱਲ ਨੂੰ ਸਮਝ ਹੀ ਨਹੀਂ ਸਕਿਆ ਹੈ ਕਿ ਉਸ ਨੇ ਕਿਸ ਦਿਸ਼ਾ ਵੱਲ ਨੂੰ ਜਾਣਾ ਹੈ। ਜਿੱਧਰ ਉਸ ਦੇ ਦੁੱਖਾਂ, ਤਕਲੀਫਾਂ ਦਾ ਅੰਤ ਹੋ ਸਕੇ ਤੇ ਗੁਰੂਆਂ ਦੇ ਦਰਸਾਏ ਮਾਨਵਤਾ ਦੀ ਬਰਾਬਰੀ ਵਾਲੇ ਰਸਤੇ ਦੇ ਦਰਵਾਜੇ ਉਸ ਲਈ ਖੁੱਲੇ ਹੋਣ। ਸੋ ਇਸ ਕਰਕੇ ਮੇਰੇ ਸਮਾਜ ਦੀ ਹਾਲਤ ਵੀ ਉਸ ਅਵਾਰਾ ਕੁੱਤੇ ਵਰਗੀ ਹੀ ਹੈ। ਜੋ ਪਿਛਲੇ ਹਜ਼ਾਰਾਂ ਸਾਲਾਂ ਤੋਂ ਦੁਚਿੱਤੀ ਵਿੱਚ ਹੀ ਪੈਰ ਪੈਰ ਤੇ ਬੇਮੌਤ ਮਾਰਿਆ ਜਾ ਰਿਹਾ ਹੈ। ਜਿਹੜਾ ਜਾਨਵਰ ਜਾਂ ਜਿਹੜਾ ਸਮਾਜ ਸਹੀ ਸਮੇਂ ਤੇ ਸਹੀ ਫੈਂਸਲਾ ਨਹੀ ਲੈ ਪਾਉਂਦਾ ਉਹ ਇਸੇ ਤਰ੍ਹਾਂ ਹੀ ਬੇਮੌਤ ਮਾਰਿਆ ਜਾਂਦਾ ਹੈ। ਅਗਰ ਹੁਣ ਵੀ ਨਾ ਸੁਧਰਿਆ ਤਾਂ ਅੱਗੇ ਵੀ ਇਸੇ ਤਰ੍ਹਾਂ ਬੇਮੌਤ ਹੀ ਮਰਦਾ ਰਹੇਗਾ। ਸਾਹਿਬ ਕਾਂਸ਼ੀ ਰਾਮ ਜੀ ਇਕ ਅਜਿਹੀ ਸਖਸ਼ੀਅਤ, ਜਿਸ ਨੇ ਭਾਰਤ ਦੀਆਂ ਅਨੁਸੂਚਿਤ ਜਾਤੀਆਂ, ਜਨ ਜਾਤੀਆਂ, ਦੂਸਰੀਆਂ ਪੱਛੜਿਆ ਸ਼੍ਰੇਣੀਆਂ ਅਤੇ ਹੋਰ ਬਾਕੀ ਸਾਰੇ ਅਣਗੌਲੇ ਵਰਗਾਂ ਨੂੰ ਸਨਮਾਨ ਸਹਿਤ ਉਹਨਾਂ ਦੇ ਪੈਰਾਂ ਤੇ ਖੜੇ ਕਰਨ ਲਈ ਆਪਣੀ ਸਾਰੀ ਜਿੰਦਗੀ ਦਾਅ ਤੇ ਲਗਾ ਦਿੱਤੀ। ਸਾਹਿਬ ਕਾਂਸ਼ੀ ਰਾਮ ਜੀ ਦਾ ਜਨਮ ਜਿਲ੍ਹਾ ਰੂਪਨਗਰ (ਰੋਪੜ) ਦੇ ਛੋਟੇ ਜਿਹੇ ਪਿੰਡ ਖੁਆਸਪੁਰ ਵਿਖੇ 15 ਮਾਰਚ 1934 ਨੂੰ ਪਿਤਾ ਸਰਦਾਰ ਹਰੀ ਸਿੰਘ ਜੀ ਦੇ ਘਰ ਮਾਤਾ ਬਿਸ਼ਨ ਕੌਰ ਦੀ ਸੁਭਾਗੀ ਕੁੱਖ ਤੋਂ ਹੋਇਆ। ਪਿਤਾ ਖੇਤੀਬਾੜੀ ਦਾ ਕੰਮ ਕਰਦੇ ਸਨ। ਕਾਂਸ਼ੀ ਰਾਮ ਜੀ ਦੇ ਜਨਮ ਸਮੇਂ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਸੀ ਕਿ ਇਹ ਮਾਸੂਮ ਬੱਚਾ ਵੱਡਾ ਹੋ ਕੇ ਆਪਣੇ ਪਿੰਡ, ਮਾਤਾ-ਪਿਤਾ ਸਮੇਤ ਉਹਨਾਂ ਸਾਰੇ ਭਾਈਚਾਰਿਆਂ ਨੂੰ ਸਨਮਾਨ ਦਿਲਾਏਗਾ। ਜੋ ਅੱਜ ਤੱਕ ਪੈਰ ਪੈਰ ਤੇ ਬੇਇਮਾਨੀ ਦੀਆਂ ਠੋਕਰਾਂ ਦਾ ਸ਼ਿਕਾਰ ਹੋਏ ਤੇ ਜਾਲਮ ਦੀਆਂ ਅਣਗਿਣਤ ਜੁਲਮੀ ਕਰਤੂਤਾਂ ਦਾ ਵੀ ਬਰਾਬਰ ਹੀ ਬਿਨ੍ਹਾ ਵਜ੍ਹਾ ਸ਼ਿਕਾਰ ਬਣੇ। ਪੜ੍ਹਾਈ ਪੂਰੀ ਕਰਨ ਉਪਰੰਤ ਪੂਨੇ ਜਾ ਕੇ ਵੱਡੇ ਅਫਸਰ ਦੀ ਕੁਰਸੀ ਸੰਭਾਲਣ ਤੋਂ ਲੈ ਕੇ ਕਾਂਸ਼ੀ ਰਾਮ ਤੋਂ ਸਾਹਿਬ ਕਾਂਸ਼ੀ ਰਾਮ ਬਣਨ ਤਕ ਦਾ ਸਫਰ ਵੀ ਬੇਹੱਦ ਸ਼ਾਨਦਾਰ, ਰੋਮਾਂਚਕ ਤੇ ਕਠਿਨਾਈ ਭਰਪੂਰ ਰਿਹਾ। ਪਰ ਮਰਦ ਅਗੰਮੜਾ ਕਦੀ ਡੋਲਿਆ ਨਹੀਂ ਤੇ ਨਾਂ ਕਦੀ ਕਿਸੇ ਮੂਹਰੇ ਝੁਕਿਆ ਪਰ ਸਮਾਜ ਦੇ ਦੁਸ਼ਮਣਾਂ ਨੂੰ ਉਹਨਾਂ ਦੀ ਖੁੱਡਾਂ ਵਿੱਚ ਸਿਰ ਲੁਕਾਉਣ ਲਈ ਮਜਬੂਰ ਜਰੂਰ ਕਰ ਦਿੱਤਾ। ਸਮਾਜ ਦੇ ਦੁਸ਼ਮਣਾ ਲਈ ਕਾਲ ਦਾ ਦੂਸਰਾ ਰੂਪ ਬਣ ਕੇ ਟੱਕਰਿਆ ਕਾਂਸ਼ੀ ਰਾਮ, ਸਮਾਜ ਤੋੜਨ ਵਾਲਿਆਂ ਨੂੰ ਤੇ ਅਕਲ ਟਿਕਾਣੇ ਲਗਾ ਕੇ ਬੰਦੇ ਦੇ ਪੁੱਤ ਬਣਾ ਕੇ ਰੱਖੇ ਸਾਰੇ ਸਮਾਜ ਵਿਰੋਧੀ। ਕਾਂਸ਼ੀ ਰਾਮ ਜੀ ਇਕ ਮਹਾਨ ਸੋਚ ਸੀ, ਦੁਨੀਆ ਭਰ ਦੇ ਮਹਾਨ ਚਿੰਤਕ, ਮਹਾਨ ਸਮਾਜ ਸੁਧਾਰਕ ਤੇ ਮਹਾਨ ਦਾਰਸ਼ਨਿਕ ਵੀ ਸਨ ਕਾਂਸ਼ੀ ਰਾਮ ਜੀ।




ਕਾਂਸ਼ੀ ਰਾਮ ਜੀ ਅਕਸਰ ਕਿਹਾ ਕਰਦੇ ਸਨ ਕਿ ਅੱਜ ਕੱਲ੍ਹ ਦੇ ਨੇਤਾ ਅੱਗੇ ਕਪਾਟ ਤੇ ਪਿੱਛੇ ਸਪਾਟ ਵਾਲੇ ਜਿਆਦਾ ਹਨ। ਕੁਝ ਨੇਤਾ ਆਪਣੇ ਪਿੱਛੇ-ਪਿੱਛੇ ਕੈਂਚੀ ਲੈ ਕੇ ਚੱਲਦੇ ਹਨ। ਉਹ ਖੁਦ ਤਾਂ ਅੱਗੇ ਵੱਧ ਗਏ ਕੋਠੀਆਂ, ਦੌਲਤਾਂ, ਸ਼ੌਹਰਤਾਂ ਦੇ ਮਾਲਕ ਬਣ ਗਏ ਪਰ ਕਾਰਵਾਂ ਪਿੱਛੇ ਰਹਿ ਗਏ। ਜਿਹੜੇ ਲੋਕਾਂ ਨੇ ਡੱਟ ਕੇ ਸਾਥ ਦਿੱਤੇ ਉਹ ਅੱਜ ਵੀ ਪਹਿਲਾਂ ਵਾਲੀ ਥਾਂ ਉਸੇ ਲਾਈਨ ਵਿਚ ਹੀ ਖੜੇ ਹਨ ਜਿਥੇ ਅੱਜ ਤੋ ਬਹੁਤ ਸਾਲ ਪਹਿਲਾਂ ਖੜੇ ਸੀ। ਸੋ ਕਾਰਵਾਂ ਅੱਗੇ ਧੂਮ ਧਾਮ ਨਾਲ ਵੱਧ ਰਿਹਾ ਸੀ ਤੇ ਲੀਡਰਾਂ ਦੀਆਂ ਨਲਾਇਕੀਆਂ ਨਾਲ ਸੜਕਾਂ ਤੇ ਚੂਰ ਚੂਰ ਹੋ ਕੇ ਵਿੱਖਰਦਾ ਵੀ ਰਹਿ ਗਿਆ। ਉਸ ਨੂੰ ਸਮੇਟਣਾ ਤਾਂ ਕੀ ਉਲਟਾ ਆਪ ਹੀ ਇੱਧਰ ਉੱਧਰ ਹੁੰਦੇ ਰਹੇ। ਹੰਕਾਰ, ਪੈਸੇ ਦਾ ਲਾਲਚ, ਬੇਇਮਾਨੀ ਤੇ ਖੁਦਗਰਜੀ ਭਾਰੂ ਹੁੰਦੀ ਰਹੀ। ਥੋੜੀਆਂ-ਥੋੜੀਆਂ ਢੇਰੀਆਂ ਬਣਾ ਕੇ ਲੋਕਾਂ ਦੀਆਂ ਉਸ ਨੂੰ ਵੇਚਣਾ ਇਹ ਸ਼ੌਂਕ ਬਣਾ ਬੈਠੇ ਕੁਝ ਆਪਣੇ ਬੇਗਾਨਿਆ ਨਾਲ ਮਿਲਕੇ। ਅਜਿਹੀਆਂ ਕਹਾਣੀਆਂ ਬਣਾ ਬਣਾ ਕੇ ਕਾਂਸ਼ੀ ਰਾਮ ਜੀ ਅਕਸਰ ਹੀ ਸੁਣਾਇਆ ਕਰਦੇ ਸਨ। ਕਾਰਵਾਂ ਤਿਆਰ ਕਰਨ ਲਈ ਪਾਈ-ਪਾਈ ਦਾ ਹਿਸਾਬ ਕਿਤਾਬ ਰੱਖਣਾ ਪੈਂਦਾ ਹੈ। ਕਿਉਂਕਿ ਹਰ ਇਕ ਪਾਈ ਦਾ ਆਪਣਾ ਆਪਣਾ ਵਜੂਦ ਹੁੰਦਾ ਹੈ। ਜਿਵੇਂ ਇਕ ਛੋਟਾ ਜਿਹਾ ਨੱਟ ਬੋਲਟ ਵੀ ਨਿੱਕਲ ਜਾਵੇ ਤਾਂ ਵੱਡੇ ਵੱਡੇ ਚੱਲਦੇ ਕਾਰਖਾਨੇ ਵੀ ਰੁਕ ਜਾਇਆ ਕਰਦੇ ਹਨ। ਇਸੇ ਤਰ੍ਹਾਂ ਬਹੁਜਨ ਸਮਾਜ ਦੀ ਸੋਚ ਪੈਦਾ ਕੀਤੀ ਜਾ ਰਹੀ ਸੀ ਤਾਂ ਉਸ ਵਕਤ ਅਕਸਰ ਵਰਗ ਸੰਘਰਸ਼ ਅਤੇ ਸੰਘਰਸ਼ ਦੇ ਤੌਰ ਤਰੀਕਿਆ ਤੇ ਚਰਚਾ ਹੁੰਦੀ ਸੀ। ਸੰਘਰਸ਼ ਕੌਣ ਕਰੇਗਾ? ਕਿਸ ਦੇ ਨਾਲ ਕਰੇਗਾ? ਤੇ ਕਿਉਂ ਕਰੇਗਾ? ਦੁਸ਼ਮਣ ਦਾ ਦੁਸ਼ਮਣ ਦੋਸਤ ਹੁੰਦਾ ਹੈ। ਅੰਦੋਲਨ ਕਿਉਂ ਜਰੂਰੀ ਹੈ? ਅਤੇ ਅੰਦੋਲਨ ਨਾਲ ਪ੍ਰਾਪਤ ਕੀ ਕਰਨਾ ਹੈ ? ਅੰਦੋਲਨ ਕਿਸ ਦੇ ਲਈ ਕਰਨਾ ਹੈ? ਇਹਨਾਂ ਪਸ਼ਨ ਵਾਚਕ ਸ਼ਬਦਾਂ ਉਤੇ ਧਿਆਨ ਕੇਂਦਰਿਤ ਕਰਨਾ ਅਤਿ ਜਰੂਰੀ ਹੈ। ਕਿਉਂਕਿ ਅੰਦੋਲਨ ਯੁੱਧ ਦੇ ਮੈਦਾਨ ਦੀ ਤਰ੍ਹਾਂ ਹੁੰਦਾ ਹੈ, ਤੇ ਇਸ ਦੀ ਤਿਆਰੀ ਵੀ ਯੁੱਧ ਸਤਰ ਦੀ ਕਰਨੀ ਪੈਂਦੀ ਹੈ। ਬਿਨ੍ਹਾ ਤਿਆਰੀ ਤੋਂ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਮਿਟ ਜਾਇਆ ਕਰਦੀ ਹੈ। ਅਗਰ ਦੋਸਤ ਤੇ ਦੁਸ਼ਮਣ ਦੀ ਪਹਿਚਾਣ ਮਿਟ ਗਈ ਤਾਂ ਸੰਘਰਸ਼ ਤੇ ਅੰਦੋਲਨ ਠੰਡੇ ਬਸਤੇ ਵਿਚ ਚਲਾ ਜਾਂਦਾ ਹੈ।

ਕਾਂਸ਼ੀ ਰਾਮ ਜੀ ਅਕਸਰ ਇਸ ਗੱਲ ਦਾ ਹਰ ਮੰਚ ਤੇ ਜਿਕਰ ਕਰਨੋਂ ਵੀ ਨਹੀਂ ਸੀ ਖੁੰਝਦੇ ਕਿ ਮੈਂ ਆਪਣੇ ਅੰਦੋਲਨ ਵਿੱਚ ਇਕ ਵੀ ਭਗਤ ਪੈਦਾ ਨਹੀਂ ਹੋਣ ਦਿੱਤਾ। ਕਿਉਂਕਿ ਅੰਨ੍ਹੇ ਭਗਤਾਂ ਦੀ ਆਪਣੀ ਕੋਈ ਜਮੀਰ ਜਾਂ ਵਿਚਾਰਧਾਰਾ ਨਹੀਂ ਹੁੰਦੀ। ਇਸ ਕਰਕੇ ਭਗਤਾਂ ਨੂੰ ਸਿਰਫ ਗੁਲਾਮੀ ਕਰਨ ਦੀ ਹੀ ਆਦਤ ਹੁੰਦੀ ਹੈ। ਜੋ ਇਕ ਅੰਦੋਲਨ ਨੂੰ ਗੁੰਮਰਾਹ ਕਰਨ ਤੇ ਭਟਕਾਉਣ ਦਾ ਕੰਮ ਬਾਖੂਬੀ ਕਰਦੇ ਹਨ। ਅੰਦੋਲਨ ਨਾਲ ਇਹਨਾਂ ਦਾ ਕੁਝ ਵੀ ਲੈਣ ਦੇਣ ਨਹੀਂ ਹੁੰਦਾ। ਭਗਤ ਸਮਾਜਿਕ ਬੋਝ ਹੁੰਦੇ ਹਨ। ਭਗਤੀਭਾਵ ਬ੍ਰਾਹਮਣਵਾਦ ਦੀ ਪੈਦਾ ਕੀਤੀ ਹੋਈ ਮੁਫਤਖੋਰੀ ਦੀ ਫਸਲ ਹੈ, ਜਿਸ ਨੂੰ ਬ੍ਰਾਹਮਣਵਾਦ ਅੱਜ ਤੱਕ ਵਿਆਜ ਦੇ ਰੂਪ ਵਿੱਚ ਹੀ ਖਾ ਰਿਹਾ ਹੈ। ਸਾਹਿਬ ਕਾਂਸ਼ੀ ਰਾਮ ਜੀ ਕਿਹਾ ਕਰਦੇ ਸਨ ਕਿ ਅਗਰ ਮੈਂ ਆਪਣੇ ਸਮਾਜ ਦੀਆਂ ਚਿੰਤਾਵਾਂ ਤੇ ਖਵਾਇਸ਼ਾ ਨੂੰ ਪੂਰੀਆ ਕਰਨ ਵਿੱਚ ਸਫਲ ਨਾ ਹੋ ਸਕਿਆ ਤਾਂ ਮੈਂ ਖੁਦ ਨੂੰ ਗੋਲੀ ਮਾਰ ਕੇ ਖਤਮ ਕਰ ਲਵਾਂਗਾ। ਪਰ ਮੈਂ ਆਪਣੇ ਆਪ ਨੂੰ ਗੋਲੀ ਵੀ ਨਹੀਂ ਸੀ ਮਾਰ ਸਕਦਾ। ਕਿਉਂਕਿ ਦੁਸ਼ਮਣ ਤਾਂ ਸਦਾ ਹੀ ਖਾਲੀ ਮੈਦਾਨ ਲੱਭਦਾ ਹੈ ਇਸ ਲਈ ਮੈਂ ਮਰਨ ਦਾ ਖਿਆਲ ਤਿਆਗ ਕੇ ਮੈਦਾਨ ਵਿੱਚ ਲੜਨ ਮਰਨ ਦਾ ਆਪਣੇ ਨਾਲ ਪੱਕਾ ਵਾਅਦਾ ਕੀਤਾ। ਕਿ ਜਦੋਂ ਤੱਕ ਮੈਂ ਆਪਣੇ ਸਮਾਜ ਲਈ ਕੁਝ ਕਰ ਨਹੀਂ ਦਿੰਦਾ ਮੈਂ ਮਰਾਂਗਾ ਵੀ ਨਹੀਂ। ਅਖੀਰ ਮੈਂ ਲੰਬੀ ਸੋਚ ਵਿਚਾਰ ਤੋਂ ਬਾਅਦ ਸਾਈਕਲ ਚਲਾਉਣ ਦਾ ਤਹੱਈਆ ਕੀਤਾ। ਇਹ ਸ਼ਬਦ ਉਹਨਾਂ 16 ਅਗਸਤ 1985 ਨੂੰ ਹਰਿਦੁਆਰ ਤੋਂ ਕੱਢੀ ਸਾਈਕਲ ਰੈਲੀ "ਡਾਕ ਪੱਥਰ" ਹੁਣ ਉਤਰਾਖੰਡ ਵਿੱਚ ਬੋਲੇ ਸਨ। ਸਾਹਿਬ ਜੀ ਹਰਿਦੁਆਰ ਤੋਂ ਕੱਢੀ ਜਾ ਰਹੇ ਸਨ। ਇਸ ਰੈਲੀ ਦਾ ਆਯੋਜਨ "ਭਾਰਤ ਹੈਵੀ ਇਲੈਕਟ੍ਰੀਕਲ ਲਿਮਿਟਡ" ਨੇ ਕੀਤਾ ਸੀ। ਇਹ ਰੈਲੀ ਪੂਰੇ ਉੱਤਰ ਪ੍ਰਦੇਸ਼ ਦੀ ਪ੍ਰਕਰਮਾ ਕਰਕੇ 20-22 ਦਿਨਾਂ ਵਿੱਚ ਆਪਣੇ ਨਿਰਧਾਰਤ ਸਥਾਨ ਤੇ ਪਹੁੰਚਣੀ ਸੀ। ਇਹ ਉਹ ਖਤਰਨਾਕ ਸਮਾ ਸੀ, ਜਦੋਂ ਸਾਹਿਬ ਕਾਂਸ਼ੀ ਰਾਮ ਜੀ ਤੇ ਬਾਮਸੇਫ ਦੇ ਸੰਬੰਧ ਵਿੱਚ ਕਾਫੀ ਉਥਲ-ਪੁਥਲ ਚੱਲ ਰਹੀ ਸੀ। ਸਾਹਿਬ ਜੀ ਦੇ ਉਪਰੋਕਤ ਸ਼ਬਦ ਵੀ ਇਹਨਾਂ ਸੰਬੰਧਾ ਦੀ ਹੀ ਉਪਜ ਸਨ। ਕਾਂਸ਼ੀ ਰਾਮ ਜੀ ਨੇ ਆਪਣੇ ਮਨ ਦਾ ਵਲਵਲੇ ਕੱਢਦਿਆਂ ਆਖਿਆ ਕਿ ਉਹ ਇੱਛਾਵਾਂ ਨੂੰ ਪੂਰੀਆ ਕਰਨ ਲਈ ਵਿਅਕਤੀਗਤ ਤੌਰ ਤੇ ਕੰਮ ਕਰ ਰਹੇ ਹਨ। ਜਦੋਂ ਕਿ ਵਿਚਾਰਕ ਤੌਰ ਤੇ ਉਹਨਾਂ ਦਾ ਕੋਈ ਵੀ ਸੰਬੰਧ ਨਹੀਂ ਹੈ। ਇਹ ਲੋਕ ਵਿਅਕਤੀਗਤ ਤੌਰ ਤੇ ਪੈਸੇ ਦੀ ਖਾਤਰ ਤਾਂ ਮਜਬੂਤ ਹੋ ਸਕਦੇ ਹਨ ਪਰ ਸਿਧਾਂਤਕ ਤੌਰ ਤੇ ਜਾਂ ਵਿਚਾਰਧਾਰਕ ਪੱਖੋਂ ਆਉਣ ਵਾਲੀਆਂ ਪੀੜ੍ਹੀਆਂ ਤੱਕ ਸਾਫ ਪੰਨਿਆ ਦੀ ਤਰ੍ਹਾਂ ਕੋਰੇ ਤੇ ਅਨਪੜ੍ਹ ਹੀ ਕਹਾਉਣਗੇ। ਇਹ ਲੋਕ ਮਿਸ਼ਨ ਦਾ ਕੰਮ ਨਹੀਂ ਕਰਨਾ ਚਾਹੁੰਦੇ। ਕਿਉਂਕਿ ਮਿਸ਼ਨ ਦੇ ਕੰਮ ਵਿੱਚ ਅਨੇਕਾਂ ਖੱਜਲ ਖੁਆਰੀਆਂ ਵੀ ਹੁੰਦੀਆਂ ਹਨ। ਇਹ ਲੋਕ ਚਾਪਲੂਸੀ ਕਰਕੇ ਜਾਂ ਇੱਧਰ ਉੱਧਰ ਦੀਆਂ ਗੱਲਾਂ ਕਰਕੇ ਅੱਗੇ ਵੱਧਣਾ ਚਾਹੁੰਦੇ ਹਨ। ਇਹ ਲੋਕ ਕਿਉਂ ਨਹੀਂ ਸਮਝਦੇ ਕਿ ਕੋਈ ਕਿਸੇ ਨੂੰ ਅੱਗੇ ਨਹੀਂ ਵਧਾ ਸਕਦਾ। ਜਿਸ ਤਰ੍ਹਾਂ ਬਾਕੀ ਅੱਗੇ ਵੱਧ ਰਹੇ ਹਨ, ਉਸੇ ਤਰ੍ਹਾਂ ਇਹ ਲੋਕ ਵੀ ਅਗੇ ਵੱਧ ਜਾਣਗੇ। ਬਸ਼ਰਤੇ ਕਿ ਮਿਸ਼ਨ ਵਾਸਤੇ ਮਿਹਨਤ ਜਾਰੀ ਰੱਖਣ। ਕਈ ਤਾਂ ਮੇਰੇ ਦੋ ਕੁ ਕੇਡਰ ਸੁਣ ਕੇ ਆਪਣੇ ਆਪ ਨੂੰ ਕਾਂਸ਼ੀ ਰਾਮ ਸਮਝਣ ਲੱਗ ਪੈਂਦੇ ਹਨ।

ਸਾਹਿਬ ਕਾਂਸ਼ੀ ਰਾਮ ਨੇ ਬਾਬਾ ਸਾਹਿਬ ਦੇ ਅਧੂਰੇ ਕਾਰਵਾਂ ਨੂੰ ਪੂਰਾ ਕਰਨ ਲਈ ਦਿਨ ਰਾਤ ਇਕ ਕਰ ਦਿੱਤਾ। ਜਿਵੇਂ ਬਾਬਾ ਸਾਹਿਬ ਜੀ ਕਾਂਸ਼ੀ ਰਾਮ ਜੀ ਵਿੱਚ ਖੁਦ ਸਮਾ ਗਏ ਹੋਣ। ਨਾ ਦਿਨ ਵੇਖਿਆ, ਨਾ ਰਾਤ ਵੇਖੀ, ਨਾ ਗਰਮੀ ਵੇਖੀ, ਨਾ ਸਰਦੀ ਵੇਖੀ, ਨਾ ਧੁੱਪ ਵੇਖੀ, ਨਾ ਛਾਂ ਵੇਖੀ, ਨਾ ਪੈਰੀ ਟੁੱਟੀ ਚੱਪਲ ਵੇਖੀ, ਨਾ ਫਟਿਆ ਕੁੜਤਾ ਵੇਖਿਆ, ਨਾ ਭੁੱਖ-ਪਿਆਸ ਵੇਖੀ ਬੱਸ ਇਕੱਲੇ ਚੱਲਦੇ ਗਏ ਤੇ ਕਾਫਲੇ ਬਣਦੇ ਗਏ। ਮਿਸ਼ਨ ਦੇ ਕੰਡਿਆਲਿਆ ਰਸਤਿਆ ਤੇ ਚੱਲ ਕੇ ਸਮਾਜ ਨੂੰ ਜੋ ਨ ਦਾ ਕ੍ਰਿਸ਼ਮਾ ਕਰ ਵਿਖਾਇਆ। ਕਾਂਸ਼ੀ ਰਾਮ ਜੀ ਨੇ ਬਾਬਾ ਸਾਹਿਬ ਜੀ ਦਾ ਦਰਦ ਮਿਲ ਕਰਕੇ ਉਸ ਨੂੰ ਦੂਰ ਕਰਨ ਦੇ ਉਪਰਾਲੇ ਕਰਨੇ ਸ਼ੁਰੂ ਕਰ ਦਿੱਤੇ। ਕਾਂਸ਼ੀ ਰਾਮ ਜੀ ਨੇ ਪੜ੍ਹੇ ਲਿਖੇ ਲੋਕਾਂ ਨੂੰ ਜਾਗਰੂਕ ਕਰਕੇ ਨਾਲ ਜੋੜਨਾ ਸ਼ੁਰੂ ਕੀਤਾ ਤੇ ਰਸਤੇ ਵਿੱਚ ਆਉਂਦੀਆ ਅਨੇਕਾਂ ਔਕੜਾਂ ਦੇ ਬਾਵਜੂਦ ਵੀ ਰਾਹ ਨਾ ਛੱਡਿਆ ਨਾ ਬਦਲਿਆ। ਦੇਸ਼ ਦੇ ਪੜ੍ਹੇ ਲਿਖੇ ਵਰਗ ਨੂੰ ਇਕ ਪਲੇਟਫਾਰਮ ਤੇ ਇਕੱਠੇ ਰੱਖਣ ਲਈ ਬਾਮਸੇਫ ਨਾਮ ਦੀ ਸੰਸਥਾ ਬਣਾਈ ਤੇ 6 ਦਸੰਬਰ 1978 ਨੂੰ ਬਾਬਾ ਸਾਹਿਬ ਜੀ ਦੇ ਪਰੀਨਿਰਵਾਣ ਦਿਵਸ ਤੇ ਬਾਬਾ ਸਾਹਿਬ ਜੀ ਨੂੰ ਹੀ ਸਮਰਪਿਤ ਕਰ ਦਿੱਤੀ। ਕਾਂਸ਼ੀ ਰਾਮ ਜੀ ਨੇ ਬਾਮਸੇਫ ਦੇ ਸਹਿਯੋਗ ਨਾਲ ਪੂਰੇ ਦੇਸ਼ ਵਿੱਚ ਤਹਿਲਕਾ ਮਚਾ ਕੇ ਰੱਖ ਦਿੱਤਾ। ਇਹ ਸੰਗਠਨ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਨਹੀਂ ਸੀ ਕਰ ਸਕਦਾ। ਇਹ ਸੋਚ ਕੇ ਕਾਂਸ਼ੀ ਰਾਮ ਜੀ ਨੇ ਧੰ4 ਨਾਮ ਦੀ ਸੰਸਥਾ ਬਣਾ ਕੇ ਇਸ ਨੂੰ ਵੀ 6 ਦਸੰਬਰ 1981 ਨੂੰ ਬਾਬਾ ਸਾਹਿਬ ਜੀ ਨੂੰ ਸਮਰਪਿਤ ਕਰ ਦਿੱਤਾ। ਜਿਥੇ ਬਾਮਸੇਫ ਨੇ ਅੰਬੇਡਕਰ ਕ੍ਰਾਂਤੀ ਲਿਆਉਣ ਲਈ ਰੀੜ੍ਹ ਦੀ ਹੱਡੀ ਦਾ ਕੰਮ ਕੀਤਾ, ਉਥੇ ਧੰ4 ਦੇ ਨੋਜਵਾਨਾਂ ਨੇ ਧਰਨਿਆਂ, ਰੈਲੀਆਂ ਦੇ ਰੂਪ ਵਿੱਚ ਸਰਕਾਰ ਦੀ ਨੀਂਦ ਹਰਾਮ ਕਰਕੇ ਰੱਖ ਦਿੱਤੀ।

"ਅਗਰ ਮੇਰੇ ਕੀਤੇ ਸੰਘੰਰਸ਼ ਨੂੰ ਅੱਗੇ ਨਾ ਲਿਜਾ ਸਕੇ ਤਾਂ ਪਿੱਛੇ ਵੀ ਨਾ ਮੁੜਨ ਦਿਉ" ਇਸ ਦੂਸਰੀ ਬਾਬਾ ਸਾਹਿਬ ਜੀ ਦੀ ਨਿਰਾਸ਼ਾ ਨੂੰ ਵੀ ਸਮਝਦਿਆਂ ਸਾਹਿਬ ਕਾਂਸ਼ੀ ਰਾਮ ਜੀ ਨੇ ਲੋਕਾਂ ਵਲੋਂ ਮਿਲ ਰਹੇ ਹੁੰਗਾਰੇ ਨੂੰ ਵੇਖ ਕੇ ਰਾਜਨੀਤੀ ਵਿੱਚ ਚੰਗੀ ਤਰ੍ਹਾਂ ਨਾਲ ਉਤਰਨ ਦਾ ਫੈਂਸਲਾ ਕੀਤਾ ਅਤੇ 14 ਅਪ੍ਰੈਲ 1984 ਨੂੰ "ਬਹੁਜਨ ਸਮਾਜ ਪਾਰਟੀ" ਨਾਮ ਦੀ ਰਾਜਨੀਤਕ ਪਾਰਟੀ ਬਣਾ ਕੇ ਬਾਬਾ ਸਾਹਿਬ ਅੰਬੇਡਕਰ ਜੀ ਦੇ ਜਨਮ ਦਿਨ ਤੇ ਉਹਨਾਂ ਦੇ ਸਿਪਾਹੀਆਂ ਨੂੰ ਤੋਹਫ਼ਾ ਦਿੱਤਾ। ਇਸ ਰਾਜਨੀਤਕ ਸੰਗਠਨ ਦੀ ਬਦੌਲਤ ਹਰ ਇਕ ਜੁਬਾਨ ਕਾਂਸ਼ੀ ਰਾਮ ਦਾ ਨਾਮ ਜੱਪਣ ਲੱਗੀ, ਹੱਟੀਆਂ, ਭੱਠੀਆਂ ਮਤਲਵ ਕੀ ਹਰ ਇਕ ਸੱਥ ਵਿੱਚ ਕਾਂਸ਼ੀ ਰਾਮ ਜੀ ਦੇ ਮਚਾਏ ਤਹਿਲਕੇ ਦੇ ਚਰਚੇ ਹੋਣ ਲੱਗ ਪਏ। ਇਕ ਵੋਟ ਅਤੇ ਇਕ ਨੋਟ ਦੇ ਸਿਧਾਂਤ ਨਾਲ ਕਾਂਸ਼ੀ ਰਾਮ ਜੀ ਨੇ ਰਾਜਨੀਤਕ ਸਫਲਤਾ ਦਾ ਆਨੰਦ ਵੀ ਮਾਣਿਆ ਤੇ ਉੱਤਰ ਪ੍ਰਦੇਸ਼ ਵਿੱਚ ਜਲਵਾ ਵੀ ਵਿਖਾਇਆ। ਉਸੇ ਉੱਤਰ ਪ੍ਰਦੇਸ਼ ਵਿੱਚ ਕਦੀ ਕਾਂਗਰਸ ਰਾਜ ਕਰਿਆ ਕਰਦੀ ਸੀ ਪਰ ਕਾਂਸ਼ੀ ਰਾਮ ਜੀ ਦੀ ਬਦੌਲਤ ਹੁਣ ਹਟਕੋਰਿਆ ਤੋਂ ਬਿਨ੍ਹਾਂ ਕੁਝ ਪੱਲੇ ਨਹੀਂ ਪੈ ਰਿਹਾ। ਪਰ ਇਸ ਤੋਂ ਉਲਟ ਉਹਨਾਂ ਦੇ ਆਪਣੇ ਪੁੱਤਰੀ ਰਾਜ ਵਿੱਚ ਲੀਡਰਾਂ ਨੇ ਨਾ ਉਹਨਾ ਦੇ ਜਿਉਂਦੇ ਸਮੇਂ ਮੰਨੀ ਨਾਂ ਹੁਣ ਮੰਨਣ ਲਈ ਤਿਆਰ ਹਨ। ਕੁਝ ਲੋਕਾ ਨੂੰ ਇਕੱਠੇ ਕਰਕੇ ਛੋਟੀਆ ਛੋਟੀਆ ਢੇਰੀਆਂ ਬਣਾ ਕੇ ਉਹਨਾਂ ਦਾ ਮੁੱਲ ਵੱਟਣਾ ਹੀ ਪੰਜਾਬਾਂ ਦੀ ਕਿਸਮਤ ਵਿੱਚ ਰਹਿ ਗਿਆ ਲੱਗਦਾ ਹੈ। ਪੰਜਾਬ ਦੀ ਨਕਾਰਾ ਲੀਡਰਸ਼ਿਪ ਬਹੁਜਨ ਸਮਾਜ ਦੇ ਭਲੇ ਲਈ ਕਦੋਂ ਤੁਰੇਗੀ ਇਹ ਸਮਝ ਤੋਂ ਪਰ੍ਹੇ ਦੀ ਗੱਲ ਹੈ।



# ਸਿੱਕਮ ਵਿਚਲੇ ਹੜ੍ਹਾਂ ਦੀ ਤਬਾਹੀ ਤੋਂ ਸਬਕ



ਡਾ. ਗੁਰਿੰਦਰ ਕੌਰ
ਸਾਬਕਾ ਪ੍ਰੋਫੈਸਰ, ਜਿਓਗਰਾਫ਼ੀ ਵਿਭਾਗ, ਪੰਜਾਬੀ ਯੂਨੀ: ਪਟਿਆਲਾ।
001-408-493-9776

4 ਅਕਤੂਬਰ ਨੂੰ ਉੱਤਰੀ ਸਿੱਕਮ ਵਿੱਚ ਲਹੋਨੈੱਕ ਝੀਲ ਉੱਪਰ ਬਦਲ ਫਟਣ ਤੋਂ ਬਾਅਦ ਤੀਸਤਾ ਨਦੀ ਵਿੱਚ ਅਚਾਨਕ ਭਿਆਨਕ ਹੜ੍ਹ ਆਉਣ ਕਾਰਨ 7 ਅਕਤੂਬਰ ਤੱਕ 18 ਵਿਅਕਤੀਆਂ ਦੀ ਮੌਤ ਹੋ ਚੁੱਕੀ ਹੈ ਅਤੇ ਫੌਜ ਦੇ 22 ਜਵਾਨਾਂ ਸਮੇਤ 98 ਵਿਅਕਤੀ ਹਾਲੇ ਵੀ ਲਾਪਤਾ ਹਨ। ਤੀਸਤਾ ਨਦੀ ਵਿੱਚ ਹੜ੍ਹ ਆਉਣ ਨਾਲ ਨਦੀ ਦੇ ਕਿਨਾਰੇ ਵੱਸੇ ਪਿੰਡਾਂ ਅਤੇ ਸ਼ਹਿਰਾਂ ਦਾ ਬਹੁਤ ਨੁਕਸਾਨ ਹੋਇਆ ਹੈ। ਸੈਂਕੜੇ ਘਰ, ਕਈ ਸੜਕਾਂ ਅਤੇ ਪੁਲ ਰੁੜ੍ਹ ਗਏ ਹਨ। ਤੀਸਤਾ ਨਦੀ ਉੱਤੇ ਬਣੇ ਦੋ ਡੈਮਾਂ (ਨੰਬਰ 3 ਅਤੇ 5) ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਲਹੋਨੈੱਕ ਝੀਲ, ਗਲੇਸ਼ੀਅਰ ਦੇ ਪਿਘਲਣ ਨਾਲ ਬਣੀ ਹੋਈ ਹੈ। ਤੀਸਤਾ ਨਦੀ ਵਿੱਚ ਭਾਰੀ ਹੜ੍ਹ ਮੁੱਖ ਤੌਰ ਉੱਤੇ ਕਰਮਵਾਰ ਵਾਪਰੀਆਂ ਤਿੰਨ ਘਟਨਾਵਾਂ ਕਾਰਨ ਆਇਆ ਹੈ। ਪਹਿਲਾ, ਬੱਦਲ ਫਟਣ ਕਾਰਨ ਭਾਰੀ ਮੀਂਹ ਦਾ ਪੈਣਾ, ਦੂਜਾ, ਲਹੋਨੈੱਕ ਗਲੇਸ਼ੀਅਲ ਝੀਲ ਵਿੱਚ ਪਾਣੀ ਦੀ ਮਾਤਰਾ ਇੱਕਦਮ ਵਧ ਗਈ ਅਤੇ ਪਾਣੀ ਦੀ ਵਧੀ ਹੋਈ ਮਾਤਰਾ ਝੀਲ ਦੇ ਕੰਮਜ਼ੋਰ ਕਿਨਾਰਿਆਂ ਦਾ ਜੋ ਗਲੇਸ਼ੀਅਰ ਦੁਆਰਾ ਲਿਆਂਦੇ ਗਏ ਉੱਘੜ-ਦੁਗੜੇ ਪੱਥਰਾਂ ਦੇ ਬਣੇ ਹੋਏ ਸਨ ਸੰਭਾਲਣ ਤੋਂ ਅਸਮਰੱਥ ਹੋਣ ਕਾਰਨ ਟੁੱਟ ਜਾਣਾ ਅਤੇ ਤੀਜਾ, ਝੀਲ ਤੋਂ ਨਿਕਲੇ ਤੇਜ਼ ਵਹਾਅ ਵਾਲੇ ਪਾਣੀ ਦਾ ਨੇ ਚੁੰਗਥਾਂਗ ਡੈਮ ਦੇ ਕੁਝ ਹਿੱਸੇ ਨੂੰ ਤੋੜ ਦੇਣਾ।

ਤੀਸਤਾ ਨਦੀ ਦੇ ਕਿਨਾਰੇ ਵੱਸੇ ਕੁਝ ਸ਼ਹਿਰਾਂ ਅਤੇ ਪਿੰਡਾਂ ਦੇ ਮਕਾਨਾਂ ਦੀਆਂ ਪਹਿਲੀਆਂ ਮੰਜ਼ਲਾਂ ਪਾਣੀ ਵਿੱਚ ਡੁੱਬ ਗਈਆਂ ਅਤੇ ਕੁਝ ਥਾਵਾਂ ਉੱਤੇ ਘਰ ਮਿੱਟੀ ਅਤੇ ਗਾਰ ਹੇਠ ਦਬ ਗਏ। ਫੌਜੀਆਂ ਦਾ ਇਕ ਕੈਂਪ ਵੀ ਨਦੀ ਦੇ ਕਿਨਾਰੇ ਉੱਤੇ ਲਗਿਆਂ ਹੋਇਆਂ ਸੀ ਜਿਸ ਕਾਰਨ ਉਹ ਵੀ ਨਦੀ ਦੇ ਤੇਜ਼ ਵਹਾਅ ਵਿੱਚ ਰੁੜ੍ਹ ਗਏ। ਕੁਝ ਜਵਾਨਾਂ ਦੀਆਂ ਮ੍ਰਿਤਕ ਦੇਹਾਂ ਨਦੀ ਦੇ ਵਹਾਅ ਦੇ ਥੱਲੇ ਵਾਲੇ ਖੇਤਰਾਂ ਤੋਂ ਮਿਲੀਆਂ ਹਨ। ਸਿੱਕਮ ਇੱਕ ਛੋਟਾ ਜਿਹਾ ਪਹਾੜੀ ਰਾਜ ਹੈ। ਇਹ ਵੀ ਹਿਮਾਲਿਆ ਪਹਾੜ ਵਿਚਲੇ ਖੇਤਰ ਵਿੱਚ ਵੱਸਿਆ ਹੋਇਆ ਹੈ। ਸਿੱਕਮ ਉਨ੍ਹਾਂ 13 ਹਿਮਾਲੀਅਨ ਰਾਜਾਂ ਵਿੱਚ ਹੀ ਸ਼ਾਮਲ ਹੈ ਜਿਨ੍ਹਾਂ ਦੀ ਸਮਰੱਥਾ ਅਨੁਸਾਰ ਹੀ ਉੱਥੇ ਬੁਨਿਆਦੀ ਢਾਂਚੇ ਅਤੇ ਆਰਥਿਕ ਵਿਕਾਸ ਯੋਜਨਾਵਾਂ ਚਾਲੂ ਕਰਨ ਲਈ ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਨੂੰ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਵਿੱਚ ਜੁਲਾਈ ਅਤੇ ਅਗਸਤ ਵਿੱਚ ਹੋਈ ਤਬਾਹੀ ਤੋਂ ਬਾਅਦ ਇੱਕ ਕਮੇਟੀ ਦਾ ਗਠਨ ਕਰਨ ਦੀ ਸਿਫ਼ਾਰਸ਼ ਕੀਤੀ ਸੀ।

ਭਾਵੇਂ ਸਿੱਕਮ ਵਿੱਚ ਹੜ੍ਹ ਨਾਲ ਹੋਈ ਤਬਾਹੀ ਤੋਂ ਉਭਰਨ ਲਈ ਨੁਕਸਾਨੇ ਗਏ ਬੁਨਿਆਦੀ ਢਾਂਚੇ ਦੀ ਮੁਰੰਮਤ ਜਾਂ ਮੁੜ-ਨਿਰਮਾਣ ਦੀਆਂ ਕਾਰਵਾਈਆਂ ਤਾਂ ਸ਼ੁਰੂ ਹੋ ਗਈਆਂ ਹਨ, ਪਰ ਇੱਥੇ ਹੋਈ ਤਬਾਹੀ ਤੋਂ ਕੀ ਇਸ ਰਾਜ ਨੂੰ ਬਚਾਇਆ ਜਾ ਸਕਦਾ ਸੀ ਜਿਸ ਬਾਰੇ ਵਿਚਾਰ ਕਰਨੀ ਬਣਦੀ ਹੈ। ਤੀਸਤਾ ਨਦੀ ਉੱਤੇ ਬਣਿਆ ਪਣ-ਬਿਜਲੀ ਪ੍ਰੋਜੈਕਟ ਜਿਹੜਾ 4 ਅਕਤੂਬਰ 2023 ਨੂੰ ਨੁਕਸਾਨਿਆਂ ਗਿਆ ਹੈ, ਉਸ ਦੇ 2017 ਵਿੱਚ ਚਾਲੂ ਕਰਨ ਤੋਂ ਪਹਿਲਾਂ ਵੀ ਕਈ ਤਰ੍ਹਾਂ ਦੇ ਸ਼ੰਕੇ ਸਨ। 2005 ਵਿੱਚ ਵਾਤਾਵਰਨ ਮੰਤਰਾਲੇ ਦੀ ਇੱਕ ਕਮੇਟੀ ਦੀ ਰਿਪੋਰਟ ਅਨੁਸਾਰ ਪਣ-ਬਿਜਲੀ ਪ੍ਰੋਜੈਕਟ ਦੇ ਥੱਲੇ ਵਾਲੀ ਜ਼ਮੀਨ ਠੋਸ ਪਹਾੜ ਨਹੀਂ ਹੈ, ਇਹ ਖੇਤਰ ਗਲੇਸ਼ੀਅਰਾਂ ਰਾਹੀਂ ਲਿਆਂਦੇ ਹੋਏ ਮਲਬੇ ਵਾਲਾ ਹੈ ਜੋ ਪਣਬਿਜਲੀ ਪ੍ਰੋਜੈਕਟ ਲਈ ਘਾਤਕ ਸਿਧ ਹੋ ਸਕਦਾ ਹੈ। 2006 ਵਿੱਚ ਜਿਸ ਕਮੇਟੀ ਵਿੱਚ ਇਸ ਪ੍ਰੋਜੈਕਟ ਨੂੰ ਬਣਾਉਣ ਦੀ ਮਨਜ਼ੂਰੀ ਦਿੱਤੀ ਗਈ ਉਸ ਨੇ ਵੀ ਚੇਤਾਵਨੀ ਦਿੱਤੀ ਸੀ ਕਿ ਇਹ ਪ੍ਰੋਜੈਕਟ ਗਲੇਸ਼ੀਅਲ ਝੀਲਾਂ ਦੇ ਖੇਤਰ ਵਿੱਚ ਪੈਂਦਾ ਹੈ ਜੋ ਇਨ੍ਹਾਂ ਝੀਲਾਂ ਦੇ ਫਟਣ ਦੇ ਖ਼ਤਰਿਆਂ ਕਾਰਨ ਬਹੁਤ ਸੰਵੇਦਨਸ਼ੀਲ ਹੈ। ਸਿੱਕਮ ਸਟੇਟ ਡਿਜ਼ਾਸਟਰ ਮੈਨੇਜਮੈਂਟ ਅਥਾਰਟੀ ਦੀ 2020 ਦੀ ਇੱਕ ਰਿਪੋਰਟ ਵਿੱਚ ਵੀ ਲਹੋਨੈੱਕ ਝੀਲ ਦੇ ਫਟਣ ਦੇ ਸ਼ੰਕੇ ਜ਼ਾਹਿਰ ਕੀਤੇ ਗਏ ਸਨ। ਇਸ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਸਿੱਕਮ ਹਿਮਾਲਿਅਨ ਖੇਤਰ ਵਿੱਚ 300 ਗਲੇਸ਼ੀਅਲ ਝੀਲਾਂ ਹਨ ਅਤੇ ਇਨ੍ਹਾਂ ਵਿੱਚੋਂ ਦਸ ਝੀਲਾਂ ਕਦੇ ਵੀ ਫਟ ਸਕਦੀਆਂ ਹਨ, ਲਹੋਨੈੱਕ ਝੀਲ ਉਨ੍ਹਾਂ ਵਿੱਚੋਂ ਇੱਕ ਹੈ। ਲਹੋਨੈੱਕ ਝੀਲ ਪਿਛਲੇ ਕਈ ਸਾਲਾਂ ਤੋਂ ਸਰਕਾਰੀ ਨਿਗਰਾਨੀ ਥੱਲੇ ਸੀ। ਇਸ ਤੋਂ ਇਲਾਵਾ ਸਿੱਕਮ ਦੇ ਜੰਗਲਾਤ ਅਤੇ ਵਾਤਾਵਰਨ ਵਿਭਾਗ ਦੀ ਇੱਕ ਰਿਪੋਰਟ ਅਨੁਸਾਰ ਲਹੋਨੈੱਕ ਝੀਲ ਦੇ ਖੇਤਰ ਵਿੱਚ ਪਿਛਲੇ ਪੰਜ ਦਹਾਕਿਆਂ ਵਿੱਚ ਕਾਫ਼ੀ ਵਾਧਾ ਹੋਇਆ ਹੈ। ਝੀਲ ਦੇ ਦੱਖਣੀ ਭਾਗ ਦੇ ਆਕਾਰ ਵਿੱਚ 1989 ਨਾਲੋਂ 2.5 ਗੁਣਾ ਵਾਧਾ ਆਂਕਿਆ ਗਿਆ ਹੈ। ਈਸਰੋ ਦੀ 2013 ਦੀ ਇੱਕ ਰਿਪੋਰਟ ਅਨੁਸਾਰ ਲਹੋਨੈੱਕ ਝੀਲ ਦੇ ਫਟਣ ਦੀ 42 ਫ਼ੀਸਦ ਸੰਭਾਵਨਾ ਦੱਸੀ ਗਈ ਸੀ ਅਤੇ ਰਿਪੋਰਟ ਅਨੁਸਾਰ ਝੀਲ ਦੇ ਫਟਣ ਨਾਲ 19 ਮਿਲੀਅਨ ਕਿਊਬਿਕ ਮੀਟਰ ਪਾਣੀ ਥੱਲੇ ਵੱਲ ਵਹਿਣ ਦੀ ਸੰਭਾਵਨਾ ਹੈ ਕਿਉਂਕਿ ਇਸ ਝੀਲ ਉੱਪਰਲਾ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਿਹਾ ਹੈ। 1962 ਤੋਂ 2008 ਤਕ ਦੇ ਅਰਸੇ ਦੌਰਾਨ ਗਲੇਸ਼ੀਅਰ 1.9 ਤੋਂ 2.0 ਮੀਟਰ ਤੱਕ ਛੋਟਾ ਹੋ ਗਿਆ ਹੈ ਅਤੇ ਅਗਲੇ 11 ਸਾਲਾਂ ਵਿੱਚ ਇਹ 11 ਮੀਟਰ ਹੋਰ ਘੱਟ ਜਾਵੇਗਾ।



ਜੇਕਰ ਸਿੱਕਮ ਸਰਕਾਰ ਸਮੇਂ ਸਿਰ ਉਪਰਾਲੇ ਕਰਦੀ ਤਾਂ ਸ਼ਾਇਦ ਇੰਨਾ ਵੱਡਾ ਦੁਖਾਂਤ ਨਾ ਵਾਪਰਦਾ। ਗਲੇਸ਼ੀਅਰਾਂ ਦੁਆਰਾ ਲਿਆਂਦੇ ਗਏ ਪੱਥਰ, ਬਜਰੀ ਅਤੇ ਰੇਤ ਇੱਕ ਸਮਤਲ ਅਤੇ ਠੋਸ ਧਰਾਤਲ ਨਹੀਂ ਬਣਾਉਂਦੇ ਹਨ ਕਿਉਂਕਿ ਸਭ ਦਾ ਆਕਾਰ ਵੱਖੋ-ਵੱਖਰਾ ਹੁੰਦਾ ਹੈ। ਭੂ-ਵਿਗਿਆਨੀਆਂ ਅਤੇ ਵਾਤਾਵਰਨ ਮਾਹਿਰਾਂ ਦੇ ਬਾਰ-ਬਾਰ ਸਰਕਾਰ ਨੂੰ ਸੁਚੇਤ ਕਰਨ ਦੇ ਬਾਵਜੂਦ ਰਾਜ ਸਰਕਾਰ ਨੇ ਇਸ ਵੱਲ ਧਿਆਨ ਨਹੀਂ ਦਿੱਤਾ। ਤੀਸਤਾ ਨਦੀ ਉੱਤੇ ਲੱਗਿਆ ਡੈਮ ਅਤੇ ਜੋਸ਼ੀਮੱਠ ਸ਼ਹਿਰ ਦੋਵੇਂ ਗਲੇਸ਼ੀਅਰਾਂ ਦੁਆਰਾ ਲਿਆਂਦੇ ਮਲਬੇ ਉੱਤੇ ਬਣੇ ਹੋਏ ਹਨ ਜਿਸ ਕਾਰਨ ਸਿੱਕਮ ਅਤੇ ਜੋਸ਼ੀ ਮੱਠ ਦੇ ਲੋਕਾਂ ਦੀ ਜਾਨ ਅਤੇ ਮਾਲ ਖ਼ਤਰੇ ਵਿੱਚ ਹਨ।

ਸਿੱਕਮ ਵਿੱਚ ਝੀਲ ਫਟਣ ਅਤੇ ਤੀਸਤਾ ਨਦੀ ਵਿੱਚ ਹੜ੍ਹ ਆਉਣ ਤੋਂ ਬਹੁਤਾ ਨੁਕਸਾਨ ਤੀਸਤਾ ਨਦੀ ਦੇ ਆਲੇ-ਦੁਆਲੇ ਵੱਸੇ ਖੇਤਰਾਂ ਵਿੱਚ ਹੋਇਆ ਹੈ। ਨੇਚਰ ਜਨਰਲ ਵਿੱਚ ਛਪੇ ਇੱਕ ਅਧਿਐਨ ਅਨੁਸਾਰ 1985 ਤੋਂ 2015 ਤੱਕ ਨਦੀਆਂ ਦੇ ਵਹਾਅ ਖੇਤਰਾਂ ਵਿੱਚ ਵੱਸੇ ਲੋਕਾਂ ਦਾ ਹੜ੍ਹ ਆਉਣ ਕਾਰਨ ਵਧੇਰੇ ਨੁਕਸਾਨ ਹੋ ਰਿਹਾ ਹੈ। ਸਿੱਕਮ ਦੀ ਤਾਂ 31 ਫ਼ੀਸਦ ਆਬਾਦੀ ਨਦੀਆਂ ਦੇ ਵਹਾਅ ਖੇਤਰਾਂ ਵਿੱਚ ਵੱਸੀ ਹੈ। ਫੌਜੀਆਂ ਦਾ ਇੱਕ ਕੈਂਪ ਵੀ ਨਦੀ ਦੇ ਵਹਾਅ ਖੇਤਰ ਵਿੱਚ ਹੀ ਲੱਗਿਆ ਹੋਇਆ ਸੀ।

ਧਰਤੀ ਦਾ ਔਸਤ ਤਾਪਮਾਨ ਤੇਜ਼ੀ ਨਾਲ ਵਧ ਰਿਹਾ ਹੈ। 2023 ਵਿੱਚ ਜਨਵਰੀ ਤੋਂ ਲੈਕੇ ਸਤੰਬਰ ਤੱਕ ਦੇ ਸਾਰੇ ਮਹੀਨਿਆਂ ਦਾ ਤਾਪਮਾਨ ਔਸਤ ਨਾਲੋਂ ਜ਼ਿਆਦਾ ਰਿਹਾ ਹੈ। ਤਾਪਮਾਨ ਵਿੱਚ ਤੇਜ਼ੀ ਨਾਲ ਹੋ ਰਹੇ ਵਾਧੇ ਕਾਰਨ ਗਲੇਸ਼ੀਅਰ ਹੋਰ ਤੇਜ਼ੀ ਨਾਲ ਪਿਘਲਣਗੇ ਅਤੇ ਗਲੇਸ਼ੀਅਲ ਝੀਲਾਂ ਦੀ ਗਿਣਤੀ ਵਧਣ ਦੇ ਨਾਲ ਨਾਲ ਉਨ੍ਹਾਂ ਵਿੱਚ ਜ਼ਿਆਦਾ ਪਾਣੀ ਵੀ ਭਰੇਗਾ ਜਿਸ ਕਾਰਨ ਆਉਣ ਵਾਲੇ ਸਮੇਂ ਵਿੱਚ ਝੀਲਾਂ ਦੇ ਫਟਣ ਅਤੇ ਹੜ੍ਹ ਆਉਣ ਦੀ ਸੰਭਾਵਨਾ ਵਿੱਚ ਹੋਰ ਵਾਧਾ ਹੋ ਸਕਦਾ ਹੈ। ਉੱਤਰਾਖੰਡ ਵਿੱਚ 2013 ਵਿੱਚ ਹੜ੍ਹ ਚੋਰਾਬਾੜੀ ਗਲੇਸ਼ੀਅਰ ਪਿਘਲਣ ਅਤੇ ਝੀਲ ਟੁੱਟਣ ਕਾਰਨ ਆਇਆ ਸੀ। ਫ਼ਰਵਰੀ 2021 ਵਿੱਚ ਉੱਤਰ-ਖੰਡ ਦੇ ਚਮੋਲੀ ਵਿੱਚ ਆਇਆ ਹੜ੍ਹ ਵੀ ਗਲੇਸ਼ੀਅਰ ਪਿਘਲਣ ਕਾਰਨ ਹੀ ਆਇਆ ਸੀ। ਧਰਤੀ ਦੇ ਔਸਤ ਤਾਪਮਾਨ ਵਿੱਚ 1.5 ਡਿਗਰੀ ਵਾਧੇ ਕਾਰਨ ਵੀ ਇਸ ਸਦੀ ਦੇ ਅੰਤ ਤੱਕ ਧਰਤੀ ਦੇ ਅੱਧੇ ਗਲੇਸ਼ੀਅਰਾਂ ਦੇ ਪਿਘਲਣ ਦਾ ਅਨੁਮਾਨ ਹੈ। ਗਲੇਸ਼ੀਅਰਾਂ ਦੇ ਪਿਘਲਣ ਕਾਰਨ ਏਸ਼ੀਆ ਦੇ ਭਾਰਤ, ਪਾਕਿਸਤਾਨ, ਚੀਨ, ਅਤੇ ਨੇਪਾਲ ਸਮੇਤ 12 ਦੇਸਾਂ ਦੇ ਪਹਾੜੀ ਖੇਤਰਾਂ ਨੂੰ ਵੱਧ ਖ਼ਤਰਾ ਹੈ।

ਸਿੱਕਮ ਹਿਮਾਲੀਅਨ ਪਹਾੜੀ ਖੇਤਰ ਵਿੱਚ ਪੈਂਦਾ ਹੈ ਜਿਸ ਕਰ ਕੇ ਇੱਥੇ ਪਹਾੜ ਖਿਸਕਣ ਦੀਆਂ ਘਟਨਾਵਾਂ ਅਕਸਰ ਵਾਪਰਦੀਆਂ ਰਹਿੰਦੀਆਂ ਹਨ। ਜ਼ੀਓਲੋਜੀਕਲ ਸਰਵੇ ਆਫ਼ ਇੰਡੀਆ ਦੀ ਇੱਕ ਰਿਪੋਰਟ ਅਨੁਸਾਰ ਸਿੱਕਮ ਵਿੱਚ 3,377 ਪਹਾੜ ਖਿਸਕਣ ਵਾਲੇ ਖੇਤਰ ਵਿੱਚ ਹਨ ਜਿੱਥੇ ਕਿਸੇ ਵੀ ਤਰ੍ਹਾਂ ਦਾ ਨਿਰਮਾਣ ਨਹੀਂ ਕਰਨਾ ਚਾਹੀਦਾ ਹੈ।

2023 ਵਿੱਚ ਭਾਰਤ ਸਮੇਤ ਦੁਨੀਆ ਦੇ ਵੱਖ ਵੱਖ ਦੇਸਾਂ ਵਿੱਚ ਭਾਰੀ ਮੀਂਹ ਪੈਣ ਤੋਂ ਬਾਅਦ ਡੈਮ ਟੁੱਟਣ ਅਤੇ ਡੈਮਾਂ ਦੀ ਸਮਰੱਥਾ ਤੋਂ ਵਾਧੂ ਛੱਡਣ ਨਾਲ ਨਦੀਆਂ ਦੇ ਵਹਾਅ ਖੇਤਰਾਂ ਵਿੱਚ ਵੱਸੇ ਰਾਜਾਂ, ਸ਼ਹਿਰਾਂ ਵਿੱਚ ਹੜ੍ਹਾਂ ਨੇ ਭਾਰੀ ਤਬਾਹੀ ਕੀਤੀ ਹੈ। ਭਾਰਤ ਵਿੱਚ ਪਹਾੜੀ ਖੇਤਰਾਂ ਵਿੱਚ ਪਏ ਭਾਰੀ ਮੀਂਹ ਨਾਲ ਪੰਜਾਬ, ਹਰਿਆਣਾ, ਉੱਤਰ ਪ੍ਰਦੇਸ਼, ਬਿਹਾਰ, ਪੱਛਮੀ ਬੰਗਾਲ ਆਦਿ ਰਾਜ ਜੁਲਾਈ-ਅਗਸਤ ਦੇ ਮਹੀਨਿਆਂ ਵਿੱਚ ਹੜ੍ਹਾਂ ਦੇ ਲਪੇਟ ਵਿੱਚ ਆਏ ਰਹੇ। ਲੀਬੀਆ ਦੇ ਡਰੇਨਾ ਸ਼ਹਿਰ ਨੂੰ ਤਾਂ ਦੋ ਡੈਮਾਂ ਦੇ ਟੁੱਟਣ ਕਾਰਨ ਜਾਨ ਅਤੇ ਮਾਲ ਦੀ ਬਹੁਤ ਜ਼ਿਆਦਾ ਭਾਰੀ ਕੀਮਤ ਚੁਕਾਉਣੀ ਪਈ ਹੈ। ਕੇਂਦਰੀ ਬਿਜਲੀ ਅਥਾਰਟੀ ਨੇ 2004 ਵਿੱਚ ਬਿਜਲੀ ਦੇ ਉਤਪਾਦਨ ਲਈ 162 ਪ੍ਰੋਜੈਕਟ ਲਗਾਉਣ ਦੀ ਯੋਜਨਾ ਬਣਾਈ ਸੀ ਜਿਨ੍ਹਾਂ ਵਿੱਚੋਂ 10 ਸਿੱਕਮ ਵਿੱਚ ਬਣਾਏ ਜਾਣੇ ਸਨ, ਸਮਾਂ ਬੀਤਣ ਨਾਲ ਇਨ੍ਹਾਂ ਪ੍ਰੋਜੈਕਟਾਂ ਦੀ ਗਿਣਤੀ ਵਧ ਗਈ ਹੈ। ਹੁਣ ਨੈਸ਼ਨਲ ਹਾਈਡਰੋ ਪਾਵਰ ਡਿਵੈੱਲਪਮੈਂਟ ਕਾਰਪੋਰੇਸ਼ਨ ਦੇ ਅਨੁਸਾਰ ਤੀਸਤਾ ਨਦੀ ਉੱਤੇ ਸਿੱਕਮ ਅਤੇ ਪੱਛਮੀ ਬੰਗਾਲ ਵਿੱਚ ਕਈ ਪਣ-ਬਿਜਲੀ ਪ੍ਰੋਜੈਕਟ ਵੱਖ ਵੱਖ ਪੜਾਵਾਂ ਵਿੱਚ ਹਨ। ਇਨ੍ਹਾਂ ਵਿੱਚੋਂ 9 ਨੂੰ ਚਾਲੂ ਕਰ ਦਿੱਤਾ ਗਿਆ ਹੈ, 15 ਉੱਤੇ ਕੰਮ ਚੱਲ ਰਿਹਾ ਹੈ ਅਤੇ 28 ਉੱਤੇ ਕੰਮ ਪ੍ਰਗਤੀ ਵਿੱਚ ਹੈ। ਵਰਲਡ ਵਾਟਰ ਕੌਂਸਲ ਜਨਰਲ ਵਿੱਚ ਪ੍ਰਕਾਸ਼ਿਤ ਇਕ ਖੋਜ ਅਧਿਐਨ ਅਨੁਸਾਰ ਸਿੱਕਮ ਰਾਜ ਦੇ ਅੱਧੇ ਤੋਂ ਵੱਧ ਪਣ-ਬਿਜਲੀ ਪ੍ਰੋਜੈਕਟ ਉੱਤਰ ਸਿੱਕਮ ਵਿੱਚ ਹਨ ਜੋ ਕਿ ਹੁਣ ਹੜ੍ਹਾਂ ਨਾਲ ਸਭ ਤੋਂ ਵਧ ਪ੍ਰਭਾਵਿਤ ਖੇਤਰ ਹੈ।

ਬਹੁਤ ਵੱਡੇ ਡੈਮ ਜਿਨ੍ਹਾਂ ਵਿੱਚ ਪਾਣੀ ਨੂੰ ਸੰਭਾਲਣ ਦੀ ਜ਼ਿਆਦਾ ਸਮਰੱਥਾ ਹੁੰਦੀ ਹੈ ਉਹ ਪਣ-ਬਿਜਲੀ ਤਾਂ ਜ਼ਿਆਦਾ ਪੈਦਾ ਕਰਦੇ ਹਨ, ਪਰ ਭਾਰੀ ਮੀਂਹ ਪੈਣ ਤੋਂ ਬਾਅਦ ਜਦੋਂ ਡੈਮ ਵਿੱਚ ਪਾਣੀ ਉਸ ਦੀ ਸਮਰੱਥਾ ਤੋਂ ਵਧ ਜਾਂਦਾ ਹੈ ਤਾਂ ਡੈਮਾਂ ਦੇ ਫੱਲਡ ਗੇਟ ਖੋਲ੍ਹਣ ਕਾਰਨ ਉਹ ਮੈਦਾਨੀ ਇਲਾਕਿਆਂ ਵਿੱਚ ਭਾਰੀ ਤਬਾਹੀ ਮਚਾਉਂਦੇ ਹਨ। ਡੈਮਾਂ ਦੀ ਵੇਲੇ ਸਿਰ ਮੁਰੰਮਤ ਕਰਵਾਉਣ ਦਾ ਵੀ ਸਰਕਾਰਾਂ ਨੂੰ ਉਚੇਚੇ ਤੌਰ ਉੱਤੇ ਖ਼ਿਆਲ ਰੱਖਣਾ ਚਾਹੀਦਾ ਹੈ। ਲੀਬੀਆ ਵਿੱਚ ਡੈਮਾਂ ਦੀ ਸਮੇਂ ਸਿਰ ਸਾਂਭ-ਸੰਭਾਲ ਨਾ ਹੋਣ ਕਾਰਨ ਹਜ਼ਾਰਾਂ ਵਿਅਕਤੀ ਮਾਰੇ ਅਤੇ ਘਰੋਂ-ਬੇਘਰ ਹੋ ਗਏ ਹਨ। ਤੀਸਤਾ ਨਦੀ ਉੱਤੇ ਬਣੇ ਡੈਮ ਨੰਬਰ 3 ਦੇ ਕੁਝ ਹਿੱਸੇ ਦੇ ਟੁੱਟਣ ਕਾਰਨ ਹੀ ਸਿੱਕਮ ਦੇ ਕਈ ਜ਼ਿਲ੍ਹਿਆਂ ਵਿੱਚ ਭਿਆਨਕ ਤਬਾਹੀ ਹੋਈ ਹੈ। ਡੈਮ ਕਦੇ ਵੀ ਅਸਥਿਰ ਧਰਾਤਲ ਵਾਲੀ ਜ਼ਮੀਨ ਉੱਤੇ ਨਹੀਂ ਬਣਨੇ ਚਾਹੀਦੇ। ਡੈਮ ਬਣਾਉਣ ਵੇਲੇ ਬਹੁਤ ਸਾਰੇ ਕਾਰਕਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਸਭ ਤੋਂ ਪਹਿਲਾਂ ਜਿਸ ਖੇਤਰ ਵਿੱਚ ਡੈਮ ਬਣਾਉਣਾ ਹੈ ਉੱਥੋਂ ਦੇ ਧਰਾਤਲ ਅਤੇ ਪਹਾੜਾਂ ਵਿਚਲੀ ਜ਼ੀਓਲੋਜੀਕਲ ਬਣਤਰ ਬਾਰੇ ਭੂ-ਵਿਗਿਆਨੀਆਂ ਤੋਂ ਰਾਇ ਲੈਣੀ ਬਣਦੀ ਹੈ। ਉਸ ਖੇਤਰ ਦੀ ਪਾਣੀ ਦੇ ਭਾਰ ਚੁੱਕਣ ਦੀ ਸਮਰੱਥਾ ਦਾ ਜਾਇਜ਼ਾ ਲੈਣਾ ਵੀ ਜ਼ਰੂਰੀ ਹੈ। ਇਸ ਤੋਂ ਇਲਾਵਾ ਡੈਮ ਛੋਟੇ, ਭਾਵ ਘੱਟ ਪਾਣੀ ਦੀ ਸਮਰੱਥਾ ਵਾਲੇ ਹੋਣੇ ਚਾਹੀਦੇ ਹਨ ਤਾਂਕਿ ਹੜ੍ਹ ਆਉਣ ਦੀ ਸੂਰਤ ਵਿੱਚ ਲੋਕਾਂ ਦਾ ਨੁਕਸਾਨ ਨਾ ਹੋਵੇ। ਪੰਜਾਬ ਦੇ ਭਾਖੜਾ ਡੈਮ ਅਤੇ ਗੁਜਰਾਤ ਦੇ ਸਰਦਾਰ ਸਰੋਵਰ ਵਰਗੇ ਵੱਡੇ ਡੈਮ ਨਹੀਂ ਬਣਾਉਣੇ ਚਾਹੀਦੇ।

ਧਰਤੀ ਦੇ ਵਧਦੇ ਤਾਪਮਾਨ ਨੂੰ ਧਿਆਨ ਰੱਖਦੇ ਹੋਏ ਹੀ ਪਹਾੜੀ ਇਲਾਕਿਆਂ ਵਿੱਚ ਆਰਥਿਕ ਵਿਕਾਸ ਦੀਆਂ ਯੋਜਨਾਵਾਂ ਬਣਾਉਣੀਆਂ ਚਾਹੀਦੀਆਂ। ਡੈਮਾਂ ਦੇ ਨਾਲ ਨਾਲ ਪਹਾੜੀਆਂ ਇਲਾਕਿਆਂ ਵਿੱਚ ਨਦੀਆਂ ਦੇ ਵਹਾਅ ਖੇਤਰਾਂ, ਚਸ਼ਮਿਆਂ, ਝੀਲਾਂ ਆਦਿ ਵਰਗੇ ਜਲਸਰੋਤਾਂ ਅਤੇ ਪਹਾੜ ਖਿਸਕਣ ਵਾਲੇ ਖੇਤਰਾਂ ਵਿੱਚ ਇਮਾਰਤਾਂ, ਸੜਕਾਂ, ਅਤੇ ਘਰਾਂ ਦੀ ਉਸਾਰੀ ਨਹੀਂ ਕਰਨੀ ਚਾਹੀਦੀ। ਪਹਾੜੀ ਇਲਾਕਿਆਂ ਵਿੱਚ ਆਰਥਿਕ ਵਿਕਾਸ ਕਰਨ ਲਈ ਰਾਜ ਅਤੇ ਕੇਂਦਰ ਸਰਕਾਰ ਨੂੰ ਉਚੇਚੇ ਤੌਰ ਉੱਤੇ ਯੋਜਨਾਬੰਦੀ ਕਰਨੀ ਚਾਹੀਦੀ ਹੈ ਕਿਉਂਕਿ ਪਹਾੜੀ ਇਲਾਕੇ ਮੈਦਾਨੀ ਇਲਾਕਿਆਂ ਨਾਲੋਂ ਜ਼ਿਆਦਾ ਸੰਵੇਦਨਸ਼ੀਲ ਹੁੰਦੇ ਹਨ।

# ਚੰਦਰਮਾ ਹਰ ਰੋਜ਼ ਅਲਗ ਤਰ੍ਹਾਂ ਦਾ ਕਿਉਂ ਦਿਸਦਾ ਹੈ?



ਸੰਜੀਵ ਝਾਂਜੀ, ਜਗਰਾਉਂ
91-80049-10000

ਮਹੀਨੇ ਵਿੱਚ ਜੇਕਰ ਆਸਮਾਨ ਸਾਫ ਹੋਵੇ ਤਾਂ ਲਗਭਗ ਇੱਕ ਦਿਨ ਅਜਿਹਾ ਹੁੰਦਾ ਹੈ ਜਿਸ ਦਿਨ ਸਾਨੂੰ ਚੰਦਰਮਾ ਦਿਖਾਈ ਨਹੀਂ ਦਿੰਦਾ। ਜੇ ਧਿਆਨ ਨਾਲ ਵੇਖੀਏ ਤਾਂ ਚੰਦਰਮਾ ਦੀ ਤਸਵੀਰ (ਅਸਲ ਵਿੱਚ ਸਥਿਤੀ) ਰੋਜ਼ ਬਦਲਦੀ ਰਹਿੰਦੀ ਹੈ। ਕਦੇ ਸਾਨੂੰ ਚੰਦਰਮਾ ਪੂਰਾ ਦਿਖਾਈ ਦਿੰਦਾ ਹੈ, ਕਦੇ ਅੱਧਾ ਦਿਖਾਈ ਦਿੰਦਾ ਹੈ, ਕਦੇ ਅੱਧੇ ਤੋਂ ਵੀ ਘੱਟ ਦਿਖਾਈ ਦਿੰਦਾ ਹੈ ਅਤੇ ਕਦੇ ਅੱਧੇ ਤੋਂ ਵੱਧ ਦਿਖਾਈ ਦਿੰਦਾ ਹੈ। ਜਿਸ ਦਿਨ ਅਸੀਂ ਇਸ ਨੂੰ ਦੇਖਦੇ ਹਾਂ ਉਸ ਤੋਂ ਅਗਲੇ ਦਿਨ ਇਹ ਥੋੜਾ ਜਿਹਾ ਵਧਿਆ ਜਾਂ ਘਟਿਆ ਹੋਇਆ ਦਿਸਦਾ ਹੈ। ਮੱਸਿਆ ਵਾਲੇ ਦਿਨ ਚੰਦਰਮਾ ਸਾਨੂੰ ਦਿਖਾਈ ਨਹੀਂ ਦਿੰਦਾ। ਜਦਕਿ ਪੁੰਨਿਆਂ ਵਾਲੇ ਦਿਨ ਇਹ ਪੂਰਾ ਚਮਕਦਾਰ ਦਿਖਾਈ ਦਿੰਦਾ ਹੈ। ਅਜਿਹਾ ਕਿਉਂ ਹੁੰਦਾ ਹੈ?

ਇਹ ਵਰਤਾਰੇ ਨੂੰ ਜਾਨਣ ਜਾਂ ਸਮਝਣ ਤੋਂ ਪਹਿਲਾਂ ਸਾਨੂੰ ਇਹ ਸਮਝਣਾ ਜ਼ਰੂਰੀ ਹੈ ਕਿ ਆਖਰ ਸਾਨੂੰ ਕੋਈ ਚੀਜ਼ ਦਿਖਾਈ ਕਿਵੇਂ ਦਿੰਦੀ ਹੈ। ਅਸਲ ਵਿੱਚ ਕਿਸੇ ਪ੍ਰਕਾਸ਼ ਦੇ ਸਰੋਤ ਤੋਂ ਪ੍ਰਕਾਸ਼ ਜਿਸ ਵਸਤੂ ਤੇ ਪੈਂਦਾ ਹੈ ਤੇ ਉਸ ਤੋਂ ਟਕਰਾ ਕੇ (ਪਰਾਵਰਤਿਤ ਹੋ ਕੇ) ਸਾਡੀਆਂ ਅੱਖਾਂ ਵਿੱਚ ਆਉਂਦਾ ਹੈ। ਜੇਕਰ ਪ੍ਰਕਾਸ਼ ਟਕਰਾਉਣ ਤੋਂ ਬਾਅਦ ਸਾਡੀਆਂ ਅੱਖਾਂ ਵਿੱਚ ਪਹੁੰਚ ਜਾਂਦਾ ਹੈ ਤਾਂ ਸਾਨੂੰ ਵਸਤੂ ਦਿਖਾਈ ਦੇ ਜਾਂਦੀ ਹੈ। ਜੇਕਰ ਪਰਾਵਰਤਿਤ ਹੋਣ ਤੋਂ ਬਾਅਦ ਕਿਸੇ ਕਾਰਨ ਪ੍ਰਕਾਸ਼ ਸਾਡੀ ਅੱਖ ਵਿੱਚ ਨਹੀਂ ਅਪੜਦਾ ਤਾਂ ਵਸਤੂ ਸਾਨੂੰ ਦਿਖਾਈ ਨਹੀਂ ਦਿੰਦੀ। ਤੁਹਾਨੂੰ ਤੁਹਾਡਾ ਮੋਟਰਸਾਈਕਲ ਇਸ ਲਈ ਦਿਖਾਈ ਦਿੰਦਾ ਹੈ ਕਿ ਸੂਰਜ ਜਾਂ ਕਿਸੇ ਹੋਰ ਪ੍ਰਕਾਸ਼ ਦੇ ਸਰੋਤ ਤੋਂ ਪ੍ਰਕਾਸ਼ ਉਸ ਤੇ ਆ ਕੇ ਪੈਂਦਾ ਹੈ ਭਾਵ ਟਕਰਾਉਂਦਾ ਹੈ ਅਤੇ ਪਰਾਵਰਤਿਤ ਹੋ ਕੇ ਸਾਡੀਆਂ ਅੱਖਾਂ ਵਿੱਚ ਦਾਖਲ ਹੁੰਦਾ ਹੈ। ਜੇਕਰ ਤੁਸੀਂ ਦੂਜੇ ਪਾਸੇ ਵੱਲ ਮੂੰਹ ਕਰ ਲਓ ਤਾਂ ਇਹ ਪ੍ਰਕਾਸ਼ ਤੁਹਾਡੀਆਂ ਅੱਖਾਂ ਵਿੱਚ ਦਾਖਲ ਨਹੀਂ ਹੋ ਸਕੇਗਾ ਤੇ ਤੁਹਾਨੂੰ ਮੋਟਰਸਾਈਕਲ ਦਿਖਾਈ ਨਹੀਂ ਦੇਵੇਗਾ। ਅਜਿਹਾ ਕੁਝ ਹੀ ਚੰਦਰਮਾ ਦੀ ਸਥਿਤੀ ਦੇ ਨਾਲ ਵੀ ਹੈ।



ਜਿਸ ਤਰ੍ਹਾਂ ਸੂਰਜ ਦਾ ਪ੍ਰਕਾਸ਼ ਸਾਡੀ ਧਰਤੀ ਤੇ ਪਹੁੰਚਦਾ ਹੈ ਉਸੇ ਤਰ੍ਹਾਂ ਇਸੇ ਸੂਰਜ ਦੀ ਧੁੱਪ ਚੰਦਰਮਾ ਤੇ ਵੀ ਪਹੁੰਚਦੀ ਹੈ। ਜਦੋਂ ਸੂਰਜ ਦਾ ਪ੍ਰਕਾਸ਼ ਚੰਦਰਮਾ ਤੇ ਪੈਂਦਾ ਹੈ ਅਤੇ ਜਿੰਨੇ ਭਾਗ ਤੋਂ ਪਰਾਵਰਤਿਤ ਹੋ ਕੇ ਪ੍ਰਕਾਸ਼ ਸਾਡੀਆਂ ਅੱਖਾਂ ਤੱਕ ਅਪੜਦਾ ਹੈ।

ਉਹਨਾਂ ਭਾਗ (ਚਾਨਣ) ਹੀ ਸਾਨੂੰ ਦਿਖਾਈ ਦਿੰਦਾ ਹੈ। ਚੰਦਰਮਾ ਦੇ ਘੁੰਮਣ ਦੇ ਹਿਸਾਬ ਦੇ ਨਾਲ ਇਸ ਦਾ ਇਸ ਧੁੱਪ ਵਾਲਾ ਜਿੰਨਾ ਭਾਗ ਧਰਤੀ ਤੇ ਦਿਖਾਈ ਦਿੰਦਾ ਹੈ। ਉਹੋ ਜਿਹੀ ਹੀ ਇਸ ਦੀ ਸ਼ਕਲ ਸਾਨੂੰ ਦਿਖਾਈ ਦਿੰਦੀ ਹੈ। ਇਸ ਨੂੰ ਚੰਦਰਕਲਾ ਜਾਂ ਚੰਦਰਮਾ ਦੇ ਪੜਾਅ ਕਿਹਾ ਜਾਂਦਾ ਹੈ। ਹੋਰ ਤਰੀਕੇ ਨਾਲ ਸਮਝੋ। ਚੰਦਰਮਾ, ਸੂਰਜ ਅਤੇ ਧਰਤੀ ਦੀਆਂ ਇੱਕ ਦੂਜੇ ਦੇ ਹਿਸਾਬ ਨਾਲ ਸਥਿਤੀਆਂ ਵਿੱਚ ਬਦਲਾਓ ਕਾਰਨ, ਧਰਤੀ ਤੋਂ ਦਿਖਾਈ ਦੇਣ ਵਾਲੇ ਚੰਦਰਮਾ ਦੇ ਰੋਸ਼ਨ (ਪ੍ਰਕਾਸ਼ ਵਾਲੇ) ਹਿੱਸੇ ਦਾ ਆਕਾਰ ਮੱਸਿਆ ਤੋਂ ਪੁੰਨਿਆ ਤੱਕ ਹੌਲੀ-ਹੌਲੀ ਵਧਦਾ ਹੈ ਅਤੇ ਪੁੰਨਿਆ ਤੋਂ ਬਾਅਦ ਮੱਸਿਆ ਤੱਕ ਹੌਲੀ-ਹੌਲੀ ਘਟਦਾ ਹੈ। ਜਦੋਂ ਚੰਦਰਮਾ ਦੀ ਸਥਿਤੀ ਧਰਤੀ ਅਤੇ ਸੂਰਜ ਦੇ ਵਿਚਕਾਰ ਹੁੰਦੀ ਹੈ, ਤਾਂ ਚੰਦਰਮਾ ਦਾ ਸਿਰਫ ਹਨੇਰਾ ਹਿੱਸਾ ਹੀ ਧਰਤੀ ਦੇ ਸਾਹਮਣੇ ਹੁੰਦਾ ਹੈ, ਜਿਸ ਕਾਰਨ ਚੰਦਰਮਾ ਰਾਤ ਨੂੰ ਦਿਖਾਈ ਨਹੀ ਦਿੰਦਾ। ਇਸ ਰਾਤ ਨੂੰ ਧਰਤੀ ਤੇ ਅਸੀਂ ਮੱਸਿਆ ਆਖਦੇ ਹਾਂ। ਇਸ ਤੋਂ ਬਾਅਦ ਚੰਦਰਮਾ ਆਪਣੇ ਰਸਤੇ (ਚੱਕਰ) ਵਿੱਚ ਅੱਗੇ ਵਧਦਾ ਹੈ ਅਤੇ ਦੂਜੀ ਰਾਤ ਨੂੰ ਨਵਾਂ ਚੰਦ ਦਿਖਾਈ ਦਿੰਦਾ ਹੈ, ਛੋਟਾ ਜਿਹਾ। ਜਿਸ ਤੋਂ ਬਾਅਦ ਚੰਦਰਮਾ ਦਾ ਰੋਸ਼ਨੀ ਵਾਲਾ ਹਿੱਸਾ ਹਰ ਰਾਤ ਥੋੜਾ-ਥੋੜਾ ਵਧਦਾ ਜਾਂਦਾ ਹੈ। ਚੌਥੀ ਰਾਤ ਨੂੰ, ਜਦੋਂ ਚੰਦਰਮਾ ਆਪਣੇ ਚੱਕਰ (ਪਰਿਕਰਮਾ) ਦਾ ਅੱਠਵਾਂ ਹਿੱਸਾ ਪੂਰਾ ਕਰਦਾ ਹੈ, ਇਹ ਦਾਤਰੀ (ਕ੍ਰੇਸੈਂਟ) ਵਰਗੀ ਸ਼ਕਲ ਦਾ ਦਿਖਾਈ ਦੇਣ ਕਾਰਨ ਦਾਤਰੀ ਚੰਨ ਅਖਵਾਉਂਦਾ ਹੈ। ਸਪਤਮੀ-ਅਸ਼ਟਮੀ (ਸੱਤੇ-ਅੱਠੇ) ਨੂੰ ਚੰਦਰਮਾ ਆਪਣੇ ਚੱਕਰ ਦਾ ਚੌਥਾ ਹਿੱਸਾ ਪੂਰਾ ਕਰਨ ਕਰਕੇ ਅੱਧਾ ਦਿਖਾਈ ਦਿੰਦਾ ਹੈ। ਇਸਨੂੰ ਅੱਧਾ ਚੰਦ ਕਿਹਾ ਜਾਂਦਾ ਹੈ। ਇਕਾਦਸ਼ੀ-ਬਾਰਹਵੀ ਨੂੰ ਇਹ ਆਪਣਾ ਪੌਣਾ ਕੁ ਚੱਕਰ ਪੂਰਾ ਕਰਕੇ ਪੌਣਾ ਦਿਖਾਈ ਦੇਣ ਲੱਗ ਜਾਂਦਾ ਹੈ। ਇਸ ਨੂੰ ਗਿੱਬਸ ਚੰਦਰਮਾ ਕਿਹਾ ਜਾਂਦਾ ਹੈ।

ਲਗਭਗ 15ਵੇਂ ਦਿਨ, ਧਰਤੀ ਚੰਦਰਮਾ ਅਤੇ ਸੂਰਜ ਦੇ ਵਿਚਕਾਰ ਹੁੰਦੀ ਹੈ ਜਿਸ ਕਾਰਨ ਚੰਦਰਮਾ ਦਾ ਪੂਰਾ ਦਿਖਾਈ ਦੇਣ ਲੱਗ ਜਾਂਦਾ ਹੈ ਇਹ ਪੁੰਨਿਆ ਦਾ ਦਿਹਾੜਾ ਹੁੰਦਾ ਹੈ। ਧਰਤੀ ਅਤੇ ਸੂਰਜ ਦੇ ਹਿਸਾਬ ਨਾਲ ਇਸ ਵੱਲੋਂ ਆਪਣੀ ਸਥਿਤੀ ਬਦਲਣ ਦੇ ਕਾਰਨ ਅਤੇ ਇਸ ਉੱਤੇ ਪੈਰ ਹੀ ਪ੍ਰਕਾਸ਼ ਨੂੰ ਪਰਾਵਰਤਿਤ ਕਰਨ ਦੇ ਕਾਰਨ ਹੀ ਇਹ ਸਾਨੂੰ ਵੱਡਾ-ਛੋਟਾ, ਵਧਦਾ-ਘਟਦਾ ਦਿਖਾਈ ਦਿੰਦਾ ਹੈ।

# ਪਟਿਆਲਾ ਦਾ ਨਾਮ ਰੌਸ਼ਨ ਕਰਨ ਵਾਲੇ ਆਈ.ਏ.ਐਸ. ਅਧਿਕਾਰੀ



ਉਜਾਗਰ ਸਿੰਘ
91-94178 13072

ਪਟਿਆਲਾ ਨੂੰ ਮਾਣ ਜਾਂਦਾ ਹੈ ਕਿ ਵਿਦਿਆ ਦਾ ਮੁੱਖ ਕੇਂਦਰ ਹੋਣ ਕਰਕੇ ਇਥੋਂ ਦੇ ਵਸਿੰਦੇ ਪੰਜਾਬ ਵਿੱਚ ਵਧੇਰੇ ਆਈ.ਏ.ਐਸ. ਅਧਿਕਾਰੀ ਹੋਏ ਹਨ। ਵੈਸੇ ਪੰਜਾਬ ਵਿੱਚੋਂ ਹੁਸ਼ਿਆਰਪੁਰ ਦਾ ਨਾਂ ਪਹਿਲੇ ਨੰਬਰ 'ਤੇ ਆਉਂਦਾ ਹੈ ਪ੍ਰੰਤੂ ਪਟਿਆਲਾ ਦੇ ਰਹਿਣ ਵਾਲੇ ਮੁੱਖ ਸਕੱਤਰ ਡਿਪਟੀ ਕਮਿਸ਼ਨਰ ਦੇ ਮਹੱਤਵਪੂਰਨ ਅਹੁਦਿਆਂ 'ਤੇ ਵਧੇਰੇ ਮਾਤਰਾ ਵਿੱਚ ਰਹੇ ਹਨ। ਕਹਿਣ ਤੋਂ ਭਾਵ ਪੰਜਾਬ ਦੇ ਵਿਕਾਸ ਵਿੱਚ ਪਟਿਆਲਾ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ। ਮੁੱਖ ਸਕੱਤਰ ਅਤੇ ਡਿਪਟੀ ਕਮਿਸ਼ਨਰ ਜਿਲ੍ਹੇ ਦੇ ਸਮੁੱਚੇ ਵਿਕਾਸ ਦੀ ਨਿਗਰਾਨੀ ਕਰਨ ਦਾ ਜ਼ਿੰਮੇਵਾਰ ਹੁੰਦਾ ਹੈ। ਸਕੱਤਰ ਪੰਜਾਬ ਦੇ ਸਾਰੇ ਵਿਭਾਗਾਂ ਦੇ ਮੁੱਖੀਆਂ ਅਤੇ ਡਿਪਟੀ ਕਮਿਸ਼ਨਰ ਜਿਲ੍ਹੇ ਦੇ ਸਾਰੇ ਵਿਭਾਗਾਂ ਦੇ ਮੁੱਖੀ ਅਧਿਕਾਰੀਆਂ ਦੀ ਕਾਰਗੁਜ਼ਾਰੀ ਦੀ ਨਿਗਰਾਨੀ ਕਰਦਾ ਹੈ। ਪੰਜਾਬ ਦੇ ਵੱਖ-ਵੱਖ ਜਿਲ੍ਹਿਆਂ ਵਿੱਚ ਰਹੇ ਪਟਿਆਲਾ ਦੇ 5 ਮੁੱਖ ਸਕੱਤਰ /ਵਧੀਕ/ਸ਼ਪੈਸ਼ਲ ਮੁੱਖ ਸਕੱਤਰ ਤੇ ਦੋ ਦਰਜਨ ਦੇ ਲਗਪਗ ਮਰਦ ਡਿਪਟੀ ਕਮਿਸ਼ਨਰਾਂ ਵਿੱਚ ਅਨੁਰਿਧ ਤਿਵਾੜੀ, ਅਨੁਰਾਗ ਵਰਮਾ, ਕਰਨਵੀਰ ਸਿੰਘ ਸਿੱਧੂ, ਕਾਹਨ ਸਿੰਘ ਪੰਨੂੰ, ਵਿਕਾਸ ਪ੍ਰਤਾਪ, ਕੁਲਵੀਰ ਸਿੰਘ ਕੰਗ, ਹਰਕੇਸ਼ ਸਿੰਘ ਸਿੱਧੂ, ਐਸ.ਕੇ.ਆਹਲੂਵਾਲੀਆ, ਮਨਜੀਤ ਸਿੰਘ ਨਾਰੰਗ, ਮਹਿੰਦਰ ਸਿੰਘ ਕੈਂਥ, ਸ਼ਿਵਦੁਲਾਰ ਸਿੰਘ ਢਿਲੋਂ, ਅੰਮ੍ਰਿਤਪਾਲ ਸਿੰਘ ਵਿਰਕ, ਗੁਰਪਾਲ ਸਿੰਘ ਚਾਹਲ, ਜਸਕਿਰਨ ਸਿੰਘ, ਗੁਰਮੇਲ ਸਿੰਘ ਬੈਂਸ, ਅਮਰਜੀਤ ਸਿੰਘ ਸਿੱਧੂ, ਧਰਮਪਾਲ ਗੁਪਤਾ, ਸੁਰੇਸ਼ ਸ਼ਰਮਾ, ਵਰਿੰਦਰ ਸ਼ਰਮਾ, ਅਸ਼ੋਕ ਸਿੰਗਲਾ ਅਤੇ ਰਾਜੇਸ਼ ਧੀਮਾਨ ਹਨ। ਅਨੁਰਿਧ ਤਿਵਾੜੀ ਪੰਜਾਬ ਦੇ ਮੁੱਖ ਸਕੱਤਰ ਰਹੇ ਹਨ। ਉਹ ਬਹੁਤ ਹੀ ਮਹੱਤਵਪੂਰਨ ਵਿਭਾਗਾਂ ਦੇ ਮੁਖੀ ਅਤੇ ਸੰਗਰੂਰ ਦੇ ਡਿਪਟੀ ਕਮਿਸ਼ਨਰ ਵੀ ਰਹੇ ਹਨ। ਉਹ ਪਟਿਆਲਾ ਹੀ ਪੜ੍ਹੇ ਹਨ ਅਤੇ ਇੰਜਿਨੀਅਰਿੰਗ ਦੀ ਡਿਗਰੀ ਥਾਪਰ ਇਨਸਟੀਚਿਊਟ ਆਫ ਇੰਜਿਨੀਅਰਿੰਗ ਐਂਡ ਟੈਕਨਾਲੋਜੀ ਤੋਂ ਕਰਕੇ ਇਕਨਾਮਿਕਸ ਵਿੱਚ ਮਾਸਟਰ ਡਿਗਰੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਕੀਤੀ। ਉਨ੍ਹਾਂ ਮਾਸਟਰ ਡਿਗਰੀ ਇਨ ਇੰਟਰਨੈਸ਼ਨਲ ਡਿਵੈਲਪਮੈਂਟ ਪਾਲਿਸੀ ਡਿਊਕ ਯੂਨੀਵਰਸਿਟੀ ਤੋਂ ਪਾਸ ਕੀਤੀ। ਉਹ 1990 ਬੈਚ ਦੇ ਆਈ.ਏ.ਐਸ. ਅਧਿਕਾਰੀ ਹਨ। ਅਨੁਰਾਗ ਵਰਮਾ ਵਰਤਮਾਨ ਪੰਜਾਬ ਦੇ ਮੁੱਖ ਸਕੱਤਰ ਜੋ ਤਿੰਨ ਜਿਲ੍ਹਿਆਂ ਬਠਿੰਡਾ, ਲੁਧਿਆਣਾ ਤੇ ਜਲੰਧਰ ਦੇ ਡਿਪਟੀ ਕਮਿਸ਼ਨਰ ਰਹੇ। ਇਸ ਤੋਂ ਇਲਾਵਾ ਉਨ੍ਹਾਂ ਮਾਲ ਵਿਭਾਗ ਦੇ ਵਿਤ ਕਮਿਸ਼ਨਰ ਹੁੰਦਿਆਂ ਖੇਤੀਬਾੜੀ ਦੇ ਲੈਂਡ ਰਿਕਾਰਡ ਦਾ ਕੰਪਿਊਟਰੀਕਰਨ ਕਰਵਾਉਣ ਦਾ ਕੰਮ ਸ਼ੁਰੂ ਕਰਵਾਇਆ। ਪੰਜਾਬ ਦੇ 1000 ਪਿੰਡਾਂ ਵਿੱਚ ਪਲੇਅ ਗਰਾਊਂਡ ਅਤੇ ਪਾਰਕ ਬਣਵਾਏ। ਉਨ੍ਹਾਂ ਦਾ ਪਰਿਵਾਰ ਵਿਦਿਅਕ ਮਾਹਿਰਾਂ ਦਾ ਪਰਿਵਾਰ ਗਿਣਿਆਂ ਜਾਂਦਾ ਹੈ। ਅਨੁਰਾਗ ਵਰਮਾ ਦਾ ਪਿੰਡ ਚਲੈਲਾ ਪਟਿਆਲਾ ਜਿਲ੍ਹੇ ਵਿੱਚ ਹੈ। ਉਨ੍ਹਾਂ ਦੇ ਪਿਤਾ ਪ੍ਰੋ.ਬੀ.ਸੀ.ਵਰਮਾ ਮਹਿੰਦਰਾ ਕਾਲਜ ਦੇ ਪ੍ਰਿੰਸੀਪਲ ਅਤੇ ਮਾਤਾ ਪ੍ਰਿੰਸੀਪਲ ਕੌਸ਼ਲਿਆ ਵਰਮਾ ਉਪ ਜਿਲ੍ਹਾ ਸਿਖਿਆ ਅਧਿਕਾਰੀ ਸੇਵਾ ਮੁਕਤ ਹੋਏ ਹਨ। ਅਨੁਰਾਗ ਵਰਮਾ ਨੇ ਥਾਪਰ ਇਨਸਟੀਚਿਊਟ ਆਫ ਇੰਜਿਨੀਅਰਿੰਗ ਐਂਡ ਟੈਕਨਾਲੋਜੀ ਤੋਂ ਇਲੈਕਟ੍ਰਾਨਿਕ ਕਮਿਊਨੀਕੇਸ਼ਨ ਵਿੱਚ ਡਿਗਰੀ ਕੀਤੀ ਹੈ। ਉਹ ਗੋਲਡ ਮੈਡਲਿਸਟ ਹਨ। ਆਈ.ਏ.ਐਸ.ਦੇ 1993 ਬੈਚ ਵਿੱਚੋਂ 7ਵੇਂ ਨੰਬਰ ਤੇ ਆਏ ਸਨ। ਕਰਨਵੀਰ ਸਿੰਘ ਸਿੱਧੂ ਦਾ ਪਿਛੋਕੜ ਬਠਿੰਡਾ ਜਿਲ੍ਹੇ ਦਾ ਹੈ ਪ੍ਰੰਤੂ ਉਨ੍ਹਾਂ ਦੇ ਮਾਤਾ ਪਿਤਾ ਪਟਿਆਲਾ ਵਿਖੇ ਹੀ ਨੌਕਰੀ ਕਰਦੇ ਰਹੇ ਹਨ। ਉਹ ਯਾਦਵਿੰਦਰਾ ਪਬਲਿਕ ਸਕੂਲ ਪਟਿਆਲਾ ਹੀ ਪੜ੍ਹੇ ਹਨ ਅਤੇ ਥਾਪਰ ਇਨਸਟੀਚਿਊਟ ਆਫ ਇੰਜਿਨੀਅਰਿੰਗ ਤੋਂ ਇੰਜਿਨੀਅਰਿੰਗ ਦੀ ਡਿਗਰੀ ਗੋਲਡ ਮੈਡਲਿਸਟ ਲੈ ਕੇ ਪਾਸ ਕੀਤੀ ਹੈ। 1996-97 ਵਿੱਚ ਉਹ ਇੰਗਲੈਂਡ ਦੀ ਯੂਨੀਵਰਸਿਟੀ ਆਫ ਮਾਨਚੈਸਟਰ ਵਿੱਚ ਵੀ ਪੜ੍ਹੇ ਹਨ। ਉਹ ਕਈ ਮਹੱਤਵਪੂਰਨ ਵਿਭਾਗਾਂ ਦੇ ਸਕੱਤਰ ਅਤੇ ਸਪੈਸ਼ਲ ਮੁੱਖ ਸਕੱਤਰ ਸੇਵਾ ਮੁਕਤ ਹੋਏ ਹਨ। ਉਹ ਦਹਿਸ਼ਗਰਦੀ ਦੇ ਦਿਨਾ ਵਿੱਚ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਸਨ, ਜਦੋਂ ਇਕ ਜਹਾਜ ਅਗਵਾ ਹੋ ਗਿਆ ਸੀ ਤਾਂ ਉਨ੍ਹਾਂ ਅਗਵਾਕਾਰਾਂ ਨਾਲ ਜਹਾਜ ਵਿੱਚ ਜਾ ਕੇ ਗੱਲਬਾਤ ਕਰਕੇ ਸੁਰੈਂਡਰ ਕਰਵਾਇਆ ਤੇ ਮੁਸਾਫਰਾਂ ਨੂੰ ਛੁਡਵਾਇਆ ਸੀ। ਗਿਆਨ ਸਿੰਘ ਰਾੜੇਵਾਲਾ ਦਾ ਪਿਛੋਕੜ ਭਾਵੇਂ ਲੁਧਿਆਣਾ ਜਿਲ੍ਹੇ ਦਾ ਹੈ ਪ੍ਰੰਤੂ ਬਹੁਤਾ ਸਮਾਂ ਪਟਿਆਲਾ ਹੀ ਰਹੇ ਸਨ। ਉਨ੍ਹਾਂ ਦੀ ਪਤਨੀ ਮਨਮੋਹਨ ਕੌਰ ਪਟਿਆਲਾ ਤੋਂ ਲੋਕ ਸਭਾ ਦੀ ਚੋਣ ਵੀ ਲੜੀ ਸੀ। ਉਹ ਇੱਕੋ ਇੱਕ ਅਜਿਹੇ ਵਿਅਕਤੀ ਹਨ, ਜਿਹੜੇ ਪੈਪਸੂ ਵਿੱਚ ਪਟਿਆਲਾ ਦੇ ਡਿਪਟੀ ਕਮਿਸ਼ਨਰ, ਸ਼ੈਸ਼ਨਜ ਜੱਜ, ਹਾਈ ਕੋਰਟ ਦੇ ਜੱਜ, ਪੰਜਾਬ ਦੇ ਮੰਤਰੀ ਅਤੇ ਪੈਪਸੂ ਦੇ ਮੁੱਖ ਮੰਤਰੀ ਰਹੇ ਹਨ। ਉਹ ਵੀ ਇਮਾਨਦਾਰੀ ਦੇ ਪ੍ਰਤੀਕ ਦੇ ਤੌਰ 'ਤੇ ਜਾਣੇ ਜਾਂਦੇ ਸਨ। ਹਰਕੇਸ਼ ਸਿੰਘ ਸਿੱਧੂ ਦੀ ਮਾਲ ਰਿਕਾਰਡ ਦਾ ਕੰਪਿਊਟਰੀਕਰਨ ਕਰਨ ਵਿੱਚ ਬਹੁਤ ਵਧੀਆ ਕਾਰਗੁਜ਼ਾਰੀ ਰਹੀ ਹੈ। ਮਾਲ ਰਿਕਾਰਡ ਦਾ ਕੰਪਿਊਟਰੀਕਰਨ ਕਰਵਾਉਣ ਵਾਲੇ ਉਹ ਪਹਿਲੇ ਡਿਪਟੀ ਕਮਿਸ਼ਨਰ ਹਨ। ਭਾਵੇਂ ਬਾਕੀ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰਾਂ ਨੇ ਵੀ ਕੰਪਿਊਟਰੀਕਰਨ ਕਰਵਾਇਆ ਹੈ ਪ੍ਰੰਤੂ ਹਰਕੇਸ਼ ਸਿੰਘ ਸਿੱਧੂ ਨੇ ਨਿਸਚਤ ਸਮੇਂ ਤੋਂ ਵੀ ਪਹਿਲਾਂ ਮੁਕੰਮਲ ਕਰਵਾ ਦਿੱਤਾ ਸੀ। ਉਨ੍ਹਾਂ ਦੀ ਨਿਰਪੱਖਤਾ ਅਤੇ ਇਮਾਨਦਾਰੀ ਕਈ ਵਾਰੀ ਉਨ੍ਹਾਂ ਲਈ ਮੁਸ਼ਕਲਾਂ ਖੜ੍ਹੀਆਂ ਕਰਦੀ ਰਹੀ, ਜਿਸ ਕਰਕੇ ਉਨ੍ਹਾਂ ਨੂੰ ਤਿੰਨ ਜਿਲ੍ਹਿਆਂ ਵਿੱਚ ਜਾਣਾ ਪਿਆ ਕਿਉਂਕਿ ਉਹ ਗ਼ਲਤ ਕੰਮਾਂ ਲਈ ਸਿਆਸਤਦਾਨਾ ਤੇ ਸੀਨੀਅਰ ਅਧਿਕਾਰੀਆਂ ਦੀ ਪਰਵਾਹ ਨਹੀਂ ਕਰਦੇ ਸਨ। ਉਸ ਨੇ ਮਾਲ ਵਿਭਾਗ ਵਿੱਚੋਂ ਭਰਿਸ਼ਟਾਚਾਰ ਖ਼ਤਮ ਕਰਨ ਦਾ ਆਪਣਾ ਨਿਰਾਲੇ ਢੰਗ ਨਾਲ ਕੰਮ ਕੀਤਾ ਹੈ। ਉਹ ਹਰ ਰੋਜ਼ ਰਜਿਸਟਰੀਆਂ ਕਰਵਾਉਣ ਵਾਲਿਆਂ ਨੂੰ ਟੈਲੀਫ਼ੋਨ ਕਰਕੇ ਪੁਛਦੇ ਸਨ ਕਿ ਉਨ੍ਹਾਂ ਨੇ ਰਿਸ਼ਵਤ ਤਾਂ ਨਹੀਂ ਦਿੱਤੀ। ਕਈ ਕੇਸਾਂ ਵਿੱਚ ਉਨ੍ਹਾ ਰਿਸ਼ਵਤ ਦੇ ਪੈਸੇ ਵਾਪਸ ਵੀ ਕਰਵਾਏ ਹਨ। ਉਹ ਆਪਣੇ ਪਿੰਡ ਦੇ ਸਰਪੰਚ ਰਹੇ ਹਨ, ਇਸ ਕਰਕੇ ਉਨ੍ਹਾਂ ਨੂੰ ਪਿੰਡਾਂ ਦੇ ਲੋਕਾਂ ਦੇ ਰਸਤੇ ਵਿੱਚ ਆਉਣ ਵਾਲੀਆਂ ਔਕੜਾਂ ਬਾਰੇ ਪੂਰੀ ਜਣਕਾਰੀ ਸੀ। ਇਸੇ ਤਰ੍ਹਾਂ ਐਸ.ਕੇ.ਆਹਲੂਵਾਲੀਆ ਨੇ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਯਾਦ ਵਿੱਚ ਆਯੋਜਤ ਕੀਤੇ ਜਾਂਦੇ ਫ਼ਤਿਹਗੜ੍ਹ ਦੇ ਸ਼ਹੀਦੀ ਜੋੜ ਮੇਲ ਦੇ ਮੌਕੇ 'ਤੇ ਖੀਰ-ਪੂੜੇ, ਮਠਿਆਈਆਂ ਅਤੇ ਹੋਰ ਅਜਿਹੇ ਲੰਗਰ ਲਗਾਉਣ 'ਤੇ ਪਾਬੰਦੀ ਲਾ ਕੇ ਸਿੱਖ ਧਰਮ ਦੀ ਪਵਿਤਰਤਾ ਬਰਕਰਾਰ ਰੱਖਣ ਵਿੱਚ ਵਿਲੱਖਣ ਯੋਗਦਾਨ ਪਾਇਆ ਸੀ, ਇਸ ਤੋਂ ਇਲਾਵਾ ਉਨ੍ਹਾਂ ਜੋੜ ਮੇਲ ਦੌਰਾਨ ਧਾਰਮਿਕ ਸ਼ਬਦਾਂ ਤੋਂ ਇਲਾਵਾ ਹੋਰ ਸਾਰੇ ਗਾਣਿਆਂ ਅਤੇ ਅਸੱਭਿਅਕ ਕਾਰਵਾਈਆਂ ਦੀ ਵੀ ਮਨਾਹੀ ਕਰ ਦਿੱਤੀ ਸੀ। ਫ਼ਤਿਹਗੜ੍ਹ ਸਾਹਿਬ ਦੇ ਐਂਟਰੀ ਪੁਆਇੰਟਾਂ 'ਤੇ ਯਾਦਗਾਰੀ ਗੇਟਾਂ ਦੀ ਉਸਾਰੀ ਵੀ ਕਰਵਾਈ ਸੀ। ਜਿਹੜਾ ਕੰਮ ਕੋਈ ਸਿੱਖ ਡਿਪਟੀ ਕਮਿਸ਼ਨਰ ਵੀ ਨਹੀਂ ਕਰਵਾ ਸਕਿਆ ਉਹ ਕੰਮ ਐਸ.ਕੇ.ਆਹਲੂਵਾਲੀਆ ਨੇ ਕਰਕੇ ਇਤਿਹਾਸ ਵਿੱਚ ਆਪਣਾ ਨਾਮ ਦਰਜ ਕਰਵਾ ਲਿਆ ਹੈ। ਵਿਕਾਸ ਪ੍ਰਤਾਪ ਫਤਿਹਗੜ੍ਹ ਵਿਖੇ ਡਿਪਟੀ ਕਮਿਸ਼ਨਰ ਰਹੇ ਹਨ। ਉਹ ਬਹੁਤ ਮਿਹਨਤੀ ਅਤੇ ਦੂਰਅੰਦੇਸ਼ੀ ਨਾਲ ਵਿਕਾਸ ਦੇ ਕੰਮ ਕਰਵਾਉਂਦੇ ਰਹੇ ਹਨ। ਸ਼ਿਵਦੁਲਾਰ ਸਿੰਘ ਢਿਲੋਂ ਅੰਮ੍ਰਿਤਸਰ ਸੈਂਸੇਟਿਵ ਜਿਲ੍ਹਾ ਤੇ ਪਵਿਤਰ ਸ਼ਹਿਰ ਦੇ ਡਿਪਟੀ ਕਮਿਸ਼ਨਰ ਰਹੇ ਹਨ। ਜਦੋਂ ਭਾਰਤੀ ਜਵਾਨ ਵਿੰਗ ਕਮਾਂਡਰ ਅਭਿਨੰਦਨ ਵਰਥਮਨ ਦਾ ਜਹਾਜ ਪਾਕਿਸਤਾਨੀਆਂ ਨੇ ਸੁੱਟ ਲਿਆ ਸੀ, ਜਦੋਂ ਉਸ ਨੂੰ ਪਾਕਿਸਤਾਨ ਨੇ 1 ਮਾਰਚ 2019 ਨੂੰ ਵਾਹਗਾ ਸਰਹੱਦ 'ਤੇ ਲਿਆਕੇ ਛੱਡਣਾ ਸੀ ਤਾਂ ਦੇਸ਼ ਵਿਦੇਸ਼ ਦਾ ਮੀਡੀਆ ਉਥੇ ਪਹੁੰਚਿਆ ਹੋਇਆ ਸੀ, ਜੋ ਉਸ ਨਾਲ ਗੱਲਬਾਤ ਕਰਨਾ ਚਾਹੁੰਦੇ ਸਨ। ਸ਼ਿਵਦੁਲਾਰ ਸਿੰਘ ਢਿਲੋਂ ਨੇ ਬਹੁਤ ਹੀ ਸਿਆਣਪ ਅਤੇ ਸੰਜੀਦਗੀ ਨਾਲ ਉਸ ਹਾਲਾਤ ਨੂੰ ਕੰਟਰੋਲ ਕਰਕੇ ਅਭਿਨੰਦਨ ਵਰਥਮਨ ਨੂੰ ਭਾਰਤੀ ਫ਼ੌਜੀ ਅਧਿਕਾਰੀਆਂ ਦੇ ਹਵਾਲੇ ਕਰ ਦਿੱਤਾ। ਇਸੇ ਤਰ੍ਹਾਂ ਕੋਵਿਡ ਦੌਰਾਨ ਹਜ਼ੂਰ ਸਾਹਿਬ ਤੋਂ 200 ਸ਼ਰਧਾਲੂਆਂ ਨੂੰ ਲਿਆਕੇ ਕੈਂਪਾਂ ਵਿੱਚ ਠਹਿਰਾਇਆ ਜਦੋਂ ਕਿ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸਰਕਾਰੀ ਅਧਿਕਾਰੀ ਅਤੇ ਰਾਜ ਕਰ ਰਹੀ ਪਾਰਟੀ ਤੇ ਵਿਰੋਧੀ ਪਾਰਟੀਆਂ ਦੇ ਨੇਤਾ ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਰਾਂ ਵਿੱਚ ਠਹਿਰਾਉਣਾ ਚਾਹੁੰਦੇ ਸਨ। ਉਨ੍ਹਾਂ ਨੇ ਦਲੀਲ ਦਿੱਤੀ ਕਿ ਸ਼ਰੋਮਣੀ ਕਮੇਟੀ ਦੀ ਸਰਾਂ ਵਿੱਚੋਂ ਸ਼ਰਧਾਲੂਆਂ ਨੂੰ ਸ਼੍ਰੀ ਹਰਿਮੰਦਰ ਸਾਹਿਬ ਮੱਥਾ ਟੇਕਣ ਤੋਂ ਕੋਈ ਰੋਕ ਨਹੀਂ ਸਕਦਾ, ਜਿਸ ਕਰਕੇ ਕਰੋਨਾ ਫੈਲਣ ਦਾ ਡਰ ਹੋਵੇਗਾ। ਉਨ੍ਹਾਂ ਦਿਨਾਂ ਵਿੱਚ ਤਬਲੀਕੀ ਜਮਾਤ ਤੇ ਕਰੋਨਾ ਫੈਲਾਉਣ ਦੇ ਇਲਜ਼ਾਮ ਲੱਗ ਰਹੇ ਸਨ। ਕਰੋਨਾ ਸੰਬੰਧੀ ਸਾਮਾਨ ਖ੍ਰੀਦਣ ਲਈ ਸਰਦੇ ਪੁਜਦੇ ਲੋਕਾਂ ਦੇ ਸਹਿਯੋਗ ਨਾਲ ਰੀਬੋਟ ਪ੍ਰਣਾਲੀ ਰਾਹੀਂ ਦਵਾਈਆਂ ਤੇ ਖਾਣਾ ਮਰੀਜਾਂ ਤੱਕ ਪਹੁੰਚਾਉਣ ਦਾ ਪ੍ਰਬੰਧ ਕੀਤਾ। ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪੁਰਵ ਦੇ ਮੌਕੇ 'ਤੇ 84 ਮੁਲਕਾਂ ਦੇ ਨੁਮਾਇੰਦਿਆਂ ਨੂੰ ਸ਼੍ਰੀ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਵਾਉਣ ਅਤੇ ਠਹਿਰਾਉਣ ਦੇ ਪ੍ਰਬੰਧ ਕੀਤੇ। ਇਨ੍ਹਾਂ ਸਾਰੇ ਕੰਮਾ ਕਰਕੇ ਉਨ੍ਹਾਂ ਨੇ ਬਿਹਤਰੀਨ ਪ੍ਰਬੰਧਕ ਹੋਣ ਦਾ ਸਬੂਤ ਦਿੱਤਾ। ਵਾਤਾਵਰਨ ਪ੍ਰੇਮੀ ਕਾਹਨ ਸਿੰਘ ਪੰਨੂੰ 1990 ਬੈਚ ਦੇ ਆਈ.ਏ.ਐਸ. ਅੰਮ੍ਰਿਤਸਰ ਵਿਖੇ ਕਾਬਲ ਅਧਿਕਾਰੀ ਸਾਬਤ ਹੋਏ ਹਨ। ਪੰਜਾਬ ਪਾਲੂਸ਼ਨ ਕੰਟਰੋਲ ਬੋਰਡ ਦੇ ਚੇਅਰਮੈਨ ਹੁੰਦਿਆਂ ਮਹੱਤਵਪੂਰਨ ਸੁਧਾਰ ਕੀਤੇ। ਗੁਰਮੇਲ ਸਿੰਘ ਬੈਂਸ ਫਤਿਹਗੜ੍ਹ ਸਾਹਿਬ ਤੇ ਮਾਨਸਾ ਤੇ ਜਸਕਿਰਨ ਸਿੰਘ ਸੰਗਰੂਰ, ਮੁਕਤਸਰ ਤੇ ਕਪੂਰਥਲਾ, ਡੀ.ਸੀ.ਹੁੰਦਿਆਂ ਸਪੋਰਟਸ ਅਤੇ ਪ੍ਰਬੰਧਕੀ ਅਨੁਸ਼ਾਸ਼ਨ ਕਾਇਮ ਰੱਖਣ ਵਿੱਚ ਵਿਲੱਖਣ ਯੋਗਦਾਨ ਪਾਇਆ। ਮਨਜੀਤ ਸਿੰਘ ਨਾਰੰਗ ਫੀਰੋਜ਼ਪੁਰ ਦੇ ਡਿਪਟੀ ਕਮਿਸ਼ਨਰ ਹੁੰਦਿਆਂ ਸਰਹੱਦੀ ਜਿਲ੍ਹੇ ਵਿੱਚ ਟ੍ਰੈਫਿਕ ਸਮੱਸਿਆ ਦਾ ਹਲ ਕਰਵਾਇਆ। ਸਟਰੀਟ ਲਾਈਟਾਂ ਲਗਵਾਈਆਂ ਅਤੇ ਲੋਕਾਂ ਨੂੰ ਟ੍ਰੈਫਿਕ ਸੰਬੰਧੀ ਜਾਣਕਾਰੀ ਦੇਣ ਦੇ ਯੋਗ ਪ੍ਰਬੰਧ ਕੀਤੇ। ਇਥੋਂ ਤੱਕ ਕਿ ਸਕੂਲਾਂ ਵਿੱਚ ਟ੍ਰੈਫਿਕ ਬਾਰੇ ਬੱਚਿਆਂ ਵਿੱਚ ਜਾਗ੍ਰਤੀ ਪੈਦਾ ਕਰਵਾਉਣ ਲਈ ਭਾਸ਼ਣ ਯੋਗਤਾਵਾਂ ਕਰਵਾਈਆਂ। ਸਵੈ ਸੇਵੀ ਸੰਸਥਾਵਾਂ ਅਤੇ ਪੰਚਾਇਤਾਂ ਨੂੰ ਵਿਕਾਸ ਦੇ ਹਿੱਸੇਦਾਰ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਨੂੰ ਦਫਤਰ ਅਤੇ ਘਰ ਕਦੀਂ ਵੀ ਕੋਈ ਵਿਅਕਤੀ ਬਿਨਾ ਝਿਜਕ ਆ ਕੇ ਮਿਲ ਸਕਦਾ ਸੀ। ਧਰਮਪਾਲ ਗੁਪਤਾ ਬਰਨਾਲਾ ਤੇ ਮਾਨਸਾ ਡਿਪਟੀ ਕਮਿਸ਼ਨਰ ਹੁੰਦਿਆਂ ਸ਼ਰਾਫਤ ਤੇ ਨੇਕਨੀਤੀ ਨਾਲ ਫਰਜ ਨਿਭਾਏ। ਕੁਲਵੀਰ ਸਿੰਘ ਕੰਗ ਮੋਗਾ ਵਿਖੇ ਬੇਬਾਕੀ ਨਾਲ ਕੰਮ ਕੀਤੇ। ਗੁਰਪਾਲ ਸਿੰਘ ਚਾਹਲ ਮਾਨਸਾ ਵਿਖੇ ਡਿਪਟੀ ਕਮਿਸ਼ਨਰ ਹੁੰਦਿਆਂ ਲੋਕਾਂ ਦੀਆਂ ਸਮੱਸਿਆਵਾਂ ਅਤੇ ਕੰਮਾਂ ਨੂੰ ਤੁਰਤ ਫੁਰਤ ਹੱਲ ਕਰਕੇ ਨਾਮਣਾ ਖੱਟਿਆ। ਅਮਰਜੀਤ ਸਿੰਘ ਸਿੱਧੂ ਪਟਿਆਲਾ ਵਿਖੇ ਸ਼ਰਾਫਤ ਨਾਲ ਫਰਜ ਨਿਭਾਏ। ਵਰਿੰਦਰ ਸ਼ਰਮਾ ਮਾਨਸਾ, ਜਲੰਧਰ ਅਤੇ ਲੁਧਿਆਣਾ ਡਿਪਟੀ ਕਮਿਸ਼ਨਰ ਰਹੇ ਹਨ। ਉਸ ਦਾ ਆਮ ਲੋਕਾਂ ਨਾਲ ਵਿਵਹਾਰ ਬਹੁਤ ਹੀ ਸਦਭਾਵਨਾ ਵਾਲਾ ਰਿਹਾ, ਇਸ ਕਰਕੇ ਲੋਕ ਉਸ ਨੂੰ ਅਪਣੱਤ ਨਾਲ ਆਪਣਾ ਡੀ.ਸੀ.ਕਹਿੰਦੇ ਸਨ। ਉਸ ਨੇ ਪੰਜਾਬੀ ਵਿੱਚ ਆਈ.ਏ.ਐਸ. ਦਾ ਇਮਤਿਹਾਨ ਪਾਸ ਕੀਤਾ। ਉਹ ਭਾਗਸੀ ਪਿੰਡ ਤੋਂ ਹਨ, ਉਨ੍ਹਾਂ ਦੇ ਪਿਤਾ ਜੀਤ ਰਾਮ ਸ਼ਰਮਾ ਅਧਿਆਪਕ ਹਨ। ਵਰਿੰਦਰ ਸ਼ਰਮਾ ਨੇ ਮੁੱਢਲੀ ਦਸਵੀਂ ਤੱਕ ਦੀ ਵਿਦਿਆ ਪਿੰਡ ਦੇ ਸਰਕਾਰੀ ਸਕੂਲ ਤੋਂ ਪ੍ਰਾਪਤ ਕੀਤੀ ਅਤੇ ਬੀ.ਟੈਕ.ਚੰਡੀਗੜ੍ਹ ਇੰਜਿਨੀਅਰਿੰਗ ਕਾਲ ਤੋਂ ਪਾਸ ਕੀਤੀ। ਸੁਰੇਸ਼ ਸ਼ਰਮਾ ਮੋਗਾ, ਅੰਮ੍ਰਿਤਪਾਲ ਸਿੰਘ ਵਿਰਕ ਸੰਗਰੂਰ ਤੇ ਬਰਨਾਲਾ, ਰਾਜੇਸ਼ ਧੀਮਾਨ ਫੀਰੋਜ਼ਪੁਰ ਅਤੇ ਅਸ਼ੋਕ ਸਿੰਗਲਾ ਫਤਿਹਗੜ੍ਹ ਸਾਹਿਬ ਤੇ ਮੋਗਾ ਦੇ ਡਿਪਟੀ ਕਮਿਸ਼ਨਰ ਰਹੇ ਹਨ। ਵੈਸੇ ਤਾਂ ਹਰ ਡਿਪਟੀ ਕਮਿਸ਼ਨਰ ਨੇ ਆਪਣੀ ਯੋਗਤਾ ਅਨੁਸਾਰ ਚੰਗੇ ਕੰਮ ਕੀਤੇ ਹਨ। ਹਰ ਵਿਅਕਤੀ ਦੀ ਕੰਮ ਕਰਨ ਦੀ ਆਪਣੀ ਸੋਚ ਅਤੇ ਤੌਰ ਤਰੀਕਾ ਹੁੰਦਾ ਹੈ। ਪਟਿਆਲਾ ਤੋਂ ਜਗਜੀਤ ਪੁਰੀ ਅਤੇ ਅਸ਼ੋਕ ਗੋਇਲ ਸ੍ਰ.ਬੇਅੰਤ ਸਿੰਘ ਮੁੱਖ ਮੰਤਰੀ ਡਿਪਟੀ ਪ੍ਰਿੰਸੀਪਲ ਸਕੱਤਰ ਰਹੇ ਹਨ।










**ਤਸਵੀਰਾਂ: ਅਨੁਰਾਗ ਵਰਮਾ, ਅਨੁਰਿਧ ਤਿਵਾੜੀ, ਹਰਕੇਸ਼ ਸਿੰਘ ਸਿੱਧੂ, ਸ਼ਿਵਦੁਲਾਰ ਸਿੰਘ ਢਿਲੋਂ, ਮਨਜੀਤ ਸਿੰਘ ਨਾਰੰਗ**

# ਲਗਾਂ-ਮਾਤਰਾਂ ਤੋਂ ਅਣਜਾਣ ਕਰਦੇ ਘਾਣ !



ਤਰਲੋਚਨ ਸਿੰਘ ਦੁਪਾਲ ਪੁਰ
001-408-915-1268

ਇਸ ਸ਼ਿਅਰ ਤੋਂ ਗੱਲ ਸ਼ੁਰੂ ਕਰਦੇ ਹਾਂ-
'ਕਿੰਨਾਂ ਫਿਕਰ ਗਜ਼ਲਗੋ ਕਰਦੇ
ਨਿੱਕੀ ਇੱਕ ਸਿਹਾਰੀ ਦਾ।
ਐਪਰ ਚੇਤਾ ਭੁੱਲ ਜਾਂਦੇ ਨੇ
ਦਿਲ 'ਤੇ ਚਲਦੀ ਆਰੀ ਦਾ!'

ਜਦੋਂ ਤੋਂ ਸਕੂਲਾਂ ਵਿੱਚ ਫੱਟੀਆਂ ਲਿਖਣੀਆਂ ਅਤੇ ਮੁਹਾਰਨੀ ਸਿਖਾਉਣੀ ਬੰਦ ਹੋਈਆਂ, ਉਦੋਂ ਤੋਂ ਹੀ ਪੰਜਾਬੀ ਲਿਖਣ ਵਿੱਚ ਗਲ਼ਤੀਆਂ ਦੀ ਭਰਮਾਰ ਹੋਣ ਲੱਗ ਪਈ ਹੈ। ਸਿਹਾਰੀ ਬਿਹਾਰੀ ਦੀਆਂ ਅਵਾਜ਼ਾਂ ਤੋਂ ਅਨਜਾਣ ਕਈ ਸੱਜਣ 'ਕੋਟਿ ਕੋਟਿ' ਨੂੰ 'ਕੋਟੀ ਕੋਟੀ' ਲਿਖਦੇ ਅਤੇ ਬੋਲਦੇ ਆਮ ਦੇਖੀਦੇ ਹਨ।

ਬਹੁਤੇ ਪੰਜਾਬੀ ਪੱਤਰਕਾਰਾਂ ਦੀਆਂ ਲਿਖਤਾਂ ਪੜ੍ਹ ਕੇ ਦੁੱਖ ਵੀ ਹੁੰਦਾ ਹੈ ਤੇ ਹਾਸਾ ਵੀ ਆਉਂਦਾ ਹੈ। ਸ਼੍ਰੀ ਨਰਿੰਦਰ ਮੋਦੀ ਨੂੰ ਪਹਿਲੀ ਵਾਰ ਪ੍ਰਧਾਨ ਮੰਤਰੀ ਬਣਾਉਣ ਵਾਲ਼ੀ ਲੋਕ ਸਭਾ ਚੋਣ ਮੌਕੇ ਸਵਰਗੀ ਬਾਦਲ ਨੇ ਪੰਜਾਬ 'ਚ ਕਿਤੇ ਚੋਣ ਪ੍ਰਚਾਰ ਕਰਦਿਆਂ ਕਿਹਾ ਕਿ ਜੇ ਸ਼੍ਰੀ ਮੋਦੀ ਪ੍ਰਧਾਨ ਮੰਤਰੀ ਬਣ ਗਏ ਤਾਂ ਉਹ ਪੰਜਾਬ ਨੂੰ ਨੋਟ੍ਹਾਂ ਦੇ ਟਰੰਕ ਭਰ ਭਰ ਕੇ ਭੇਜਿਆ ਕਰਨ ਗੇ।

ਟਿੱਪੀ ਤੋਂ ਅਨਜਾਣ ਕਿਸੇ ਪੱਤਰਕਾਰ ਨੇ ਟਰੰਕ ਨੂੰ 'ਟਰਕ' ਲਿਖ ਮਾਰਿਆ। ਬਸ ਫਿਰ ਮੱਖੀ 'ਤੇ ਮੱਖੀ ਮਾਰਨ ਵਾਲ਼ੇ ਪੱਤਰਕਾਰਾਂ ਨੇ ਇਹ ਨਹੀਂ ਸੋਚਿਆ ਕਿ ਬੈਂਕਾਂ ਵਾਲ਼ੇ ਕਰੰਸੀ ਨੋਟ੍ਹ ਇੱਧਰ ਉੱਧਰ ਦੀਆਂ ਬਰਾਂਚਾਂ ਵੱਲ ਭੇਜਣ ਵੇਲੇ ਟਰੰਕਾਂ ਵਿੱਚ ਨੋਟ੍ਹ ਭੇਜਦੇ ਹਨ ਟਰੱਕਾਂ ਵਿੱਚ ਨਹੀਂ ! ਸੋ ਉਨ੍ਹਾਂ 'ਚੋਂ ਕਈਆਂ ਨੇ 'ਟਰਕ' ਉੱਤੇ ਟਿੱਪੀ ਪਾਉਣ ਦੀ ਬਜਾਏ




ਅੱਧਕ ਵੀ ਪਾ ਲਿਆ ਹੋਵੇ ਗਾ ! ਬਸ ਜੀ, ਬਾਦਲ ਸਾਹਬ ਲਈ 'ਨੋਟ੍ਹਾਂ ਦੇ ਟਰੱਕਾਂ' ਵਾਲ਼ਾ ਮਿਹਣਾ ਹੀ ਗੱਜ ਵੱਜ ਕੇ ਮਸ਼ਹੂਰ ਹੋ ਗਿਆ!

ਸ਼੍ਰੀ ਦਰਬਾਰ ਸਾਹਬ ਅੰਮ੍ਰਿਤਸਰ ਵਿਖੇ ਇੱਕ ਭਾਈ ਬਲਵੀਰ ਸਿੰਘ ਨਾਂ ਵਾਲ਼ੇ ਸੇਵਾਦਾਰ ਰਹੇ ਹਨ ਜਿਨ੍ਹਾਂ ਨੇ ਬਰਗਾੜੀ ਦੇ ਬਿਅਦਬੀ ਕਾਂਡ ਤੋਂ ਬਾਅਦ ਸ਼੍ਰੀ ਦਰਬਾਰ ਸਾਹਬ ਮੱਥਾ ਟੇਕਣ ਗਏ ਵੱਡੇ ਬਾਦਲ ਨੂੰ ਪੰਥਕ ਰੋਹ 'ਚ ਆ ਕੇ ਸਿਰੋਪਾ ਨਹੀਂ ਸੀ ਦਿੱਤਾ। ਸ਼੍ਰੀ ਦਰਬਾਰ ਸਾਹਬ ਅੰਦਰ 'ਫਰਾਸ਼' ਦੀ ਸੇਵਾ ਕਰਨ ਸਦਕਾ ਉਨ੍ਹਾਂ ਨੂੰ 'ਭਾਈ ਬਲਵੀਰ ਸਿੰਘ ਫਰਾਸ਼' ਵਜੋਂ ਜਾਣਿਆਂ ਜਾਂ ਜਾਂਦਾ ਸੀ ਪਰ ਬਾਦਲ ਨੂੰ ਸਿਰੋਪਾ ਨਾ ਦੇਣ ਵਾਲ਼ੀ ਘਟਨਾਂ ਬਾਰੇ ਖਬਰ ਬਣਾਉਣ ਵਾਲ਼ੇ ਕਿਸੇ ਪੱਤਰਕਾਰ ਭਰਾ ਨੇ ਫਰਾਸ਼ ਸ਼ਬਦ ਨੂੰ 'ਫਰਾਂਸ' ਲਿਖ ਦਿੱਤਾ! 'ਕੱਢੀ ਕਢਾਈ ਕਬਰ ਚਾਹੁਣ' ਦੇ ਮੁਹਾਵਰੇ ਮੁਜਬ ਪੱਤਰਕਾਰਾਂ ਨੇ ਬਿਨਾਂ ਕੋਈ ਪੁੱਛ ਪੜਤਾਲ਼ ਕਰਨ ਦੇ ਭਾਈ ਬਲਵੀਰ ਸਿੰਘ ਹੁਣਾ ਨੂੰ 'ਫਰਾਂਸੀਸੀ' ਬਣਾ ਛੱਡਿਆ!

ਇਸ ਗੱਲ ਦਾ ਭੇਤ ਤਾਂ ਉਦੋਂ ਖੁੱਲ੍ਹਿਆ ਜਦ ਇੱਕ ਪੱਤਰਕਾਰ ਨਾਲ ਇੰਟਰਵਿਊ ਕਰਦਿਆਂ ਭਾਈ ਸਾਹਬ ਨੇ ਕਿਹਾ ਕਿ ਮੈਂ ਤਾਂ ਆਪਣੀ ਡਿਊਟੀ ਕਰਨ ਵਾਸਤੇ ਵੀ ਸ਼੍ਰੀ ਦਰਬਾਰ ਸਾਹਬ ਨੂੰ ਸਾਈਕਲ 'ਤੇ ਆਉਂਦਾ ਹਾਂ ! ਮੈਂ ਤਾਂ ਕਦੇ ਜਹਾਜ ਦਾ ਸਫਰ ਹੀ ਨਹੀਂ ਕੀਤਾ,ਮੇਰਾ ਫਰਾਂਸ ਨਾਲ਼ ਕੀ ਸਬੰਧ ਹੋਇਆ?

ਪੰਜਾਬ ਦੇ ਸਰਹੱਦੀ ਖੇਤਰ ਵਿੱਚ ਇੱਕ ਪਿੰਡ ਹੈ ਆਸਲ ਉਤਾੜ ! ਕਿਸੇ ਭਦਰ ਪੁਰਸ਼ ਪੱਤਰਕਾਰ ਨੇ ਕਿਤੇ ਅੰਗਰੇਜੀ ਵਿੱਚ ਲਿਖਿਆ Asal Otar ਦੇਖ ਕੇ ਪਿੰਡ ਦਾ ਨਾਂ ਲਿਖ ਦਿੱਤਾ-'ਅਸਲ ਉੱਤਰ !'

ਮੈਂ ਖੁਦ ਅਕਸਰ ਲਿਖਦਾ ਰਿਹਾਂ ਕਿ ਫਲਾਣੇ ਲੇਖਕ ਦੀਆਂ ਲਿਖਤਾਂ ਵਿੱਚ 'ਕਮਾਲ ਦੀ ਰਵਾਨਗੀ' ਹੈ ! ਇੰਗਲੈਂਡ ਦੀ 'ਪੰਜਾਬ ਟਾਈਮਜ਼' ਵਿੱਚ ਛਪੀ ਮੇਰੀ ਕਿਸੇ ਲਿਖਤ ਵਿੱਚ ਇਹ ਸ਼ਬਦ ਪੜ੍ਹ ਕੇ ਮਰਹੂਮ ਅਮੀਨ ਮਲਿਕ ਜੀ ਨੇ ਮੈਨੂੰ ਟੋਕਿਆ ਕਿ ਜਨਾਬ ਰਵਾਨਗੀ ਅਤੇ 'ਰਵਾਨੀ' ਵਿੱਚ ਬਹੁਤ ਫਰਕ ਹੁੰਦਾ ਏ ! ਉਨ੍ਹਾਂ ਸਮਝਾਇਆ ਕਿ ਕਿਸੇ ਇੱਕ ਵਿਅਕਤੀ ਜਾਂ ਜਨਸਮੂੰਹ ਵਲੋਂ ਇੱਕ ਥਾਂਹ ਤੋਂ ਦੂਜੀ ਜਗਾਹ ਵੱਲ੍ਹ ਚੱਲ ਪੈਣ ਨੂੰ 'ਰਵਾਨਗੀ' ਕਹਿੰਦੇ ਨੇ ਤੇ ਵਗਦੇ ਪਾਣੀ ਦੀ ਰਵਾਨੀ ਹੁੰਦੀ ਏ!

ਇਸੇ ਤਰਾਂ ਇੱਕ ਵਾਰ ਪਿੰਡੋਂ ਨਵਾਂ ਸ਼ਹਿਰ ਵੱਲ੍ਹ ਜਾਂਦਿਆਂ ਸਾਡੀ ਕਾਰ ਦੇ ਅੱਗੇ ਜਾ ਰਹੀ ਕਾਰ ਦੇ ਪਿਛਲੇ ਸ਼ੀਸ਼ੇ ਉੱਤੇ 'ਅਗਰੇਜ ਖਗੇ ਤਾ ਟਗੇ ਸੀ !' ਲਿਖਿਆ ਦੇਖ ਕੇ ਮੈਂ ਸੋਚੀਂ ਪੈ ਗਿਆ ਕਿ ਇਹ ਤਾਂ ਆਮ ਵਾਂਗ ਕੋਈ ਜਾਤ-ਗੋਤ ਜਾਂ ਕਿਸੇ ਪਿੰਡ ਦਾ ਨਾਂ ਵੀ ਨਹੀਂ ਲਗਦਾ !ਉਸੇ ਵੇਲੇ ਮੇਰੀ ਨਜ਼ਰ ਪਈ ਇਸ ਸਤਰ ਦੇ ਹੇਠਾਂ ਹੱਥ ਵਿੱਚ ਪਿਸਤੌਲ ਤੇ ਮੁੱਛ ਮਰੋੜਦੇ ਸ਼ਹੀਦ ਭਗਤ ਸਿੰਘ ਦੀ ਫੋਟੋ !

ਫਿਰ ਮੇਰੇ ਖਾਨੇ ਪੈ ਗਈ ਕਿ ਇਹ ਲਿਖਣ ਵਾਲ਼ਾ 'ਅਣਖੀਲਾ ਸ਼੍ਰੀ ਮਾਨ' ਤਿੰਨ ਟਿੱਪੀਆਂ ਤੇ ਇੱਕਬਿੰਦੀ ਖਾ ਗਿਆ ਐ-'ਅੰਗਰੇਜ ਖੰਘੇ ਤਾਂ ਟੰਗੇ ਸੀ !'
ਹਮ ਦੁਆ ਲਿਖਤੇ ਗਏ ਵੋਹ ਦਗਾ ਪੜ੍ਹਤੇ ਗਏ
ਏਕ ਨੁਕਤੇ ਨੇ ਹਮੇਂ ਮਹਰਮ ਸੇ ਮੁਜ਼ਰਮ ਕਰ ਦੀਆ।

## 14 ਅਕਤੂਬਰ 1956

# ਇਕ ਸਭਿਆਚਾਰਕ ਕ੍ਰਾਂਤੀ ਦਾ ਆਗਾਜ਼



ਡਾ. ਜੀ. ਸੀ. ਕੌਲ

14 ਅਕਤੂਬਰ ਵਿਸ਼ਵ ਭਰ ਦੇ ਅੰਬੇਡਕਰੀਆਂ ਲਈ ਇਕ ਇਤਿਹਾਸਕ, ਯਾਦਗਾਰੀ ਅਤੇ ਮਹੱਤਵਪੂਰਨ ਦਿਨ ਹੈ। ਇਸ ਦਿਨ ਬਾਬਾ ਸਾਹਿਬ ਡਾ. ਅੰਬੇਡਕਰ ਨੇ 1956 ਵਿਚ ਨਾਗਪੁਰ ਵਿਖੇ ਲੱਖਾਂ ਲੋਕਾਂ ਨਾਲ ਬੁੱਧ ਧਰਮ ਵਿਚ ਦੀਕਸ਼ਤ ਹੋ ਕੇ ਅਰਥਾਤ ਵਰਣ-ਵਿਵਸਥਾ ਅਤੇ ਜਾਤ-ਪਾਤ 'ਤੇ ਆਧਾਰਿਤ ਹਿੰਦੂ ਧਰਮ ਨੂੰ ਤਿਲਾਂਜਲੀ ਦੇ ਕੇ ਦਲਿਤਾਂ ਅੰਦਰ ਇਕ ਸਭਿਆਚਾਰਕ ਕ੍ਰਾਂਤੀ ਦਾ ਆਗਾਜ਼ ਕੀਤਾ ਸੀ। ਇਸ ਤੋਂ ਲਗਭਗ ਦੋ ਦਹਾਕੇ ਪਹਿਲਾਂ, 13 ਅਕਤੂਬਰ 1935 ਨੂੰ ਯਿਓਲਾ, ਜ਼ਿਲ੍ਹਾ ਨਾਸਿਕ (ਮਹਾਰਾਸ਼ਟਰ) ਵਿਖੇ ਭਾਰੀ ਗਿਣਤੀ ਵਿਚ ਇਕੱਤਰ ਹੋਏ ਦੱਬੀਆਂ, ਦਰੜੀਆਂ ਅਛੂਤ ਜਾਤੀਆਂ ਦੇ ਜਨ-ਪ੍ਰਤੀਨਿਧੀਆਂ ਦੀ ਵਿਸ਼ਾਲ ਕਾਨਫਰੰਸ ਵਿਚ ਬਾਬਾ ਸਾਹਿਬ ਨੇ ਐਲਾਨ ਕੀਤਾ ਸੀ ਕਿ ਬਦਕਿਸਮਤੀ ਨਾਲ ਉਹ 'ਹਿੰਦੂ' ਪੈਦਾ ਹੋਏ ਹਨ, ਪਰ ਉਹ ਇਕ ਹਿੰਦੂ ਵਜੋਂ ਮਰਨਗੇ ਨਹੀਂ। ਉਨ੍ਹਾਂ ਸਪਸ਼ਟ ਐਲਾਨ ਕੀਤਾ ਕਿ ਉਹ ਹਿੰਦੂ ਧਰਮ ਦਾ ਤਿਆਗ ਕਰਨਗੇ।

14 ਅਕਤੂਬਰ 2023, ਅਮਰੀਕਾ ਵਿਚ ਵੱਸਦੇ ਭਾਰਤੀਆਂ ਲਈ ਵੀ ਇਕ ਅਹਿਮ ਦਿਨ ਹੈ। ਅਗਸਤ 1917 ਵਿਚ ਅਮਰੀਕਾ ਦੀ ਕੋਲੰਬੀਆ ਯੂਨੀਵਰਸਿਟੀ ਤੋਂ ਐਮ. ਏ., ਪੀ. ਐਚ. ਡੀ. ਦੀਆਂ ਉੱਚ-ਵਿਦਿਅਕ ਡਿਗਰੀਆਂ ਪ੍ਰਾਪਤ ਕਰਕੇ ਵਿਸ਼ਵ ਦੇ ਮਹਾਨ ਚਿੰਤਕ ਅਮਰੀਕੀ ਲੋਕਤੰਤਰ ਦੀਆਂ ਅਹਿਮ ਅਤੇ ਵਾਸਤਵਿਕ ਵਿਸ਼ੇਸ਼ਤਾਵਾਂ ਤੋਂ ਪ੍ਰਭਾਵਿਤ ਹੋਕੇ ਵਾਪਸ ਭਾਰਤ ਪਰਤੇ। ਜਿਸ ਦੇਸ਼ 'ਚੋਂ ਉੱਚ-ਵਿਦਿਆ ਪ੍ਰਾਪਤ ਕਰਕੇ ਭੀਮ ਰਾਓ ਅੰਬੇਡਕਰ ਡਾ. ਬੀ. ਆਰ. ਅੰਬੇਡਕਰ ਬਣੇ, ਉਸ ਸੁਪਰ ਪਾਵਰ ਦੇਸ਼ ਦੀ ਰਾਜਧਾਨੀ ਵਾਸ਼ਿੰਗਟਨ ਤੋਂ 30 ਕੁ ਮੀਲ ਦੂਰ ਐਕੋਕੀਕ, ਮੈਰੀਲੈਂਡ ਵਿਖੇ 14 ਅਕਤੂਬਰ ਨੂੰ ਵਿਸ਼ਵ ਦੇ ਉਸ ਮਹਾਨ ਵਿਅਕਤਿਤਵ ਦੀ ਵਿਸ਼ਾਲ ਕੱਦ ਮੂਰਤੀ ਅੰਬੇਡਕਰ ਇੰਟਰਨੈਸ਼ਨਲ ਸੈਂਟਰ, ਯੂ. ਐਸ. ਏ. ਵਿਖੇ 'ਸਮਾਨਤਾ ਦੀ ਮੂਰਤੀ' (Statue of Equlity) ਦੇ ਪ੍ਰਤੀਕ ਵਜੋਂ ਸਥਾਪਤ ਕੀਤੀ ਜਾ ਰਹੀ ਹੈ।

ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਜਿਊਂਦੇ ਜੀਅ ਉਨ੍ਹਾਂ ਦੀ ਜੀਵਨੀ ਲਿਖਣ ਵਾਲੇ ਭਾਰਤ ਦੇ ਪ੍ਰਸਿੱਧ ਜੀਵਨੀ-ਲੇਖਕ ਧਨੰਜੇ ਕੀਰ ਨੇ ਆਪਣੀ ਪੁਸਤਕ 'ਡਾ. ਅੰਬੇਡਕਰ ਲਾਈਫ ਐਂਡ ਮਿਸ਼ਨ' ਦੇ ਪੰਨਾ 523 ਤੇ ਲਿਖਿਆ ਸੀ:

(ੳ) ਅੰਬੇਡਕਰ ਦਾ ਜੀਵਨ ਏਨਾ ਉਤੇਜਕ, ਬਹੁਭਾਂਤੀ, ਰੁਮਾਂਚਕ ਅਤੇ ਅਦਭੁਤ ਹੈ ਕਿ ਇਸ ਦੇਸ਼ ਦਾ ਜਾਂ ਕਿਸੇ ਹੋਰ ਵੀ ਦੇਸ਼ ਦਾ ਕੋਈ ਵਿਅਕਤੀ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦਾ।

(ਅ) ਇਕ ਅਛੂਤ ਹਿੰਦੂ ਦਾ ਇਹ ਸਪੂਤ ਇਸ ਪ੍ਰਾਚੀਨ ਦੇਸ਼ ਦੇ ਇਤਿਹਾਸ ਅੰਦਰ ਬਤੌਰ ਇਕ ਸਿੱਖਿਆ ਸ਼ਾਸਤਰੀ, ਆਰਥਿਕ ਮਾਹਿਰ, ਲੇਖਕ, ਪ੍ਰੋਫੈਸਰ, ਵਕੀਲ, ਆਗੂ, ਕਾਨੂੰਨ ਦੇਣ ਵਾਲਾ, ਕਾਨੂੰਨ ਬਣਾਉਣ ਵਾਲਾ, ਅਸਮਾਨਤਾ ਖਤਮ ਕਰਨ ਵਾਲਾ ਅਤੇ ਮੁਕਤੀਦਾਤਾ ਵਜੋਂ, ਹਮੇਸ਼ਾ ਯਾਦ ਰੱਖਿਆ ਜਾਵੇਗਾ।

ਡਾ. ਅੰਬੇਡਕਰ ਦੁਨੀਆਂ ਦੇ ਕੁਝ ਇਕ ਮਹਾਨ ਚਿੰਤਕਾਂ ਵਿਚ ਵਿਸ਼ੇਸ਼ ਸਥਾਨ ਗ੍ਰਹਿਣ ਕਰਨ ਵਾਲੇ ਮਹਾਨ ਵਿਚਾਰਵਾਨ ਸਨ। ਉਨ੍ਹਾਂ ਦਾ ਦੁਖਾਂਤ ਇਹ ਰਿਹਾ ਕਿ ਉਹ ਭਾਰਤ ਦੇ ਅਜਿਹੇ ਵਰਗ ਵਿਚ ਪੈਦਾ ਹੋਏ, ਜਿਸ ਨੂੰ ਇਸਦੇਸ਼ ਵਿਚ ਸਦੀਆਂ ਪਹਿਲਾਂ ਆਏ ਯੂਰੇਸ਼ਿਆਈ ਬ੍ਰਾਹਮਣਾਂ ਨੇ ਅਤੀ ਸ਼ੂਦਰ, ਅਛੂਤ ਅਤੇ ਭ੍ਰਿਸ਼ਟਿਆ ਹੋਇਆ ਐਲਾਨਿਆ ਹੋਇਆ ਸੀ। ਇਹੀ ਕਾਰਨ ਹੈ ਕਿ ਉਨ੍ਹਾਂ ਦੀਆਂ ਲਿਖਤਾਂ ਅਤੇ ਵਿਚਾਰਧਾਰਾ ਦੇ ਅਧਿਐਨ ਵੱਲ ਵਿਸ਼ੇਸ਼ ਤਵੱਜੋਂ ਨਹੀਂ ਦਿੱਤੀ ਗਈ। ਪਰ ਅਜੋਕੇ ਯੁੱਗ ਵਿਚ ਜਿਵੇਂ-ਜਿਵੇਂ ਉਨ੍ਹਾਂ ਦੇ ਫਲਸਫੇ ਦਾ ਵਿਸ਼ਲੇਸ਼ਣ ਹੋ ਰਿਹਾ ਹੈ, ਤਿਵੇਂ-ਤਿਵੇਂ ਅੱਜ ਸਮੁੱਚੇ ਵਿਸ਼ਵ ਦੇ ਬੁੱਧੀਜੀਵੀ ਉਨ੍ਹਾਂ ਦੇ ਵਿਸ਼ਾਲ ਅਧਿਐਨ, ਚਿੰਤਨ ਅਤੇ ਹੋਰ ਮਾਨਵੀ ਸਮੱਸਿਆਵਾਂ ਪ੍ਰਤੀ ਉਨ੍ਹਾਂ ਦੀ ਗਹਿਰੀ ਤੀਖਣ ਅਤੇ ਸੂਖਮ ਸੋਚ ਅਤੇ ਸਮਾਧਾਨ ਦੇ ਕਾਇਲ ਹੋ ਰਹੇ ਹਨ।

ਬਾਲਪਨ ਤੋਂ ਹੀ ਉਨ੍ਹਾਂ ਨੂੰ ਬੇਪਨਾਹ ਅਪਮਾਨ ਦਾ ਸਾਹਮਣਾ ਕਰਨਾ ਪਿਆ। ਪਰ ਆਪਣੀ ਸਖਤ ਮਿਹਨਤ, ਲਗਨ, ਸਵੈ-ਵਿਸ਼ਵਾਸ, ਮਜ਼ਬੂਤ ਅਤੇ ਦ੍ਰਿੜ ਇੱਛਾ-ਸ਼ਕਤੀ ਅਤੇ ਇਰਾਦੇ ਅਧੀਨ ਉਨ੍ਹਾਂ ਨੇ ਵਿਸ਼ਵ ਪ੍ਰਸਿੱਧ ਸਮਾਜ ਤੇ ਸਿੱਖਿਆ-ਸ਼ਾਸਤਰੀ, ਆਰਥਿਕ ਮਾਹਿਰ, ਕਾਨੂੰਨਦਾਨ, ਲੇਖਕ, ਪ੍ਰੋਫੈਸਰ, ਵਕੀਲ, ਅਸਮਾਨਤਾ ਖਤਮ ਕਰਨ ਵਾਲੇ ਯੋਧੇ ਅਤੇ ਇਸਤਰੀ ਤੇ ਅਛੂਤ ਵਰਗ ਦੇ ਮੁਕਤੀਦਾਤਾ ਵਜੋਂ ਆਪਣੀ ਵੱਖਰੀ ਤੇ ਵਿਸ਼ੇਸ਼ ਪਹਿਚਾਣ ਬਣਾਈ।

ਭਾਰਤ ਦੀ ਸਮਾਜਿਕ ਬਣਤਰ ਦੇ ਗਹਿਰੇ ਅਧਿਐਨ ਉਪਰੰਤ ਉਨ੍ਹਾਂ ਨੂੰ ਇਹ ਅਹਿਸਾਸ ਹੋ ਗਿਆ ਸੀ ਕਿ ਭਾਰਤ ਦੇ ਕਰੋੜਾਂ ਪੀੜਤ ਤੇ ਸ਼ੋਸ਼ਿਤ ਅਛੂਤ ਹਿੰਦੂ ਨਹੀਂ ਹਨ, ਬ੍ਰਾਹਮਣਵਾਦ ਨੇ ਜ਼ਬਰਦਸਤੀ ਇਹ ਵਿਚਾਰਧਾਰਾ ਇਨ੍ਹਾਂ ਉਪਰ ਠੋਸੀ ਹੋਈ ਹੈ। ਸਦੀਆਂ ਤੋਂ ਪੀੜਾ ਭੋਗ ਰਿਹਾ ਇਹ ਬਹਿਸ਼ਕ੍ਰਿਤ ਸਮਾਜ ਆਪਣੇ ਮੂਲ ਨੂੰ ਭੁੱਲ ਕੇ ਮਨੂੰਵਾਦ ਦੇ ਜ਼ੁਲਮਾਂ ਦਾ ਸ਼ਿਕਾਰ ਹੋ ਰਿਹਾ ਹੈ ਅਤੇ ਬਰਤਾਨਵੀ ਰਾਜ ਅਧੀਨ ਆਪਣੀ ਨਫਰੀ ਵਧਾਉਣ ਲਈ ਹਿੰਦੂਆਂ ਵੱਲੋਂ ਅਛੂਤਾਂ ਨੂੰ ਆਪਣਾ ਅੰਗ ਦਰਸਾ ਕੇ ਸਰਕਾਰੇ, ਦਰਬਾਰੇ ਸ਼ਕਤੀ ਪ੍ਰਾਪਤ ਕਰਨ ਦਾ ਢੌਂਗ ਰਚਿਆ ਗਿਆ ਹੈ। ਆਪ ਦਾ ਦ੍ਰਿੜ ਵਿਸ਼ਵਾਸ ਸੀ ਕਿ ਸਮ੍ਰਿਤੀਆਂ, ਸ਼ਰੁਤੀਆਂ ਅਤੇ ਸ਼ਾਸਤਰਾਂ ਦੁਆਰਾ ਸ਼ੂਦਰਾਂ ਤੇ ਲਾਈਆਂ ਗਈਆਂ ਪਾਬੰਦੀਆਂ ਅਤੇ ਨਿਸ਼ੇਧ ਕਾਰਜਾਂ ਅਧੀਨ ਅਛੂਤ ਕਦੇ ਵੀ ਹਿੰਦੂ ਵਜੋਂ ਮਾਨਵੀਂ ਹੱਕ ਪ੍ਰਾਪਤ ਨਹੀਂ ਕਰ ਸਕਦੇ। ਮਹਾਰਾਸ਼ਟਰ ਸਰਕਾਰ ਵੱਲੋਂ ਬਾਬਾ ਸਾਹਿਬ ਦੇ ਜੀਵਨ ਅਤੇ ਕਾਰਜਾਂ ਸਬੰਧੀ ਪ੍ਰਕਾਸ਼ਿਤ ਲਗਭਗ ਦੋ ਦਰਜਨ ਜਿਲਦਾਂ ਵਿਚ ਉਨ੍ਹਾਂ ਦੀਆਂ ਲਿਖਤਾਂ ਅਤੇ ਭਾਸ਼ਣਾਂ ਵਿਚੋਂ ਇਹ ਤੱਥ ਉਭਰ ਕੇ ਸਾਹਮਣੇ ਆਉਂਦੇ ਹਨ।

ਬਾਬਾ ਸਾਹਿਬ ਅਛੂਤਾਂ ਅੰਦਰ ਸਭਿਆਚਾਰਕ ਕ੍ਰਾਂਤੀ ਲਿਆਉਣਾ ਚਾਹੁੰਦੇ ਸਨ। ਜਿਸ ਬ੍ਰਾਹਮਣਵਾਦੀ, ਰੂੜ੍ਹੀਵਾਦੀ ਚਿੰਤਨ ਨੇ ਸਦੀਆਂ ਤੋਂ ਅਛੂਤਾਂ ਨੂੰ ਗੁਲਾਮ ਬਣਾਈ ਰੱਖਿਆ ਸੀ, ਉਸਦਾ ਤਿਆਗ ਕਰਵਾ ਕੇ ਆਪ ਨਵੀਂ ਸੋਚ, ਨਵੀਂ ਰੋਸ਼ਨੀ ਅਤੇ ਨਵੇਂ ਆਦਰਸ਼ ਸਥਾਪਤ ਕਰਨਾ ਚਾਹੁੰਦੇ ਸਨ। ਡਾ. ਅੰਬੇਡਕਰ ਨੇ ਸਪਸ਼ਟ ਕਿਹਾ ਕਿ ਮੇਰਾ ਇਕ ਮਿਸ਼ਨ ਹੈ, ਇਹ ਮਿਸ਼ਨ ਹੈ ਲੋਕਾਂ ਤੋਂ ਪੁਰਾਣਾ ਰੂੜ੍ਹੀਵਾਦੀ ਦਰਸ਼ਨ ਛੁਡਾ ਕੇ ਉਨ੍ਹਾਂ ਨੂੰ ਬੁੱਧੀਵਾਦ ਤੇ ਨੈਤਿਕਤਾ ਦੇ ਮਾਰਗ ਤੇ ਚਲਾਉਣਾ। ਹਿੰਦੂ ਜਿਸ ਨੂੰ ਧਰਮ ਕਹਿੰਦੇ ਹਨ, ਉਹ ਹੁਕਮਨਾਮਿਆਂ ਅਤੇ ਪਾਬੰਦੀਆਂ ਦੀ ਵੰਡ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਇਸ ਤਰ੍ਹਾਂ ਅੰਬੇਡਕਰਵਾਦ ਇਕ ਅਗਾਂਹਵਧੂ ਜੀਵਨ ਮਾਰਗ ਹੈ, ਇਸਦਾ ਫਿਰਕੂ ਤੇ ਪਿਛਾਂਹ ਖਿੱਚੂ ਤਾਕਤਾਂ ਨਾਲ ਟਕਰਾਅ ਹੈ। ਬਾਬਾ ਸਾਹਿਬ ਦਾ ਕਥਨ ਸੀ ਕਿ ਮੈਂ ਹਰ ਉਸ ਸਿਧਾਂਤ ਨੂੰ ਰੱਦ ਕਰਦਾ ਹਾਂ ਜਿਹੜਾ ਤਰਕ ਦੀ ਕਸੌਟੀ ਤੇ ਪੂਰਾ ਨਾ ਉਤਰੇ ਅਤੇ ਜੋ ਨੈਤਿਕਤਾ ਦਾ ਵਿਰੋਧੀ ਹੋਵੇ।



ਡਾ. ਅੰਬੇਡਕਰ ਸਾਹਿਬ ਦੇ ਇਸ ਐਲਾਨ ਉਪਰੰਤ ਭਾਰਤ ਵਿਚ ਵਿਚਰਦੇ ਵਿਭਿੰਨ ਧਰਮ-ਅਚਾਰੀਆਂ ਨੇ ਉਨ੍ਹਾਂ ਨਾਲ ਸੰਪਰਕ ਸਾਧ ਕੇ ਆਪਣੇ-ਆਪਣੇ ਧਰਮ ਦੀ ਵਿਸ਼ੇਸ਼ਤਾ ਅਤੇ ਅਛੂਤਾਂ ਪ੍ਰਤੀ ਸਮਾਨ ਵਿਵਹਾਰ ਦੀ ਚੇਸ਼ਟਾ ਦਰਸਾਉਂਦਿਆਂ ਅਛੂਤਾਂ ਨੂੰ ਉਨ੍ਹਾਂ ਦੇ ਧਰਮ ਵਿਚ ਸ਼ਾਮਲ ਹੋਣ ਲਈ ਖੁੱਲ੍ਹਾ ਸੱਦਾ ਦਿੱਤਾ। ਕੁਝ ਇਕ ਨੇ ਉਨ੍ਹਾਂ ਨੂੰ ਸਬਜ਼ਬਾਗ ਵੀ ਦਿਖਾਏ ਅਤੇ ਸਹਾਇਤਾ ਲਈ ਕਈ ਪੇਸ਼ਕਸ਼ਾਂ ਵੀ ਕੀਤੀਆਂ। ਇਹ ਧਰਮ-ਅਚਾਰੀਆਂ ਇਸ ਭੁਲੇਖੇ ਵਿਚ ਸਨ ਕਿ ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੇ ਇਸ ਐਲਾਨ ਪਿੱਛੇ ਸ਼ਾਇਦ ਉਨ੍ਹਾਂ ਦਾ ਨਿੱਜੀ ਸਵਾਰਥ ਹੈ। ਪਰ ਬਾਬਾ ਸਾਹਿਬ ਦੇ ਸਾਹਮਣੇ ਤਾਂ ਹਜ਼ਾਰਾਂ ਸਾਲਾਂ ਤੋਂ ਪੀੜਾ ਭੋਗ ਰਹੇ ਅਛੂਤਾਂ ਦੇ ਭਵਿੱਖ ਦਾ ਸਵਾਲ ਸੀ। ਉਹ ਇਕ ਅਤੀ ਹੰਢੇ ਵਰਤੇ ਚਿੰਤਕ ਸਨ। ਇਸ ਲਈ ਉਹ ਧਰਮ ਬਦਲੀ ਦੇ ਵਿਚਾਰ ਨੂੰ ਅਮਲੀ ਜਾਮਾ ਪਹਿਨਾਉਣ ਲਈ ਕਿਸੇ ਜਲਦਬਾਜ਼ੀ ਵਿਚ ਨਹੀਂ ਸਨ। ਕਰੋੜਾਂ ਅਛੂਤਾਂ ਦੇ ਭਵਿੱਖ ਦਾ ਨਿਰਣੇ ਕਰਨ ਲਈ ਉਹ ਸਾਰੇ ਧਰਮਾਂ ਦੇ ਅਮਲੀ ਜੀਵਨ ਅਥਵਾ ਕਥਨੀ ਤੇ ਕਰਨੀ ਅਤੇ ਸਿਧਾਂਤਾਂ ਦਾ ਹੋਰ ਗਹਿਰਾ ਅਧਿਐਨ ਕਰਨਾ ਚਾਹੁੰਦੇ ਸਨ।

ਧਰਮ ਸਬੰਧੀ ਡਾ. ਅੰਬੇਡਕਰ ਸਾਹਿਬ ਦੇ ਵਿਚਾਰ ਵਾਚਣਯੋਗ ਹਨ। ਉਹ ਅਛੂਤਾਂ ਵਿਚ ਸਭਿਆਚਾਰਕ ਇਨਕਲਾਬ ਲਿਆਉਣਾ ਚਾਹੁੰਦੇ ਸਨ। ਉਨ੍ਹਾਂ ਦਾ ਸਪਸ਼ਟ ਮਤ ਸੀ ਕਿ ਇਨ੍ਹਾਂ ਅੰਦਰ ਮਾਨਸਿਕ ਗੁਲਾਮੀ ਕਾਰਨ ਪੈਦਾ ਹੋਈ ਹੀਣ-ਭਾਵਨਾ ਨੂੰ ਕੇਵਲ ਬੁੱਧੀਵਾਦ ਦੁਆਰਾ ਪ੍ਰਾਪਤ ਕੀਤਾ ਸਵੈ-ਮਾਣ, ਸਵੈ-ਭਰੋਸਾ ਅਤੇ ਸਵੈ-ਸ਼ਕਤੀ ਹੀ ਖਤਮ ਕਰ ਸਕਦੇ ਹਨ। 1951 ਵਿਚ ਆਪਣੇ ਇਕ ਲੇਖ 'ਬੁੱਧ ਅਤੇ ਉਨ੍ਹਾਂ ਦੇ ਧੰਮ ਦਾ ਭਵਿੱਖ' ਵਿਚ ਆਪ ਨੇ ਲਿਖਿਆ:-

*"ਸਮਾਜ ਨੂੰ ਇੱਕਮੁਠ ਰੱਖਣ ਲਈ ਕਾਨੂੰਨ ਜਾਂ ਸਦਾਚਾਰ ਦੀ ਲੋੜ ਹੈ, ਇਸ ਤੋਂ ਬਗੈਰ ਇਹ ਖੇਰੂੰ-ਖੇਰੂੰ ਹੋ ਜਾਵੇਗਾ। ਧਰਮ ਨੇ ਜੇਕਰ ਕਾਰਜ ਕਰਨਾ ਹੈ ਤਾਂ ਇਸ ਨੂੰ ਤਰਕਸ਼ੀਲ ਹੋਣਾ ਚਾਹੀਦਾ ਹੈ ਜੋ ਵਿਗਿਆਨ ਦਾ ਦੂਜਾ ਨਾਂ ਹੈ। ਧਰਮ ਲਈ ਇਹੋ ਕਾਫੀ ਨਹੀਂ ਕਿ ਉਸਦਾ ਨੈਤਿਕ ਜ਼ਾਬਤਾ ਹੋਵੇ, ਸਗੋਂ ਉਸਦਾ ਨੈਤਿਕ ਜ਼ਾਬਤਾ, ਆਜ਼ਾਦੀ, ਬਰਾਬਰੀ ਅਤੇ ਭਾਈਚਾਰੇ ਦੇ ਬੁਨਿਆਦੀ ਅਸੂਲਾਂ ਨੂੰ ਮਾਨਤਾ ਦੇਵੇ। ਧਰਮ ਨਾ ਤਾਂ ਗਰੀਬੀ ਨੂੰ ਵਡਿਆਵੇ ਅਤੇ ਨਾ ਉਸ ਨੂੰ ਠੀਕ ਦਰਸਾਵੇ।"*

ਬਾਬਾ ਸਾਹਿਬ ਦੀ ਇਹ ਸਪਸ਼ਟ ਧਾਰਨਾ ਸੀ ਕਿ ਸਦੀਆਂ ਤੋਂ ਰੂੜ੍ਹੀਵਾਦੀ ਵਿਚਾਰਧਾਰਾ ਨੂੰ ਅਪਣਾਈ ਰੱਖਣਾ ਵੀ ਅਛੂਤਾਂ ਦੇ ਵਿਕਾਸ ਵਿਚ ਬਹੁਤ ਵੱਡੀ ਰੁਕਾਵਟ ਹੈ। ਮਈ, 1956 ਵਿਚ ਬੀ. ਬੀ. ਸੀ. ਲੰਡਨ ਤੋਂ ਪ੍ਰਸਾਰਿਤ ਹੋਈ ਆਪਣੀ ਇਕ ਵਾਰਤਾ "ਮੈਂ ਬੁੱਧ ਧਰਮ ਨੂੰ ਕਿਉਂ ਪਸੰਦ ਕਰਦਾ ਹਾਂ ਅਤੇ ਵਰਤਮਾਨ ਹਾਲਾਤ ਵਿਚ ਇਹ ਸੰਸਾਰ ਵਾਸਤੇ ਕਿਉਂ ਕਲਿਆਣਕਾਰੀ ਹੈ" ਵਿਚ ਬਾਬਾ ਸਾਹਿਬ ਨੇ ਕਿਹਾ: ਮੈਨੂੰ ਬੁੱਧ ਧਰਮ ਉਸਦੇ ਤਿੰਨ ਿ ਸਧਾਂਤਾਂ-ਪ੍ਰਗਿਆ (ਵਹਿਮ ਪ੍ਰਸਤੀ ਦੀ ਬਜਾਏ ਸੂਝ ਸਮਝ), ਕਰੁਣਾ ਅਤੇ ਸਮਤਾ-ਕਾਰਣ ਅਧਿਕ ਪ੍ਰਿਯ ਹੈ। ਈਸ਼ਵਰ ਜਾਂ ਆਤਮਾ ਸਮਾਜ ਨੂੰ ਇਸਦੇ ਪਤਨ ਤੋਂ ਨਹੀਂ ਬਚਾ ਸਕਦੇ। ਬੁੱਧ ਧਰਮ ਹੀ ਵਿਅਕਤੀ ਅਤੇ ਸਮਾਜ ਨੂੰ ਗਿਰਾਵਟ ਤੋਂ ਬਚਾ ਸਕਦਾ ਹੈ। ਬੁੱਧ ਦੀ ਸਿੱਖਿਆ ਰਕਤ-ਰਹਿਤ ਕ੍ਰਾਂਤੀ ਦੁਆਰਾ ਸਾਮਵਾਦ ਲਿਆ ਸਕਦੀ ਹੈ।

ਧਰਮ ਦਾ ਉਦੇਸ਼, ਪ੍ਰਯੋਜਨ ਅਤੇ ਮਨੁੱਖੀ ਜੀਵਨ ਵਿਚ ਇਸ ਦੀ ਅਹਿਮੀਅਤ ਬਾਰੇ ਡਾ. ਅੰਬੇਡਕਰ ਦੇ ਵਿਚਾਰਾਂ ਦਾ ਵਿਸ਼ਲੇਸ਼ਣ ਕਰਨ ਉਪਰੰਤ ਨਿਸ਼ਚੇ ਹੀ ਇਸ ਨਤੀਜੇ ਤੇ ਪਹੁੰਚਿਆ ਜਾ ਸਕਦਾ ਹੈ ਕਿ ਉਨ੍ਹਾਂ ਨੇ ਬੁੱਧ ਧਰਮ ਤੋਂ ਇਲਾਵਾ ਕੋਈ ਹੋਰ ਧਰਮ ਕਿਉਂ ਨਹੀਂ ਅਪਣਾਇਆ ਇਸ ਸੰਦਰਭ ਵਿਚ ਬਾਬਾ ਸਾਹਿਬ ਦੀਆਂ ਲਿਖਤਾਂ ਅਤੇ ਭਾਸ਼ਣ ਬਾਖੂਬੀ ਸਾਡਾ ਮਾਰਗ-ਦਰਸ਼ਨ ਕਰਦੇ ਹਨ:

* ਧਰਮ ਦਾ ਸਬੰਧ ਜੀਵਨ ਦੀਆਂ ਸਚਾਈਆਂ ਨਾਲ ਹੋਣਾ ਚਾਹੀਦਾ ਹੈ, ਰੱਬ, ਰੂਹ, ਸਵਰਗ ਜਾਂ ਧਰਤੀ ਬਾਰੇ ਸਿਧਾਂਤਾਂ ਜਾਂ ਅਨੁਮਾਨਾਂ ਨਾਲ ਨਹੀਂ ਹੋਣਾ ਚਾਹੀਦਾ।

* ਰੱਬ, ਰੂਹ ਨੂੰ ਕੇਂਦਰੀ ਬਿੰਦੂ ਮੰਨਣਾ ਗਲਤ ਹੈ।

* ਅਸਲ ਧਰਮ ਮਨੁੱਖ ਦੇ ਮਨ ਵਿਚ ਹੁੰਦਾ ਹੈ, ਧਰਮ ਗ੍ਰੰਥਾਂ ਵਿਚ ਨਹੀਂ।

* ਧਰਮ ਦਾ ਕੰਮ ਦੁਨੀਆਂ ਦੀ ਪੁਨਰ ਉਸਾਰੀ ਕਰਨਾ ਹੈ, ਇਸ ਨੂੰ ਖੁਸ਼ ਰੱਖਣਾ ਹੈ, ਦੁਨੀਆਂ ਦੇ ਜਨਮ ਜਾਂ ਅੰਤ ਦੀ ਵਿਆਖਿਆ ਨਹੀਂ।

(Dr. Ambedkar, Writings & Speeches, Vol. 3, Page 442)

* ਅਸਲੀ ਧਰਮ, ਧਰਮ ਪੁਸਤਕਾਂ, ਧਰਮ ਗ੍ਰੰਥਾਂ ਦੇ ਪਾਠ ਵਿਚ ਨਹੀਂ, ਬਲਕਿ ਧਾਰਮਿਕ ਜੀਵਨ ਜਿਊਣ ਵਿਚ ਹੈ।

(ਉਹੀ Vol. 11, Page 255)

* ਰੱਬ ਸ੍ਰਿਸਟੀ ਦਾ ਜਨਮਦਾਤਾ ਹੈ, ਇਹ ਅਧਰਮ ਹੈ, ਧਰਮ (ਧੰਮ) ਨਹੀਂ। ਇਹ ਤਾਂ ਕੇਵਲ ਝੂਠ ਵਿਚ ਵਿਸਵਾਸ ਕਰਨ ਬਰਾਬਰ ਹੈ।

(ਉਹੀ, Vol. 11. Page 105)

ਪਿਛਲੇ ਜਨਮਾਂ ਦਾ ਸਿਧਾਂਤ ਨਿਰੋਲ ਬ੍ਰਾਹਮਣਵਾਦੀ ਸਿਧਾਂਤ ਹੈ। ਪਿਛਲੇ ਜਨਮਾਂ ਦਾ ਵਰਤਮਾਨ ਉਤੇ ਪ੍ਰਭਾਵ ਪੂਰੀ ਤਰ੍ਹਾਂ, ਆਤਮਾ ਦੇ ਬ੍ਰਾਹਮਣਵਾਦੀ ਸਿਧਾਂਤ ਨਾਲ ਮੇਲ ਖਾਂਦਾ ਹੈ ਕਿ ਕਰਮਾਂ ਦਾ ਆਤਮਾ ਤੇ ਅਸਰ ਹੁੰਦਾ ਹੈ।

(ਉਹੀ, Vol. 11. Page 343)

ਧਰਮ ਸਬੰਧੀ ਡਾ. ਅੰਬੇਡਕਰ ਨੇ ਉਪਰੋਕਤ ਕੁਝ ਮਹੱਤਵਪੂਰਨ ਪੈਮਾਨੇ ਨਿਸ਼ਚਿਤ ਕੀਤੇ ਹਨ। ਜਿਹੜੇ ਵਿਦਵਾਨ ਜਾਂ ਸਿਆਸਤਦਾਨ ਉਨ੍ਹਾਂ ਦੇ ਧਰਮ ਪਰਿਵਰਤਨ ਅੰਦੋਲਨ ਨੂੰ ਕਿਸੇ ਵਿਸ਼ੇਸ਼ ਧਰਮ ਨੂੰ ਨਾ ਅਪਣਾਉਣ ਦੀ ਵਿਚਾਰ ਚਰਚਾ ਕਰਦਿਆਂ ਆਰੋਪ-ਪ੍ਰਤੀ ਆਰੋਪ ਵਿਚ ਪੈਂਦੇ ਹਨ, ਮੇਰਾ ਵਿਚਾਰ ਹੈ ਕਿ ਉਨ੍ਹਾਂ ਨੂੰ ਇਸ ਸਬੰਧੀ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਪੁਨਰ ਮੁਲਆਂਕਣ ਕਰਨਾ ਚਾਹੀਦਾ ਹੈ।

ਡਾ. ਅੰਬੇਡਕਰ ਦੀ ਪਾਰਖੂ ਦ੍ਰਿਸ਼ਟੀ ਅਤੇ ਉਨ੍ਹਾਂ ਵੱਲੋਂ ਧਰਮ ਸਬੰਧੀ ਨਿਸ਼ਚਿਤ ਪੈਮਾਨਿਆਂ ਦੀ ਕਸੌਟੀ ਤੇ ਬੁੱਧ ਧੰਮ ਹੀ ਪੂਰਾ ਉਤਰਦਾ ਹੈ। ਇਹੀ ਕਾਰਨ ਹੈ ਕਿ ਉਨ੍ਹਾਂ ਨੇ ਕਿਸੇ ਹੋਰ ਧਰਮ ਨੂੰ ਨਹੀਂ ਅਪਣਾਇਆ। ਇਸ ਸੰਦਰਭ ਵਿਚ ਉਨ੍ਹਾਂ ਦੇ ਨਿਮਨ-ਲਿਖਤ ਕਥਨ ਵਾਚਣਯੋਗ ਹਨ:

* ਧਰਮ ਦਾ ਉਦੇਸ਼ ਦੁਨੀਆਂ ਦੇ ਮੂਲ ਜਾਂ ਮੁੱਢ ਬਾਰੇ ਦੱਸਣਾ ਹੈ ਜਦਕਿ ਧੰਮ (ਬੁੱਧ ਧਰਮ ਲਈ ਬਾਬਾ ਸਾਹਿਬ ਨੇ ਬੁੱਧ ਧੰਮ ਸ਼ਬਦ ਦੀ ਵਰਤੋਂ ਕੀਤੀ ਹੈ) ਦਾ ਉਦੇਸ਼ ਦੁਨੀਆਂ ਦੀ ਪੁਨਰ ਉਸਾਰੀ ਅਥਵਾ ਪੁਨਰ ਨਿਰਮਾਣ ਕਰਨਾ ਹੈ।

(Dr. Baba Saheb Writings & Speeches, Vol. 11. Page 322)

* ਧੰਮ ਵਿਚ ਈਸ਼ਵਰ ਲਈ ਕੋਈ ਸਥਾਨ ਨਹੀਂ, ਤਾਂ ਵੀ ਧੰਮ ਵਿਚ ਨੈਤਿਕਤਾ ਦਾ ਉਹੀ ਸਥਾਨ ਹੈ ਜੋ ਮਜ਼ਹਬ ਜਾਂ ਧਰਮ ਵਿਚ ਈਸ਼ਵਰ ਦਾ।

(ਉਹੀ, ਪੰਨਾ 322)

* ਬੁੱਧ ਦੇ ਧੰਮ ਦੀ ਪਹਿਲੀ ਧਾਰਨਾ ਹੈ ਕਿ ਇਸਦਾ ਰੱਬ ਅਤੇ ਰੂਹ ਨਾਲ ਕੋਈ ਵਾਸਤਾ ਨਹੀਂ ਹੈ। ਦੂਜਾ, ਉਸਦੇ ਧੰਮ ਦਾ ਕਰਮਕਾਂਡਾਂ ਨਾਲ ਕੋਈ ਸਰੋਕਾਰ ਨਹੀਂ।

(ਉਹੀ, ਪੰਨਾ 121)

* ਧੰਮ ਦਾ ਕੇਂਦਰ ਬਿੰਦੂ ਮਨੁੱਖ ਹੈ, ਇਸ ਜੀਵਨ ਵਿਚ ਇਸੇ ਧਰਤੀ ਤੇ ਰਹਿੰਦਿਆਂ ਮਨੁੱਖ ਦਾ ਮਨੁੱਖ ਨਾਲ ਸਬੰਧ ਬੁੱਧ ਧੰਮ ਦਾ ਕੇਂਦਰੀ ਨੁਕਤਾ ਹੈ।

(ਉਹੀ, ਪੰਨਾ 121)

* ਬੁੱਧ ਦਾ ਧੰਮ ਇਕ ਖੋਜ ਹੈ। ਇਹ ਪੂਰੀ ਤਰ੍ਹਾਂ ਉਸ ਵਿਚਾਰ ਤੋਂ ਅਲੱਗ ਹੈ, ਜਿਸਨੂੰ ਇਲਹਾਮ ਜਾਂ ਪ੍ਰਗਟਾਉ ਕਿਹਾ ਜਾਂਦਾ ਹੈ। (ਉਹੀ ਪੰਨਾ 217)

* ਬੁੱਧ ਨੇ ਪ੍ਰਾਪ੍ਰਕ੍ਰਿਤਵਾਦ, ਚਮਤਕਾਰ ਅਤੇ ਰਹੱਸਵਾਦੀ (ਗੈਬੀ) ਸ਼ਕਤੀਆਂ ਨੂੰ ਰੱਦ ਕੀਤਾ ਹੈ।

(ਉਹੀ, ਪੰਨਾ 249)

* ਬੁੱਧ ਦਾ ਇਸ ਗੱਲ ਤੇ ਬਿਲਕੁਲ ਵਿਸ਼ਵਾਸ ਨਹੀਂ ਸੀ ਕਿ ਸੰਸਾਰ ਦੀ ਰਚਨਾ ਕੀਤੀ ਗਈ ਹੈ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਸੰਸਾਰ ਦਾ ਵਿਕਾਸ ਹੋਇਆ ਹੈ।

(ਉਹੀ ਪੰਨਾ 271)

ਮਨੁੱਖ ਦੀ ਦੁਰਦਸ਼ਾ, ਮਨੁੱਖ ਦੁਆਰਾ ਮਨੁੱਖ ਨਾਲ ਬੇਇਨਸਾਫੀ ਦਾ ਸਿੱਟਾ ਹੈ।

(ਉਹੀ, ਪੰਨਾ 284)

ਉਪਰੋਕਤ ਵਿਵੇਚਨ ਦੇ ਆਧਾਰ ਤੇ ਇਹ ਅਨੁਮਾਨ ਸਹਿਜੇ ਹੀ ਲਾਇਆ ਜਾ ਸਕਦਾ ਹੈ ਕਿ ਡਾ. ਅੰਬੇਡਕਰ ਦੁਆਰਾ ਬੁੱਧ ਧਰਮ ਅਖਤਿਆਰ ਕਰਨ ਦਾ ਫੈਸਲਾ ਉਹਨਾਂ ਦੇ ਨਿੱਜੀ ਦਰਸ਼ਨ ਅਤੇ ਸਦੀਆਂ ਤੋਂ ਕਰਮ-ਫਲਸਫੇ ਅਧੀਨ ਮਾਨਸਿਕ ਗੁਲਾਮੀ ਭੋਗ ਰਹੇ ਅਛੂਤਾਂ ਦੇ ਕਲਿਆਣ ਹਿੱਤ ਸੀ। ਜਿਹੜਾ ਕਰਮ ਫਲਸਫਾ ਅਛੂਤਾਂ ਵਿਚ ਜਿਉਂਦੇ-ਜੀਅ ਇਸ ਜਨਮ ਵਿਚ ਭੁੱਖ-ਨੰਗ ਤੇ ਗਰੀਬੀ ਦਾ ਸਾਹਮਣਾ ਕਰਨ ਅਤੇ ਮਰਨ ਉਪਰੰਤ ਕਾਲਪਨਿਕ ਸੁੱਖ-ਸਵਰਗ ਦੀ ਕਾਮਨਾ ਪੈਦਾ ਕਰਦੇ, ਡਾ. ਅੰਬੇਡਕਰ ਉਸ ਵਿਚਾਰਧਾਰਾ ਦੇ ਜ਼ਬਰਦਸਤ ਵਿਰੋਧੀ ਸਨ। ਉਹ ਸਿਮ੍ਰਿਤੀਆਂ, ਸ਼ਰੁਤੀਆਂ ਅਤੇ ਵੈਦਾਂਤਿਕ ਵਿਚਾਰਧਾਰਾ ਨੂੰ ਤਿਲਾਂਜਲੀ ਦੇ ਕੇ ਅਛੂਤਾਂ ਵਿਚ ਸਵੈ-ਮਾਣ, ਸਵੈ-ਸ਼ਕਤੀ ਅਤੇ ਸਵੈ-ਵਿਸ਼ਵਾਸ ਦੀ ਭਾਵਨਾ ਦਾ ਸੰਚਾਰ ਕਰਨਾ ਚਾਹੁੰਦੇ ਸਨ। ਸਿੱਟੇ ਵਜੋਂ ਡਾ. ਅੰਬੇਡਕਰ ਸਾਹਿਬ ਨੇ ਸਮਤਾ, ਸੁਤੰਤਰਤਾ, ਭਾਈਚਾਰਕ ਸਾਂਝ, ਕਰੁਣਾ, ਪ੍ਰਗਿਆ, ਵਿਵੇਕ ਆਧਾਰਿਤ (ਅੰਧ ਵਿਸ਼ਵਾਸਾਂ ਤੋਂ ਰਹਿਤ), ਤਰਕਸ਼ੀਲ, ਜਨ-ਕਲਿਆਣ ਅਤੇ ਵਿਗਿਆਨਕ ਵਿਚਾਰਧਾਰਾ 'ਤੇ ਆਧਾਰਿਤ ਬੁੱਧ ਧਰਮ ਅਪਣਾਉਣ ਨੂੰ ਤਰਜੀਹ ਦਿੱਤੀ।

ਬਾਬਾ ਸਾਹਿਬ ਬੁਲੰਦ ਆਵਾਜ਼ ਵਿਚ ਕਹਿੰਦੇ ਹਨ: 'ਅਸੀਂ ਕਾਲਿਆਂ ਸਮਿਆਂ ਦੌਰਾਨ ਰਚੇ ਸ਼ਾਸਤਰਾਂ, ਸਿਮ੍ਰਤੀਆਂ ਦੇ ਹੁਕਮ ਅਤੇ ਬੰਧਨ ਮੰਨਣ ਇਨਕਾਰ ਕਰਦੇ ਹੋਏ, ਨਿਆਂ ਅਤੇ ਇਨਸਾਨੀ ਰੁਤਬਾ ਚਾਹੁੰਦੇ ਹਾਂ।'

(Vol 1, P 16-17)

ਡਾ. ਅੰਬੇਡਕਰ ਸਾਹਿਬ ਦੇ ਬੇਮਿਸਾਲ ਤੇ ਬੇਜੋੜ ਸੰਘਰਸ਼ ਦਾ ਪ੍ਰਮੁੱਖ ਨਿਸ਼ਾਨਾ ਹੀ ਸਮਾਨਤਾ, ਸੁਤੰਤਰਤਾ, ਭਾਈਚਾਰਕ ਏਕਤਾ ਅਤੇ ਇਨਸਾਫ ਉਤੇ ਆਧਾਰਿਤ ਸਮਾਜ ਦਾ ਨਿਰਮਾਣ ਕਰਨਾ ਸੀ। ਆਪਣੀਆਂ ਲਿਖਤਾਂ ਅਤੇ ਭਾਸ਼ਣਾਂ ਵਿਚ ਉਹ ਹਮੇਸ਼ਾ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਸਾਡਾ ਅੰਦੋਲਨ ਸ਼ਕਤੀ, ਮਜ਼ਬੂਤੀ, ਸਮਾਨਤਾ, ਸੁਤੰਤਰਤਾ ਅਤੇ ਭਾਈਚਾਰੇ ਲਈ ਹੈ। ਉਨ੍ਹਾਂ ਨੂੰ ਪੂਰੀ ਤਰ੍ਹਾਂ ਅਹਿਸਾਸ ਸੀ ਕਿ ਮੁਕੰਮਲ ਸਭਿਆਚਾਰਕ ਕ੍ਰਾਂਤੀ ਤੋਂ ਬਿਨਾਂ ਇਹ ਟੀਚੇ ਹਾਸਲ ਨਹੀਂ ਕੀਤੇ ਜਾ ਸਕਦੇ।ਆਪ ਦਾ ਕਥਨ ਹੈ:

(ੳ) ਇਕ ਮਹਾਨ ਸਮਾਜਿਕ ਕ੍ਰਾਂਤੀ ਅਛੂਤਾਂ ਦਾ ਨਿਸ਼ਾਨਾ ਹੈ।

**(ਬਾਕੀ ਅਗਲੇ ਸਫੇ 'ਤੇ)**

# ਜਾਨਲੇਵਾ ਬਣਦਾ ਜਾ ਰਿਹਾ ਫਾਸਟ ਫੂਡ



ਗੁਰਮੀਤ ਪਲਾਹੀ
91-98158-02070

ਮਨੁੱਖੀ ਸਿਹਤ ਨੂੰ ਬਿਹਤਰ ਬਣਾਉਣ ਲਈ ਦੁਨੀਆ ਭਰ ਵਿੱਚ ਚਿਕਿਤਸਾ ਵਿਗਿਆਨ ਵਿੱਚ ਨਿੱਤ ਖੋਜਾਂ ਹੋ ਰਹੀਆਂ ਹਨ। ਮਨੁੱਖੀ ਸਰੀਰ ਨੂੰ ਬਿਮਾਰੀ ਰਹਿਤ ਬਣਾਉਣ, ਬਿਮਾਰੀਆਂ ਉਪਰੰਤ ਸਰੀਰ ਨੂੰ ਬਚਾਉਣ ਲਈ ਜੰਗੀ ਪੱਧਰ ਉੱਤੇ ਕਦਮ ਚੁੱਕੇ ਜਾ ਰਹੇ ਹਨ ਤਾਂ ਕਿ ਮੌਜੂਦਾ ਦੌਰ ਵਿੱਚ ਮਾਨਵ, ਲੰਮੀ ਅਤੇ ਰੋਗ ਰਹਿਤ ਜ਼ਿੰਦਗੀ ਭੋਗੇ। ਪਰ ਸਾਡੇ ਖਾਣ ਪੀਣ ਦਾ ਰੰਗ ਢੰਗ ਇੰਨੀ ਤੇਜ਼ੀ ਨਾਲ ਬਦਲ ਰਿਹਾ ਹੈ, ਜਿਸਦਾ ਨਤੀਜਾ ਸਾਡੇ ਸਰੀਰ ਉੱਤੇ ਉਲਟਾ ਅਸਰ ਪਾ ਰਿਹਾ ਹੈ। ਮਨੁੱਖੀ ਸਰੀਰ ਦੀ ਪਹਿਲ ਤਾਂ ਹੁਣ ਡੱਬਾ ਬੰਦ ਭੋਜਨ, ਠੰਡੀਆਂ ਪੀਣ ਵਾਲੀਆਂ ਚੀਜ਼ਾਂ, ਬਿਸਕੁਟ ਚਾਕਲੇਟ ਬਣ ਗਈ ਹੈ, ਜਿਹਨਾਂ ਵਿਚ ਸਰੀਰ ਨੂੰ ਲੋੜੀਂਦੀ ਖੰਡ, ਚਰਬੀ ਦੀ ਮਾਤਰਾ ਦੀ ਭਰਮਾਰ ਹੈ, ਜੋ ਸਰੀਰ ਨੂੰ ਚਾਹੀਦੀ ਮਾਤਰਾ ਤੋਂ ਕਈ ਗੁਣਾ ਵਧੇਰੇ ਹੈ। ਇਹੀ ਸਾਡੀਆਂ ਬਿਮਾਰੀਆਂ ਦਾ ਵੱਡਾ ਕਾਰਨ ਹੈ।



**ਇਕ ਰਿਪੋਰਟ ਅਨੁਸਾਰ ਭਾਰਤ ਦੇ ਅੰਦਰ 80 ਫੀਸਦੀ ਤੋਂ ਵੱਧ ਬੱਚੇ ''ਲੁਕਵੀ ਭੁੱਖ'' ਦਾ ਸ਼ਿਕਾਰ ਹਨ। ਇਹ ਲੁਕਵੀਂ ਭੁੱਖ ਦਾ ਭਾਵ ਹੈ ਕਿ ਬੱਚੇ ਨੂੰ ਜਨਮ ਤੋਂ ਵੀ ਜੰਕ ਫੂਡ ਦੇਣਾ। ਮਾਂ ਦੇ ਦੁੱਧ ਤੋਂ ਵਿਰਵੇ ਰੱਖ ਕੇ ਡੱਬੇ ਦਾ ਦੁੱਧ ਉਹਨਾਂ ਨੂੰ ਦਿੱਤਾ ਜਾਂਦਾ ਹੈ। ਅਜ਼ੀਬ ਕਿਸਮ ਦੇ ਭੋਜਨ ਉਹਨਾਂ ਦੇ ਸਰੀਰ 'ਚ ਧੱਕੇ ਜਾਂਦੇ ਹਨ, ਜਿਵੇਂ ਸੈਰੇਲਿਕ ਆਦਿ ਜਿਨਾਂ ਵਿਚ ਭੋਜਨ ਦੇ ਉਹ ਤੱਤ ਨਹੀਂ ਮਿਲਦੇ ਜਿਹੜੇ ਕੁਦਰਤੀ ਭੋਜਨ ਦਾਲ ਦਾ ਪਾਣੀ, ਸੂਜੀ ਦੀ ਖੀਰ ਆਦਿ ਪਦਾਰਥਾਂ ਤੋਂ ਮਿਲਦੇ ਹਨ। ਜਿਸ ਕਾਰਨ ਬੱਚੇ ਕੁਪੋਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ। ਇਹੋ ਜਿਹਾ ਜੰਕ ਫੂਡ ਅਤੇ ਫਾਸਟ ਫੂਡ ਦੇ ਮਨੁੱਖੀ ਸਰੀਰ ਉੱਤੇ ਭੈੜੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਦਿੱਲੀ ਦੇ ਹਾਈਕੋਰਟ ਨੇ ਭਾਰਤੀ ਖਾਧ ਸੁਰੱਖਿਆ ਸੰਸਥਾ ਨੂੰ ਸਕੂਲਾਂ ਅਤੇ ਉਹਨਾਂ ਦੀ ਨਜ਼ਦੀਕ ਵਾਧੂ ਚਰਬੀ ਵਾਲੇ, ਲੂਣ ਅਤੇ ਖੰਡ ਵਾਲੇ ਪਦਾਰਥਾਂ ਦੀ ਵਿਕਰੀ ਉੱਤੇ ਰੋਕ ਲਾਗੂ ਕਰਨ ਦੇ ਹੁਕਮ ਦਿੱਤੇ ਸਨ। ਪਰ ਬਹੁਤ ਸਾਰੇ ਹੋਰ ਹੁਕਮਾਂ ਵਾਂਗਰ ਹੀ ਇਹ ਹੁਕਮ, ਕਦੇ ਵੀ ਲਾਗੂ ਨਹੀਂ ਹੋ ਸਕਿਆ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਦੇਸ਼ ਦੀ 80 ਕਰੋੜ ਵਸੋਂ ਨੂੰ ਸਰਕਾਰ ਰਾਸ਼ਟਰ ਖਾਧ ਸੁਰੱਖਿਆ ਐਕਟ ਅਨੁਸਾਰ ਭਾਰਤ ਸਰਕਾਰ ਜੋ ਭੋਜਨ ਮੁਹੱਈਆ ਕਰਦੀ ਹੈ, ਉਹ ਕਿੰਨਾ ਕੁ ਪੋਸ਼ਕ ਹੈ ਅਤੇ ਸਕੂਲਾਂ, ਆਂਗਨਵਾੜੀਆਂ 'ਚ ਦਿੱਤਾ ਜਾਂਦਾ ਭੋਜਨ ਕੀ ਬੱਚੇ ਦੇ ਸਰੀਰਕ ਵਾਧੇ ਲਈ ਕਾਫ਼ੀ ਹੈ?**

ਮਨੁੱਖੀ ਸਰੀਰ ਦੇ ਪਾਲਣ ਪੋਸ਼ਣ ਅਤੇ ਨਵ ਜੰਮੇ ਬੱਚਿਆਂ ਨੂੰ ਮਾਂ ਦਾ ਦੁੱਧ ਚੁੰਘਾਉਣ ਦੇ ਮਾਮਲਿਆਂ 'ਤੇ ਕੰਮ ਕਰਦੀਆਂ ਦੋ ਸੰਸਥਾਵਾਂ ਨੇ ਇੱਕ ਰਿਪੋਰਟ ਛਾਪੀ ਹੈ, ਜਿਸ ਵਿੱਚ ਫਾਸਟ ਫੂਡ ਜਾਂ ਜੰਕ ਫੂਡ ਸਬੰਧੀ ਇੱਕ ਵਿਸਥਾਰਤ ਰਿਪੋਰਟ ਤਿਆਰ ਕੀਤੀ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਭਾਰਤ ਦੇਸ਼ ਮੋਟਾਪੇ ਅਤੇ ਸ਼ੂਗਰ ਜਿਹੀਆਂ ਗੰਭੀਰ ਬਿਮਾਰੀਆਂ ਕਾਰਨ ਵੱਡੇ ਸਿਹਤ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਇਹ ਅਤਿਅੰਤ ਚਿੰਤਾ ਦਾ ਵਿਸ਼ਾ ਹੈ।

ਆਈ. ਸੀ. ਐਮ. ਆਰ ਦੇ ਇਕ ਅਧਿਐਨ ਅਨੁਸਾਰ ਭਾਰਤ 'ਚ ਦਸ ਕਰੋੜ ਤੋਂ ਵੱਧ ਲੋਕ ਸ਼ੂਗਰ ਦੇ ਸ਼ਿਕਾਰ ਹਨ। ਇਸ ਅਧਿਐਨ 'ਚ ਇਹ ਵੀ ਲਿਖਿਆ ਗਿਆ ਹੈ ਕਿ ਹਰ ਚਾਰਾਂ ਵਿਚੋਂ ਇਕ ਵਿਅਕਤੀ ਸ਼ੂਗਰ ਅਤੇ ਮੋਟਾਪੇ ਦਾ ਸ਼ਿਕਾਰ ਹੈ। ਅੰਕੜੇ ਦੱਸਦੇ ਹਨ ਕਿ ਪੰਜ ਸਾਲ ਦੀ ਉਮਰ ਤੋਂ ਘੱਟ ਉਮਰ ਦੇ 43 ਲੱਖ ਬੱਚੇ ਮੋਟਾਪੇ ਦੇ ਸ਼ਿਕਾਰ ਹੋ ਚੁੱਕੇ ਹਨ। ਸਾਡੇ ਇਹ ਅੰਕੜੇ ਸਿਹਤ 'ਚ ਆਏ ਵਿਗਾੜ ਅਤੇ ਬੱਚਿਆਂ ਦੀ ਪਾਲਣਾ ਪੋਸ਼ਣਾ 'ਚ ਕਮੀ ਦਾ ਸਪੱਸ਼ਟ ਸੰਕੇਤ ਹਨ। ਕੀ ਇੰਜ ਸਾਡੀ ਅਗਲੀ ਪੀੜੀ ਸਿਹਤਮੰਦ ਨਜ਼ਰ ਆਏਗੀ?

ਨੈਸ਼ਨਲ ਫੈਮਿਲੀ ਹੈਲਥ ਸਰਵੇ ਦਰਸਾਉਂਦਾ ਹੈ ਕਿ ਭਾਰਤ ਦੀਆਂ ਕੁੱਲ ਔਰਤਾਂ ਵਿਚੋਂ 23 ਫੀਸਦੀ ਅਤੇ ਮਰਦਾਂ ਵਿਚੋਂ 22 ਫੀਸਦੀ ਦਾ ਔਸਤਨ ਭਾਰ ਵੱਧ ਹੈ ਅਤੇ 40 ਫੀਸਦੀ ਔਰਤਾਂ ਅਤੇ 12 ਫੀਸਦੀ ਮਰਦ ਮੋਟਾਪੇ ਤੋਂ ਪੀੜਤ ਹਨ।

ਅਗਸਤ 2023 ਦੀ ਡਬਲਯੂ ਐਚ. ਓ. (ਵਿਸ਼ਵ ਸਿਹਤ ਸੰਸਥਾ) ਦੀ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿਚ 2011 ਤੋਂ 2021 ਦੇ ਵਿਚਕਾਰ ਹਰ ਵਰ੍ਹੇ ਖਾਣ ਕਰਕੇ ਪਦਾਰਥਾਂ ਦੀ ਵਿਕਰੀ 'ਚ 13.37 ਫ਼ੀਸਦੀ ਵਾਧਾ ਹੋ ਗਿਆ ਹੈ। ਇੰਜ ਭਾਰਤ ਵਿਚ ਵੱਧ ਖਾਣ ਪਦਾਰਥਾਂ ਦੀ ਵਰਤੋਂ 'ਚ ਵਾਧਾ ਮੋਟਾਪੇ ਜਿਹੀਆਂ ਬਿਮਾਰੀਆਂ 'ਚ ਵਾਧਾ ਕਰੇਗਾ। ਕਿਹਾ ਜਾ ਰਿਹਾ ਹੈ ਕਿ 2035 ਤੱਕ ਅੱਧੀ ਦੁਨੀਆਂ ਵੱਧ ਖਾਣ ਪੀਣ ਨਾਲ ਮੋਟਾਪੇ ਦੀ ਲਪੇਟ 'ਚ ਆਏਗੀ।

ਜੇਕਰ ਮੋਟਾਪੇ ਤੋਂ ਬਚਾਅ ਨਾ ਕੀਤਾ ਗਿਆ ਜਾਂ ਫਾਸਟ ਫੂਡ ਉੱਤੇ ਲਗਾਮ ਨਾ ਕੱਸੀ ਗਈ ਤਾਂ ਦੁਨੀਆਂ ਦੇ ਦੋ ਅਰਬ ਲੋਕ ਮੋਟਾਪੇ ਦਾ ਸ਼ਿਕਾਰ ਹੋ ਜਾਣਗੇ। ਇਹ ਗੱਲ ਸਮਝਣ ਵਾਲੀ ਹੈ ਕਿ ਮੋਟਾਪਾ ਮਨੁੱਖੀ ਸਰੀਰ ਨੂੰ ਹੀ ਪ੍ਰਭਾਵਿਤ ਨਹੀਂ ਕਰਦਾ, ਸਗੋਂ ਦੇਸ਼ ਦੀ ਆਰਥਿਕਤਾ ਵੀ ਇਸ ਨਾਲ ਪ੍ਰਭਾਵਿਤ ਹੁੰਦੀ ਹੈ। ਜੇਕਰ ਕੁੱਲ ਮਿਲਾ ਕੇ ਚਾਰ ਵਿਅਕਤੀਆਂ ਵਿਚੋਂ ਇਕ ਮੋਟਾਪੇ ਦਾ ਸ਼ਿਕਾਰ ਹੋ ਜਾਏਗਾ, ਦੁਨੀਆ ਭਰ ਵਿਚ ਤਾਂ ਇਹ ਇੱਕ ਅਜੀਬ ਅਤੇ ਵਿਸਫੋਟਕ ਸਥਿਤੀ ਹੋਏਗੀ।

ਆਓ ਨਜ਼ਰ ਮਾਰੀਏ ਜੰਕ ਫੂਡ ਦਾ ਕਾਰੋਬਾਰ ਕਿਵੇਂ ਵੱਧ ਰਿਹਾ ਹੈ? ਕਿਵੇਂ ਇਹ ਸਾਡੇ ਵਰਤਮਾਨ ਅਤੇ ਭਵਿੱਖ ਨੂੰ ਪ੍ਰਭਾਵਿਤ ਕਰ ਰਿਹਾ ਹੈ? ਇਹ ਜੰਕ ਜਾਂ ਫਾਸਟ ਫੂਡ ਦਾ ਖਾਣ ਪਾਣ ਸਾਡੇ ਕੁਪੋਸ਼ਨ ਨੂੰ ਵਧਾ ਰਿਹਾ ਹੈ। ਭਾਰਤ ਇਸ ਦੇ ਮਾਮਲੇ 'ਚ ਪੂਰੀ ਤਰ੍ਹਾਂ ਸ਼ਿਕੰਜੇ 'ਚ ਹੈ। ਜਾਂ ਇੰਜ ਕਹਿ ਲਈਏ ਕਿ ਵਿਸ਼ਵ ਭਰ ਦੇ ਖਾਣ ਪਾਣ ਵਿਉਪਾਰੀ ਭਾਰਤ 'ਚ ਆਪਣਾ ਭਵਿੱਖ ਵੇਖਦੇ ਹਨ।

ਇਕ ਰਿਪੋਰਟ ਅਨੁਸਾਰ ਭਾਰਤ ਦੇ ਅੰਦਰ 80 ਫੀਸਦੀ ਤੋਂ ਵੱਧ ਬੱਚੇ ''ਲੁਕਵੀ ਭੁੱਖ'' ਦਾ ਸ਼ਿਕਾਰ ਹਨ। ਇਹ ਲੁਕਵੀਂ ਭੁੱਖ ਦਾ ਭਾਵ ਹੈ ਕਿ ਬੱਚੇ ਨੂੰ ਜਨਮ ਤੋਂ ਵੀ ਜੰਕ ਫੂਡ ਦੇਣਾ। ਮਾਂ ਦੇ ਦੁੱਧ ਤੋਂ ਵਿਰਵੇ ਰੱਖ ਕੇ ਡੱਬੇ ਦਾ ਦੁੱਧ ਉਹਨਾਂ ਨੂੰ ਦਿੱਤਾ ਜਾਂਦਾ ਹੈ। ਅਜ਼ੀਬ ਕਿਸਮ ਦੇ ਭੋਜਨ ਉਹਨਾਂ ਦੇ ਸਰੀਰ 'ਚ ਧੱਕੇ ਜਾਂਦੇ ਹਨ, ਜਿਵੇਂ ਸੈਰੇਲਿਕ ਆਦਿ ਜਿਨਾਂ ਵਿਚ ਭੋਜਨ ਦੇ ਉਹ ਤੱਤ ਨਹੀਂ ਮਿਲਦੇ ਜਿਹੜੇ ਕੁਦਰਤੀ ਭੋਜਨ ਦਾਲ ਦਾ ਪਾਣੀ, ਸੂਜੀ ਦੀ ਖੀਰ ਆਦਿ ਪਦਾਰਥਾਂ ਤੋਂ ਮਿਲਦੇ ਹਨ। ਜਿਸ ਕਾਰਨ ਬੱਚੇ ਕੁਪੋਸ਼ਨ ਦਾ ਸ਼ਿਕਾਰ ਹੋ ਜਾਂਦੇ ਹਨ।

ਇਹੋ ਜਿਹਾ ਜੰਕ ਫੂਡ ਅਤੇ ਫਾਸਟ ਫੂਡ ਦੇ ਮਨੁੱਖੀ ਸਰੀਰ ਉੱਤੇ ਭੈੜੇ ਪ੍ਰਭਾਵ ਨੂੰ ਵੇਖਦਿਆਂ ਹੋਇਆਂ ਦਿੱਲੀ ਦੇ ਹਾਈਕੋਰਟ ਨੇ ਭਾਰਤੀ ਖਾਧ ਸੁਰੱਖਿਆ ਸੰਸਥਾ ਨੂੰ ਸਕੂਲਾਂ ਅਤੇ ਉਹਨਾਂ ਦੀ ਨਜ਼ਦੀਕ ਵਾਧੂ ਚਰਬੀ ਵਾਲੇ, ਲੂਣ ਅਤੇ ਖੰਡ ਵਾਲੇ ਪਦਾਰਥਾਂ ਦੀ ਵਿਕਰੀ ਉੱਤੇ ਰੋਕ ਲਾਗੂ ਕਰਨ ਦੇ ਹੁਕਮ ਦਿੱਤੇ ਸਨ। ਪਰ ਬਹੁਤ ਸਾਰੇ ਹੋਰ ਹੁਕਮਾਂ ਵਾਂਗਰ ਹੀ ਇਹ ਹੁਕਮ, ਕਦੇ ਵੀ ਲਾਗੂ ਨਹੀਂ ਹੋ ਸਕਿਆ। ਇਥੇ ਇਹ ਗੱਲ ਵੀ ਵਰਨਣਯੋਗ ਹੈ ਕਿ ਦੇਸ਼ ਦੀ 80 ਕਰੋੜ ਵਸੋਂ ਨੂੰ ਸਰਕਾਰ ਰਾਸ਼ਟਰ ਖਾਧ ਸੁਰੱਖਿਆ ਐਕਟ ਅਨੁਸਾਰ ਭਾਰਤ ਸਰਕਾਰ ਜੋ ਭੋਜਨ ਮੁਹੱਈਆ ਕਰਦੀ ਹੈ, ਉਹ ਕਿੰਨਾ ਕੁ ਪੋਸ਼ਕ ਹੈ ਅਤੇ ਸਕੂਲਾਂ, ਆਂਗਨਵਾੜੀਆਂ 'ਚ ਦਿੱਤਾ ਜਾਂਦਾ ਭੋਜਨ ਕੀ ਬੱਚੇ ਦੇ ਸਰੀਰਕ ਵਾਧੇ ਲਈ ਕਾਫ਼ੀ ਹੈ?

ਖਾਧ ਅਤੇ ਜਾਂਚ ਏਜੰਸੀ ਅਨੁਸਾਰ ਦੇਸ਼ ਦੇ ਅੰਦਰ 2019 ਤੱਕ ਡੱਬਾ ਬੰਦ ਖਾਣੇ ਦੀ ਸੰਖਿਆ 25 ਫੀਸਦੀ ਸੀ, ਜੋ 2022 ਤੱਕ 40 ਫੀਸਦੀ ਨੂੰ ਪਾਰ ਕਰ ਚੁੱਕੀ ਹੈ। ਇਸ ਤਰ੍ਹਾਂ ਡੱਬਾ ਬੰਦ ਭੋਜਨ ਦੀ ਉਪਲੱਧਤਾ ਵਿਚ ਸਾਡਾ ਦੇਸ਼ ਦੁਨੀਆ ਭਰ 'ਚ 13ਵੇਂ ਨੰਬਰ ਤੇ ਪੁੱਜ ਗਿਆ ਹੈ। ਜਦਕਿ ਅਮਰੀਕਾ ਅਤੇ ਬਰਤਾਨੀਆ ਪਹਿਲੇ ਦਰਜ਼ੇ 'ਤੇ ਹਨ। ਜੰਕ ਕਾਰੋਬਾਰ ਪੂਰੀ ਤੇਜ਼ੀ ਨਾਲ ਵਧ ਫੁਲ ਰਿਹਾ ਹੈ, 2021 ਤੱਕ ਵਿਸ਼ਵ ਪੱਧਰ 'ਤੇ ਜੰਕ ਬਜ਼ਾਰ 5775 ਕਰੋੜ ਰੁਪਏ ਸੀ ਜੋ 2030 ਤੱਕ 7900 ਕਰੋੜ ਪੁੱਜਣ ਦਾ ਅੰਦਾਜ਼ਾ ਹੈ।

ਇਸ ਸਭ ਕੁਝ ਦੇ ਵਿਚਕਾਰ ਬਹੁਤੇ ਫਿਕਰ ਵਾਲੀ ਗੱਲ ਇਹ ਹੈ ਕਿ ਜਿਹੜੇ 43 ਫੀਸਦੀ ਡੱਬਾ ਬੰਦ ਭੋਜਨ ਮਿਲਦੇ ਹਨ, ਉਹਨਾਂ ਵਿਚੋਂ ਇਕ ਤਿਹਾਈ ਵਿਚ ਖੰਡ, ਚਰਬੀ, ਸੋਡੀਅਮ ਦੀ ਮਾਤਰਾ ਸਥਾਪਿਤ ਭੋਜਨ ਮਾਣਕਾਂ ਤੋਂ ਵੱਧ ਹੈ। ਇਹ ਦਿਲ ਦੀਆਂ ਬਿਮਾਰੀਆਂ ਲਈ ਜਾਨਲੇਵਾ ਹੈ। ਜੰਕ ਫੂਡ ਦਾ ਅਸਰ ਬੱਚਿਆਂ ਦੀ ਸਿਹਤ ਉੱਤੇ ਸਭ ਤੋਂ ਵੱਧ ਹੈ।

ਬੱਚੇ ਜੰਕ ਫੂਡ ਦੀ ਵਰਤੋਂ ਕਰਕੇ ਬੇਡੋਲ ਬਣਦੇ ਹਨ, ਉਹਨਾਂ ਦੇ ਸਰੀਰ ਨੂੰ ਬਿਮਾਰੀਆਂ ਛੋਟੀ ਉਮਰ ਵਿਚ ਹੀ ਪ੍ਰੇਸ਼ਾਨ ਕਰਨ ਲੱਗਦੀਆਂ ਹਨ।

ਉਂਜ ਵੀ ਜੰਕ ਫੂਡ ਦੇ ਨਾਲ-ਨਾਲ ਮੋਬਾਇਲ ਫੋਨ, ਇੰਟਰਨੈਟ, ਟੀ. ਵੀ. ਦੀ ਵਧ ਵਰਤੋਂ ਉਹਨਾਂ ਦੇ ਸਰੀਰ ਉੱਤੇ ਭੈੜਾ ਅਸਰ ਪਾਉਂਦੀ ਹੈ। ਬਾਲਗਾਂ ਉਤੇ ਵੀ ਜੰਕ ਫੂਡ ਦਾ ਅਸਰ ਘੱਟ ਨਹੀਂ ਹੈ।

ਜੰਕ ਫੂਡ ਦੇ ਭੈੜੇ ਪ੍ਰਭਾਵ ਦੇਖੋ। ਇਸ ਦੀ ਪੈਦਾਵਾਰ ਹੈ ਮੋਟਾਪਾ ਜਿਸ ਕਾਰਨ, ਦੁਨੀਆ ਭਰ ਵਿਚ ਹਰ ਸਾਲ ਲਗਭਗ 50 ਲੱਖ ਲੋਕ ਮਰ ਜਾਂਦੇ ਹਨ। ਤਸਵੀਰ ਦਾ ਦੂਜਾ ਪੱਖ ਹੋਰ ਵੀ ਤਕਲੀਫਦੇਹ ਹੈ। ਗਲੋਬਲ ਨਿਊਟ੍ਰੀਸ਼ਨ 2020 ਦੇ ਪ੍ਰਾਪਤ ਅੰਕੜਿਆਂ ਅਨੁਸਾਰ 82 ਕਰੋੜ ਲੋਕਾਂ ਨੂੰ ਪੇਟ ਭਰ ਭੋਜਨ ਨਸੀਬ ਨਹੀਂ ਹੁੰਦਾ। ਇਸ ਅਨੁਪਾਤ ਨਾਲ ਵੇਖੀਏ ਤਾਂ 9 ਵਿਚੋਂ ਇਕ ਵਿਅਕਤੀ ਭੁੱਖਮਰੀ ਦੀ ਮਾਰ ਝੱਲ ਰਿਹਾ ਹੈ। ਫਿਰ ਵੀ ਦੇਸ਼ ਵਿਚ ਮੋਟਾਪਾ ਕਿਸੇ ਵੀ ਬਿਮਾਰੀ ਵਾਂਗਰ ਫੈਲ ਰਿਹਾ ਹੈ। ਕੁਝ ਲੋਕ ਢਿੱਡ ਤੂਸਕੇ ਖਾਂਦੇ ਹਨ ਅਤੇ ਕੁਝ ਨੂੰ ਪੇਟ ਉਤੇ ਕੱਪੜਾ ਬੰਨ੍ਹਕੇ ਸਮਾਂ ਸਾਰਨਾ ਪੈਂਦਾ ਹੈ।

ਜੰਕ ਫੂਡ ਦੁਨੀਆ ਭਰ 'ਚ ਫੈਲਿਆ ਹੋਇਆ ਹੈ। ਦੁਨੀਆ ਭਰ ਦੀਆਂ ਵੱਡੀਆਂ ਕੰਪਨੀਆਂ ਡੱਬਾ ਬੰਦ ਭੋਜਨ, ਪੀਣ ਵਾਲੇ ਪਦਾਰਥਾਂ ਸਮੇਤ ਬਣਾ ਰਹੀਆਂ ਹਨ। ਇਸ ਕਾਰੋਬਾਰ ਲਈ ਵੱਡੀ ਪੱਧਰ ਉੱਤੇ ਇਸ਼ਤਿਹਾਰਬਾਜ਼ੀ ਹੁੰਦੀ ਹੈ ਅਤੇ ਮਨੁੱਖਾਂ ਨੂੰ ਲੋਭਿਤ ਕਰਨ ਲਈ ਇਹਨਾਂ ਪਦਾਰਥਾਂ ਨੂੰ ਆਕਰਸ਼ਕ ਢੰਗ ਨਾਲ ਪੈਕਟਾਂ ਵਿਚ ਲੋਕਾਂ ਅੱਗੇ ਪੇਸ਼ ਕੀਤਾ ਜਾਂਦਾ ਹੈ।

ਇਹ ਅਸਲ ਅਰਥਾਂ 'ਚ ਕਾਰਪੋਰੇਟ ਜਗਤ ਦਾ ਇਕ ਕ੍ਰਿਸ਼ਮਾ ਹੈ। ਕਾਰਪੋਰੇਟੀਏ ਵੱਧ ਧਨ ਕਮਾਉਣ ਲਈ ਮਨੁੱਖ ਨੂੰ ਜੰਕ ਫੂਡ ਦੇ ਰਾਹ ਪਾਉਂਦੇ ਹਨ ਅਤੇ ਇਸੇ ਤਰ੍ਹਾਂ ਜੰਕ ਫੂਡ ਨਾਲ ਹੁੰਦੀਆਂ ਬਿਮਾਰੀਆਂ ਤੋਂ ਬਚਾਅ ਅਤੇ ਇਲਾਜ ਲਈ ਅਗਾਊਂ ਟੀਕੇ, ਮਹਿੰਗੀਆਂ ਦਵਾਈਆਂ ਮਾਰਕੀਟ 'ਚ ਇਹੋ ਕਾਰਪੋਰੇਟ ਕੰਪਨੀਆਂ ਵਾਲੇ ਹੀ ਲਿਆਉਂਦੇ ਹਨ। ਇਹ ਮੁਨਾਫ਼ੀ ਖੋਰੀ ਦੀ ਇੱਕ ਚੇਨ ਹੈ।

ਤੇਜ਼ ਜ਼ਿੰਦਗੀ ਦੇ ਵਹਾਅ 'ਚ ਮਨੁੱਖ ਕੁਦਰਤ ਦੀ ਗੋਦ ਤੋਂ ਵਿਰਵਾ ਕੀਤਾ ਜਾ ਰਿਹਾ ਹੈ। ਮਸ਼ੀਨੀਕਰਨ ਦੇ ਇਸ ਯੁਗ 'ਚ ਮਨੁੱਖ ਇਕ ਮਸ਼ੀਨੀ ਕਲ- ਪੁਰਜਾ ਬਣਾਇਆ ਜਾ ਰਿਹਾ ਹੈ। ਜਿੱਥੇ ਉਸਦੀ ਵਰਤੋਂ ਸਿਰਫ਼ ਲੋੜ ਤੱਕ ਸੀਮਤ ਕੀਤੀ ਜਾ ਰਹੀ ਹੈ।

ਮਨੁੱਖ ਦਾ ਕੁਦਰਤ ਨਾਲ ਲਗਾਅ, ਸ਼ੁੱਧ ਹਵਾ ਪਾਣੀ, ਕੁਦਰਤੀ ਫਸਲਾਂ, ਕੁਦਰਤੀ ਖਾਣ ਪਾਣ ਸਭ ਕੁਝ 'ਚ ਲਗਾਤਾਰ ਬਦਲਾਅ ਵੇਖਣ ਨੂੰ ਮਿਲ ਰਿਹਾ ਹੈ। ਆਧੁਨਿਕਤਾ ਦੇ ਇਸ ਦੌਰ 'ਚ ਮਨੁੱਖੀ ਸਿਹਤ ਨਾਲ ਖਿਲਵਾੜ, ਜੀਵਨ ਸ਼ੈਲੀ 'ਚ ਤਬਦੀਲੀ ਗੰਭੀਰ ਬਿਮਾਰੀਆਂ ਦਾ ਕਾਰਨ ਬਣੀ ਹੋਈ ਹੈ ਜਾਂ ਬਣਾਈ ਜਾ ਰਹੀ ਹੈ। ਜੰਕ ਫੂਡ ਇਸ ਸਭ ਕੁਝ ਦਾ ਵੱਡਾ ਹਥਿਆਰ ਹੈ।

ਮਨੁੱਖ ਨੂੰ ਕੁਦਰਤ ਨਾਲ ਪ੍ਰੇਮ, ਆਪਣੇ ਸਰੀਰ ਅਤੇ ਸੋਚ ਨਾਲ ਲਗਾਓ ਵੱਲ ਵਧ ਕੇਂਦਰਤ ਹੋਣਾ ਪਵੇਗਾ ਤਾਂ ਕਿ ਆਪਣੇ ਭਵਿੱਖ, ਆਪਣੀ ਔਲਾਦ ਨੂੰ ਉਹ ਸਿਹਤਮੰਦ ਅਤੇ ਨਰੋਆ ਬਣਾ ਸਕੇ।

# ਇਕ ਸਭਿਆਚਾਰਕ ਕ੍ਰਾਂਤੀ ਦਾ ਆਗਾਜ਼

**(ਸਫਾ 24 ਦੀ ਬਾਕੀ)**

(ਅ) ਇਹ ਕ੍ਰਾਂਤੀ ਮਨੁੱਖ ਦੁਆਰਾ ਸਿਰਜੇ ਜਾਤੀ ਬੰਧਨਾਂ ਨੂੰ ਤੋੜ ਕੇ ਸਭ ਨੂੰ ਤਰੱਕੀ ਦੇ ਸਮਾਨ ਅਵਸਰ ਪ੍ਰਦਾਨ ਕਰਨ ਲਈ ਹੈ।

(S.M. Vol 1, P. 16-17)

ਬਾਬਾ ਸਾਹਿਬ ਡਾ. ਅੰਬੇਡਕਰ ਜੀ ਦੀ ਦ੍ਰਿਸ਼ਟੀ ਵਿਚ 'ਬੁੱਧ ਧੱਮ' ਦੇ ਬੁਨਿਆਦੀ ਅਸੂਲ 'ਸਮਤਾ, ਸੁਤੰਤਰਤਾ, ਭਾਈਚਾਰਾ, ਪ੍ਰਗਿਆ (ਵਿਵੇਕਸ਼ੀਲਤਾ), ਕਰੁਣਾ (ਦਇਆ ਭਾਵ), ਸ਼ੀਲਤਾ (ਪੰਚਸ਼ੀਲ) ਅਤੇ ਨੈਤਿਕਤਾ ਅਛੂਤਾਂ ਅੰਦਰ ਸਭਿਆਚਾਰਕ ਇਨਕਲਾਬ ਦੀ ਜੋਤ ਨੂੰ ਪ੍ਰਜਵਲਿਤ ਕਰ ਸਕਦੇ ਹਨ। ਬੁੱਧ-ਚਿੰਤਨ ਬਾਰੇ ਆਪ ਲਿਖਦੇ ਹਨ:

'ਬੁੱਧ ਧੱਮ ਇਕ ਕ੍ਰਾਂਤੀ ਸੀ। ਇਹ ਫਰਾਂਸ ਜਿੰਨੀ ਮਹਾਨ ਕ੍ਰਾਂਤੀ ਸੀ। ਇਹ ਧਾਰਮਿਕ ਕ੍ਰਾਂਤੀ ਤੋਂ ਸ਼ੁਰੂ ਹੋ ਕੇ ਸਮਾਜਿਕ ਅਤੇ ਰਾਜਨੀਤਿਕ ਕ੍ਰਾਂਤੀ ਹੋ ਨਿੱਬੜੀ।'

(Vol. 3, P. 153)

ਡਾ. ਅੰਬੇਡਕਰ ਅਛੂਤਾਂ ਨੂੰ ਵਹਿਮਾਂ-ਭਰਮਾਂ, ਚਮਤਕਾਰਾਂ ਅਤੇ ਅੰਧ-ਵਿਸ਼ਵਾਸਾਂ ਵਰਗੇ ਸੰਕਲਪਾਂ ਤੋਂ ਮੁਕਤ ਕਰਕੇ ਵਿਗਿਆਨਕ ਅਤੇ ਤਰਕਸ਼ੀਲ ਸੋਚ ਦੇ ਧਾਰਨੀ ਬਣਾਉਣਾ ਚਾਹੁੰਦੇ ਸਨ। ਪਰ ਦੁੱਖ ਇਸ ਗੱਲ ਦਾ ਹੈ ਕਿ ਅਛੂਤ ਸਮਾਜ ਨੇ ਬਾਬਾ ਸਾਹਿਬ ਦੀ ਇਸ ਇਨਕਲਾਬੀ ਸੋਚ ਨੂੰ ਨਹੀਂ ਅਪਣਾਇਆ ਅਤੇ ਸਿਵਾਇ ਨਾਅਰੇ ਲਾਉਣ ਤੋਂ ਕੱਖ ਨਹੀਂ ਕੀਤਾ। ਜੇ ਹਜ਼ਾਰ, ਦੋ ਹਜ਼ਾਰ ਦੀ ਗਿਣਤੀ ਪਿੱਛੇ ਇਕ ਦੋ ਬੰਦਿਆਂ ਨੇ ਇਸ ਸਭਿਆਚਾਰਕ ਕ੍ਰਾਂਤੀ ਦੇ ਮਾਰਗ 'ਤੇ ਚੱਲਣ ਦੀ ਹਿੰਮਤ, ਹੌਸਲਾ ਜਾਂ ਯਤਨ ਵੀ ਕੀਤਾ ਤਾਂ ਸਮਾਜ ਨੇ ਉਸਦਾ ਮਜ਼ਾਕ ਹੀ ਨਹੀਂ ਉਡਾਇਆ, ਬਲਕਿ ਡੱਟ ਕੇ ਵਿਰੋਧ ਵੀ ਕੀਤਾ।

ਸਦੀਆਂ ਤੋਂ ਰੂੜ੍ਹੀਵਾਦ ਦੀ ਮਾਨਸਿਕ ਗੁਲਾਮੀ ਭੋਗ ਰਹੇ 'ਅਛੂਤ' ਸਮਾਜ ਵਿਚ ਵਿਵਸਥਾ ਵਿਰੁੱਧ ਬਗਾਵਤ ਅਰਥਾਤ ਵਿਦਰੋਹ ਦੀ ਚਿੰਗਾਰੀ ਪੈਦਾ ਹੀ ਨਹੀਂ ਹੋਈ। 21ਵੀਂ ਸਦੀ ਵਿਚ ਵਿਚਰਦਿਆਂ ਸਮੁੱਚਾ ਅਨੁਸੂਚਿਤ ਜਾਤੀ, ਜਨਜਾਤੀ ਸਮਾਜ ਸਹੂਲਤਾਂ ਤਾਂ ਡਾ. ਅੰਬੇਡਕਰ ਦੁਆਰਾ ਕੀਤੇ ਨਿਰੰਤਰ ਅਣਥੱਕ ਤੇ ਬੇਮਿਸਾਲ ਸੰਘਰਸ਼ਅਤੇ ਆਧੁਨਿਕ ਵਿਗਿਆਨਕ ਯੁੱਗ ਦੀਆਂ ਮਾਣ ਰਿਹਾ ਹੈ, ਪਰ ਇਸ ਦੀ ਸੋਚ ਹਾਲੇ ਵੀ ਸਦੀਆਂ ਪੁਰਾਣੇ ਪੱਥਰ ਯੁੱਗ ਦੀਆਂ ਮਿੱਥਾਂ, ਕਥਾ, ਕਹਾਣੀਆਂ, ਚਮਤਕਾਰਾਂ, ਵਹਿਮਾਂ-ਭਰਮਾਂ, ਅੰਧ-ਵਿਸ਼ਵਾਸਾਂ, ਜਾਦੂ-ਟੂਣਿਆਂ, ਮੂਰਤੀ-ਪੂਜਾ ਅਤੇ ਜੰਤਰ, ਮੰਤਰ, ਤੰਤਰ ਆਦਿ ਵਿਚ ਜਕੜੀ ਹੋਈ ਹੈ।

ਸਦੀਆਂ ਤੋਂ ਜਿਹੜਾ ਰੂੜ੍ਹੀਵਾਦੀ ਫਲਸਫਾ ਅਛੂਤਾਂ ਦੇ ਜੜ੍ਹੀਂ ਤੇਲ ਪਾਉਂਦਾ ਰਿਹਾ, ਸਾਡਾ ਸਮਾਜ ਹਾਲੇ ਵੀ ਉਸ ਦਾ ਗੁਲਾਮ ਬਣਿਆ ਹੋਇਆ ਹੈ। ਇਨ੍ਹਾਂ ਦੀ ਇਸ ਮਾਨਸਿਕ ਗੁਲਾਮੀ ਦਾ ਫਾਇਦਾ ਵਿਭਿੰਨ ਸਮਾਜਿਕ ਤੇ ਧਾਰਮਿਕ ਸੰਗਠਨ ਅਤੇ ਰਾਜਨੀਤਿਕ ਪਾਰਟੀਆਂ, ਬਾਬਾ ਸਾਹਿਬ ਦੁਆਰਾ ਸੰਵਿਧਾਨ ਵਿਚ ਇਨ੍ਹਾਂ ਲਈ ਕੀਤੇ ਪ੍ਰਾਵਧਾਨਾਂ ਨੂੰ ਸਮਾਪਤ ਕਰਕੇ, ਉਠਾ ਰਹੀਆਂ ਹਨ। ਫਜ਼ੂਲ ਕਿਸਮ ਦੇ ਚਮਤਕਾਰਾਂ ਵਿਚ ਵਿਸ਼ਵਾਸ ਰੱਖਣ ਵਾਲਾ ਘੋਰ ਅੰਧ-ਵਿਸ਼ਵਾਸੀ ਅਤੇ ਸੁੱਤਾ ਪਿਆ ਸਮਾਜ ਪਤਾ ਨਹੀਂ ਹੋਰ ਕਿਹੜੇ ਅਲੌਕਿਕ ਕ੍ਰਿਸ਼ਮੇ ਦੀ ਉਡੀਕ ਵਿਚ ਹੈ।

ਰੂੜ੍ਹੀਵਾਦ ਦੇ ਪਿਛਲੱਗੂਆਂ ਨੇ ਡਾ. ਅੰਬੇਡਕਰ ਸਾਹਿਬ ਦੀ ਬਹੁਪੱਖੀ ਸ਼ਖਸੀਅਤ ਅਤੇ ਉਨ੍ਹਾਂ ਦੁਆਰਾ ਸਮੁੱਚੇ ਦੇਸ਼ ਅਤੇ ਭਾਰਤੀਆਂ ਲਈ ਕੀਤੇ ਕੰਮਾਂ ਨੂੰ ਨਜ਼ਰ-ਅੰਦਾਜ਼ ਕਰਕੇ ਉਨ੍ਹਾਂ ਨੂੰ ਕੇਵਲ 'ਅਛੂਤਾਂ ਦੇ ਮਸੀਹਾ' ਵਜੋਂ ਹੀ ਸੀਮਤ ਕਰਨ ਦਾ ਕੋਝਾ ਯਤਨ ਕੀਤਾ ਹੈ। ਦੇਸ਼ ਦੀ ਪ੍ਰਗਤੀ ਅਤੇ ਭਵਿੱਖਮੁਖੀ ਲੋੜਾਂ ਨੂੰ ਧਿਆਨ ਵਿਚ ਰੱਖਦਿਆਂ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਅਤੇ ਬਾਅਦ ਵਿਚ, ਸੰਵਿਧਾਨ ਦੀ ਸਿਰਜਣਾ ਕਰਦਿਆਂ ਆਪ ਵੱਲੋਂ ਕੀਤੇ ਗਏ ਅਹਿਮ ਕੰਮ ਅਤੀ ਪ੍ਰਸੰਸਾਯੋਗ ਹਨ।

ਦੇਸ਼ ਦੇ ਕੁਦਰਤੀ ਸਰੋਤਾਂ ਦੀ ਯੋਗ ਵਰਤੋਂ ਲਈ ਖਣਿਜ ਵਿਕਾਸ ਯੋਜਨਾ, ਦਮੋਦਰ ਘਾਟੀ ਯੋਜਨਾ, ਹੀਰਾ ਕੁੰਡ ਡੈਮ, ਸੋਨ ਨਦੀ ਡੈਮ, ਭਾਖੜਾ ਡੈਮ, ਪਾਣੀ ਬਿਜਲੀ ਦਾ ਗਰਿੱਡ ਸਿਸਟਮ, ਕੇਂਦਰੀ ਊਰਜਾ ਆਯੋਗ, ਸੁਤੰਤਰ ਚੋਣ ਕਮਿਸ਼ਨ ਅਤੇ ਸੁਤੰਤਰ ਨਿਆਂਪਾਲਿਕਾ ਦੀ ਸਥਾਪਨਾ, ਸੰਵਿਧਾਨ ਵਿਚ ਸ਼ਾਮਲ ਮੁਢਲੇ ਅਧਿਕਾਰ, ਕੇਂਦਰੀ ਵਿੱਤ ਕਮਿਸ਼ਨ ਅਤੇ ਰਿਜ਼ਰਵ ਬੈਂਕ ਦੀ ਸਥਾਪਨਾ, ਭਾਰਤ ਦੇ ਹਰ ਵਰਗ ਨੂੰ ਵੋਟ ਦਾ ਅਧਿਕਾਰ, ਅਖੌਤੀ ਧਰਮ ਸ਼ਾਸਤਰਾਂ ਨੂੰ ਰੱਦ ਕਰਕੇ ਇਸਤਰੀ ਸਮਾਜ ਅਤੇ ਅਛੂਤਾਂ ਨੂੰ ਸਮਾਨਤਾ ਤੇ ਸੁਤੰਤਰਤਾ ਪ੍ਰਦਾਨ ਕਰ ਆਪ ਨੇ ਬੇਮਿਸਾਲ ਤੇ ਕ੍ਰਾਂਤੀਕਾਰੀ ਕਾਰਜ ਕੀਤੇ ਹਨ।

ਡਾ. ਅੰਬੇਡਕਰ ਸਿੱਖਿਆ, ਬੈਂਕਾਂ ਅਤੇ ਬੀਮਾ ਕੰਪਨੀਆਂ ਦਾ ਕੌਮੀਕਰਨ ਚਾਹੁੰਦੇ ਸਨ ਤਾਂ ਕਿ ਸਾਰੇ ਭਾਰਤੀਆਂ ਨੂੰ ਮਾਨਸਿਕ, ਬੌਧਿਕ ਅਤੇ ਆਰਥਿਕ ਵਿਕਾਸ ਦੇ ਬਰਾਬਰ ਅਵਸਰ ਪ੍ਰਾਪਤ ਹੋਣ। ਭਾਰਤ ਦੀ ਵਧਦੀ ਜਨਸ-ਖਿਆ ਨੂੰ ਕੰਟਰੋਲ ਕਰਨ ਲਈ ਉਪਰਾਲੇ ਕਰਨ ਦੀ ਗੱਲ ਉਨ੍ਹਾਂ ਨੇ 1938 ਵਿਚ ਕੀਤੀ ਸੀ। ਡਾ. ਅੰਬੇਡਕਰ ਦੁਨੀਆਂ ਦੇ ਬੇਹਤਰੀਨ ਚਿੰਤਕ ਸਨ, ਇਸੇ ਲਈ ਅੱਜ ਪੂਰਾ ਵਿਸ਼ਵ ਉਨ੍ਹਾਂ ਨੂੰ ਸਿਜਦਾ ਕਰਦਾ ਹੈ। ਪਰ ਸਿਆਸੀ ਸੋਸ਼ਣ ਦੇ ਸ਼ਿਕਾਰ ਕੁਝ ਰੂੜ੍ਹੀਵਾਦੀ 'ਅਗਿਆਨੀ ਦਲਿਤ' ਲਕੀਰ ਦੇ ਫਕੀਰ ਬਣੇ ਹਾਲੇ ਵੀ ਬਾਬਾ ਸਾਹਿਬ ਦੀ ਵਿਚਾਰਧਾਰਾ ਦਾ ਵਿਰੋਧ ਕਰ ਰਹੇ ਹਨ। ਡਾ. ਅੰਬੇਡਕਰ ਸਾਹਿਬ ਦੇ ਜੀਵਨ-ਸੰਘਰਸ਼ ਦੁਆਰਾ ਪ੍ਰਾਪਤ ਸੁੱਖ-ਸਹੂਲਤਾਂ ਮਾਣਦੇ ਹੋਏ ਉਨ੍ਹਾਂ ਦੇ ਚਿੰਤਨ ਦਾ ਵਿਰੋਧ ਕਰਨਾ, ਇਸ ਤੋਂ ਵੱਡੀ ਅਹਿਸਾਨ-ਫਰਾਮੋਸ਼ੀ ਹੋਰ ਕੀ ਹੋ ਸਕਦੀ ਹੈ। ਅੱਜ ਪੂਰੀ ਦੁਨੀਆਂ ਉਨ੍ਹਾਂ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਰਹੀ ਹੈ।

ਰਾਜਰਿਸ਼ੀ ਛੱਤਰਪਤੀ ਸ਼ਾਹੂ ਜੀ ਵੱਲੋਂ ਬਾਬਾ ਸਾਹਿਬ ਦੀ ਇਨਕਲਾਬੀ ਸ਼ਖਸੀਅਤ ਬਾਰੇ, 21 ਮਾਰਚ 1920 ਨੂੰ ਮਨਗਾਉਂ (ਕੋਹਲਾਪੁਰ) ਵਿਖੇ ਅਛੂਤਾਂ ਦੀ ਇਕ ਵੱਡੀ ਕਾਨਫਰੰਸ ਵਿਚ ਕੀਤੀ ਗਈ ਭਵਿੱਖਬਾਣੀ ਅੱਜ ਵਿਸ਼ਵ ਪੱਧਰ ਤੇ ਵੀ ਸਾਰਥਕ ਸਿੱਧ ਹੋ ਰਹੀ ਹੈ। ਉਨ੍ਹਾਂ ਨੇ ਕਿਹਾ ਸੀ: 'ਡਾ. ਅੰਬੇਡਕਰ ਦੇ ਰੂਪ ਵਿਚ ਤੁਹਾਨੂੰ ਤੁਹਾਡਾ ਮੁਕਤੀਦਾਤਾ ਮਿਲ ਗਿਆ ਹੈ। ਮੈਨੂੰ ਵਿਸ਼ਵਾਸ ਹੈ ਕਿ ਉਹ ਤੁਹਾਡੀ ਗੁਲਾਮੀ ਦੀਆਂ ਜੰਜ਼ੀਰਾਂ ਤੋੜ ਦੇਵੇਗਾ। ਏਨਾ ਹੀ ਨਹੀਂ ਮੇਰੀ ਜ਼ਮੀਰ ਕਹਿੰਦੀ ਹੈ ਕਿ ਸਮਾਂ ਆਵੇਗਾ ਜਦੋਂ ਅੰਬੇਡਕਰ ਦਾ ਨਾਂ ਸਮੁੱਚੇ ਭਾਰਤ ਦੇ ਮੋਹਰੀ ਆਗੂ ਵਜੋਂ ਚਮਕੇਗਾ।'

ਸਮੁੱਚੇ ਪੀੜਤ ਸਮਾਜ, ਵਿਸ਼ੇਸ਼ ਤੌਰ ਤੇ ਨੌਜਵਾਨਾਂ ਦਾ ਫਰਜ਼ ਬਣਦੈ ਕਿ ਫਜ਼ੂਲ ਦੇ ਰੀਤੀ-ਰਿਵਾਜ਼ਾਂ, ਕਰਮ-ਕਾਂਡਾਂ, ਅੰਧ-ਵਿਸ਼ਵਾਸਾਂ ਅਤੇ ਨਸ਼ਿਆਂ ਦਾ ਤਿਆਗ ਕਰਕੇ ਡਾ. ਅੰਬੇਡਕਰ ਜੀ ਦੀ ਕ੍ਰਾਂਤੀਕਾਰੀ ਸੋਚ ਨੂੰ ਵਿਵਹਾਰਿਕ ਤੌਰ ਤੇ ਆਪਣੇ ਜੀਵਨ ਵਿਚ ਅਪਣਾ ਕੇ, ਸਮਾਜਿਕ ਇਨਸਾਫ ਲਈ ਲਾਮਬੰਦ ਹੋ ਕੇ ਸੰਵਿਧਾਨ ਵਿਚ ਪ੍ਰਾਪਤ ਹੱਕਾਂ ਦੀ ਸੁਰੱਖਿਆ ਪ੍ਰਤੀ ਸੁਚੇਤ ਹੋਈਏ।

******

# ਅੰਤਰਰਾਸ਼ਟਰੀ ਬਾਲੜੀ ਦਿਵਸ ਸਬੰਧੀ ਵਿਸ਼ੇਸ਼



ਕੁਲਦੀਪ ਚੰਦ
91-9417563054

ਵਿਸ਼ਵ ਪੱਧਰ ਤੇ 62 ਮਿਲੀਅਨ ਤੋਂ ਵੱਧ ਲੜਕੀਆਂ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ, 05 ਤੋਂ 14 ਸਾਲ ਦੀ ਉਮਰ ਦੀਆਂ ਕੁੜੀਆਂ ਲੜਕਿਆਂ ਨਾਲੋਂ ਘਰੇਲੂ ਕੰਮਾਂ ਵਿੱਚ 160 ਮਿਲੀਅਨ ਘੰਟੇ ਜ਼ਿਆਦਾ ਬਿਤਾਉਂਦੀਆਂ ਹਨ, 04 ਵਿੱਚੋਂ 01 ਕੁੜੀ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦਾ ਹੈ।

ਅੰਤਰਰਾਸ਼ਟਰੀ ਬਾਲੜੀ ਦਿਵਸ ਹਰ ਸਾਲ 11 ਅਕਤੂਬਰ ਨੂੰ ਮਨਾਇਆ ਜਾਂਦਾ ਹੈ। ਇਸ ਦਿਨ ਦੀ ਸਥਾਪਨਾ ਸੰਯੁਕਤ ਰਾਸ਼ਟਰ ਦੁਆਰਾ ਲੜਕੀਆਂ ਦੇ ਅਧਿਕਾਰਾਂ ਨੂੰ ਉਤਸ਼ਾਹਿਤ ਕਰਨ ਅਤੇ ਵਿਸ਼ਵ ਭਰ ਵਿੱਚ ਉਨ੍ਹਾਂ ਨੂੰ ਦਰਪੇਸ਼ ਵਿਲੱਖਣ ਚੁਣੌਤੀਆਂ ਨੂੰ ਹੱਲ ਕਰਨ ਲਈ ਕੀਤੀ ਗਈ ਸੀ। ਪਹਿਲੀ ਵਾਰ 2012 ਵਿੱਚ ਲਿੰਗ ਅਸਮਾਨਤਾ ਬਾਰੇ ਜਾਗਰੂਕਤਾ ਪੈਦਾ ਕਰਨ ਅਤੇ ਲੜਕੀਆਂ ਦੇ ਅਧਿਕਾਰਾਂ ਅਤੇ ਸਸ਼ਕਤੀਕਰਨ ਦੀ ਵਕਾਲਤ ਕਰਨ ਦੇ ਤਰੀਕੇ ਵਜੋਂ ਮਨਾਇਆ ਗਿਆ ਸੀ। ਇਹ ਦਿਨ ਵੱਖ-ਵੱਖ ਮੁੱਦਿਆਂ ਤੇ ਕੇਂਦਰਿਤ ਹੈ ਜੋ ਲੜਕੀਆਂ ਨੂੰ ਪ੍ਰਭਾਵਿਤ ਕਰਦੇ ਹਨ ਜਿਸ ਵਿੱਚ ਸਿੱਖਿਆ ਤੱਕ ਪਹੁੰਚ, ਲਿੰਗ-ਅਧਾਰਿਤ ਹਿੰਸਾ, ਬਾਲ ਵਿਆਹ ਅਤੇ ਵਿਤਕਰੇ ਆਦਿ ਸ਼ਾਮਲ ਹਨ। ਇਸਦਾ ਉਦੇਸ਼ ਲੜਕੀਆਂ ਨੂੰ ਬਰਾਬਰ ਮੌਕੇ ਪ੍ਰਦਾਨ ਕਰਨ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਉਹ ਇੱਕ ਸੁਰੱਖਿਅਤ ਅਤੇ ਸਹਾਇਕ ਮਾਹੌਲ ਵਿੱਚ ਜੀਉਣ। ਹਰ ਸਾਲ ਸੰਯੁਕਤ ਰਾਸ਼ਟਰ ਅਤੇ ਵੱਖ-ਵੱਖ ਸੰਸਥਾਵਾਂ ਇਸ ਦਿਨ ਲੜਕੀਆਂ ਦੇ ਸਸ਼ਕਤੀਕਰਨ ਲਈ ਪਹਿਲਕਦਮੀਆਂ ਅਤੇ ਮੁਹਿੰਮਾਂ ਨੂੰ ਉਤਸ਼ਾਹਿਤ ਕਰਨ ਦੇ ਨਾਲ-ਨਾਲ ਲਿੰਗ ਸਮਾਨਤਾ ਦੀ ਲੋੜ ਬਾਰੇ ਜਾਗਰੂਕਤਾ ਪੈਦਾ ਕਰਦੀਆਂ ਹਨ। ਦੁਨੀਆ ਭਰ ਵਿੱਚ ਲੜਕੀਆਂ ਦੇ ਅਧਿਕਾਰਾਂ ਅਤੇ ਭਲਾਈ ਨੂੰ ਉਤਸ਼ਾਹਿਤ ਕਰਨ ਵਿੱਚ ਵੱਖ ਵੱਖ ਭਾਈਚਾਰਿਆਂ, ਸਰਕਾਰਾਂ ਅਤੇ ਵਿਅਕਤੀਆਂ ਨੂੰ ਸ਼ਾਮਲ ਕਰਨ ਲਈ ਗਤੀਵਿਧੀਆਂ ਅਤੇ ਸਮਾਗਮਾਂ ਦਾ ਆਯੋਜਨ ਕੀਤਾ ਜਾਂਦਾ ਹੈ।




ਬਾਲੜੀਆਂ ਨੂੰ ਮੁੱਦਤ ਤੋਂ ਸ਼ੋਸ਼ਣ ਦਾ ਸ਼ਿਕਾਰ ਹੋਣਾ ਪੈ ਰਿਹਾ ਹੈ। ਬਾਲ ਵਿਆਹ ਇਸ ਸ਼ੋਸ਼ਣ ਦਾ ਸਭ ਤੋਂ ਘਟੀਆ ਰੂਪ ਹੈ। ਇਸ ਨਾਲ ਬਾਲੜੀਆਂ ਜਿੱਥੇ ਪੜ੍ਹਾਈ ਤੋਂ ਬਾਂਝੀਆਂ ਰਹਿ ਜਾਂਦੀਆਂ ਹਨ ਉੱਥੇ ਹੀ ਛੋਟੀ ਉਮਰ ਵਿੱਚ ਕਮਜ਼ੋਰ ਬੱਚੇ ਪੈਦਾ ਕਰ ਕੇ ਪੂਰੇ ਸਮਾਜ ਵਿੱਚ ਸਿਹਤ ਦੀ ਸਮੱਸਿਆ ਦਾ ਕਾਰਨ ਬਣਦੀਆਂ ਹਨ। ਬਾਲੜੀ ਦਿਵਸ ਨਾਲ ਜੁੜੇ ਮੁੱਖ ਮੁੱਦੇ ਪੜਾਈ ਦੌਰਾਨ ਸਕੂਲ ਛੱਡਣਾ, ਜਬਰ ਜਨਾਹ ਦੀਆਂ ਘਟਨਾਵਾਂ, ਬਾਲੜੀ ਵਿਆਹ, ਲਿੰਗ ਆਧਾਰਿਤ ਸ਼ੋਸ਼ਣ ਤੇ ਹਿੰਸਾ, ਬਾਲੜੀਆਂ ਦੀ ਵਿੱਦਿਆ ਸਮੱਸਿਆ ਆਦਿ ਸ਼ਾਮਿਲ ਹਨ। 19 ਦਸੰਬਰ 2011 ਨੂੰ ਯੂਨਾਈਟਿਡ ਨੇਸ਼ਨ ਜਨਰਲ ਅਸੈਂਬਲੀ ਨੇ 11 ਅਕਤੂਬਰ ਨੂੰ ਅੰਤਰਰਾਸ਼ਟਰੀ ਬਾਲੜੀ ਦਿਵਸ ਵਜੋਂ ਮਨਾਉਣ ਦਾ ਮਤਾ ਪਾਸ ਕੀਤਾ। ਇਸ ਮਤੇ ਵਿੱਚ ਬਾਲੜੀਆਂ ਦੇ ਸਸ਼ਕਤੀਕਰਨ ਲਈ ਵੱਖ ਵੱਖ ਤਰੀਕਿਆਂ ਰਾਹੀਂ ਉਪਰਾਲੇ ਕਰਨ ਤੇ ਜੋਰ ਦਿੱਤਾ ਗਿਆ ਸੀ। ਲੜਕੀਆਂ ਦੇ ਅਧਿਕਾਰਾਂ ਲਈ ਪੁਕਾਰ ਪਹਿਲੀ ਵਾਰ 1995 ਵਿੱਚ ਬੀਜਿੰਗ ਵਿੱਚ ਔਰਤਾਂ ਬਾਰੇ ਵਿਸ਼ਵ ਕਾਨਫਰੰਸ ਵਿੱਚ ਬੀਜਿੰਗ ਐਲਾਨਨਾਮੇ ਦੁਆਰਾ ਕੀਤੀ ਗਈ ਸੀ। ਦੁਨੀਆ ਦੇ ਇਤਿਹਾਸ ਵਿੱਚ ਇਹ ਸਭ ਤੋਂ ਪਹਿਲਾ ਬਲੂਪ੍ਰਿੰਟ ਸੀ ਜਿਸ ਨੇ ਪੂਰੀ ਦੁਨੀਆ ਵਿੱਚ ਕਿਸ਼ੋਰ ਲੜਕੀਆਂ ਦੁਆਰਾ ਦਰਪੇਸ਼ ਮੁੱਦਿਆਂ ਨੂੰ ਹੱਲ ਕਰਨ ਦੀ ਜ਼ਰੂਰਤ ਦੀ ਪਛਾਣ ਕੀਤੀ ਸੀ। ਅੰਤਰਰਾਸਟਰੀ ਏਜੰਸੀਆਂ ਅਨੁਸਾਰ ਦੁਨੀਆ ਭਰ ਵਿੱਚ 62 ਮਿਲੀਅਨ ਤੋਂ ਵੱਧ ਲੜਕੀਆਂ ਦੀ ਸਿੱਖਿਆ ਤੱਕ ਪਹੁੰਚ ਨਹੀਂ ਹੈ, 5 ਤੋਂ 14 ਸਾਲ ਦੀ ਉਮਰ ਦੀਆਂ ਕੁੜੀਆਂ ਉਸੇ ਉਮਰ ਦੇ ਲੜਕਿਆਂ ਨਾਲੋਂ ਘਰੇਲੂ ਕੰਮਾਂ ਵਿੱਚ 160 ਮਿਲੀਅਨ ਘੰਟੇ ਜ਼ਿਆਦਾ ਬਿਤਾਉਂਦੀਆਂ ਹਨ, ਵਿਸ਼ਵ ਪੱਧਰ ਤੇ ਚਾਰ ਵਿੱਚੋਂ ਇੱਕ ਕੁੜੀ ਦਾ ਵਿਆਹ 18 ਸਾਲ ਦੀ ਉਮਰ ਤੋਂ ਪਹਿਲਾਂ ਹੋ ਜਾਂਦਾ ਹੈ। ਸੰਯੁਕਤ ਰਾਸ਼ਟਰ ਨੇ ਦੁਨੀਆ ਭਰ ਦੇ ਦੇਸ਼ਾਂ ਅਤੇ ਪਰਿਵਾਰਾਂ ਨੂੰ 11 ਅਕਤੂਬਰ 2016 ਨੂੰ ਬਾਲ ਵਿਆਹ ਪ੍ਰਥਾ ਨੂੰ ਖਤਮ ਕਰਨ ਦੀ ਅਪੀਲ ਕੀਤੀ। ਦੁਨੀਆ ਭਰ ਵਿੱਚ ਬਹੁਤ ਸਾਰੀਆਂ ਕੁੜੀਆਂ ਹਿੰਸਾ ਦਾ ਸ਼ਿਕਾਰ ਹੁੰਦੀਆਂ ਹਨ ਅਤੇ ਅਕਸਰ ਦੋਸ਼ੀਆਂ ਨੂੰ ਸਜ਼ਾ ਨਹੀਂ ਮਿਲਦੀ। ਕਈ ਸਮਾਜਿਕ ਨਿਯਮ ਕਿਸ਼ੋਰ ਲੜਕੀਆਂ ਦੀ ਜਨਤਕ ਸਥਾਨਾਂ ਤੱਕ ਪਹੁੰਚ ਨੂੰ ਸੀਮਤ ਕਰਦੇ ਹਨ। ਰਸਮੀ ਨੀਤੀ ਬਣਾਉਣ ਵਾਲੀਆਂ ਸੰਸਥਾਵਾਂ ਤੋਂ ਲੈ ਕੇ ਭਾਈਚਾਰਕ ਨਿਯਮਾਂ, ਪਰਿਵਾਰਕ ਵਿਵਹਾਰ ਅਤੇ ਵਿਅਕਤੀਗਤ ਰਵੱਈਏ ਤੱਕ ਹਰ ਪੱਧਰ ਤੇ ਚੱਲ ਰਹੀ ਪਿਤਰ-ਪ੍ਰਧਾਨ ਗਤੀਸ਼ੀਲਤਾ ਦੇ ਨਤੀਜੇ ਵਜੋਂ ਅਸੀਂ ਬਹੁਤ ਸਾਰੇ ਪਹਿਲੂਆਂ ਵਿੱਚ ਕੁੜੀਆਂ ਨੂੰ ਕਾਫੀ ਪਿੱਛੇ ਛੱਡਦੇ ਹਨ। ਉਦਾਹਰਣ ਲਈ ਲੱਗਭੱਗ 5 ਵਿੱਚੋਂ 1 ਕੁੜੀ ਅਜੇ ਵੀ ਸੈਕੰਡਰੀ ਕਲਾਸ ਨੂੰ ਪੂਰਾ ਨਹੀਂ ਕਰ ਰਹੀ ਹੈ ਅਤੇ 10 ਵਿੱਚੋਂ 4 ਲੜਕੀਆਂ ਅੱਜ ਉੱਚ-ਸੈਕੰਡਰੀ ਸਕੂਲ ਨੂੰ ਪੂਰਾ ਨਹੀਂ ਕਰ ਰਹੀਆਂ ਹਨ ਅਤੇ ਕੁਝ ਖੇਤਰਾਂ ਵਿੱਚ, ਸੰਖਿਆ ਹੋਰ ਵੀ ਨਿਰਾਸ਼ਾਜਨਕ ਹੈ। ਘੱਟ ਆਮਦਨ ਵਾਲੇ ਦੇਸ਼ਾਂ ਵਿੱਚ ਲਗਭਗ 90 ਪ੍ਰਤੀਸ਼ਤ ਕਿਸ਼ੋਰ ਲੜਕੀਆਂ ਅਤੇ ਮੁਟਿਆਰਾਂ ਇੰਟਰਨੈਟ ਦੀ ਵਰਤੋਂ ਨਹੀਂ ਕਰਦੀਆਂ ਹਨ ਜਦੋਂ ਕਿ ਇਸ ਉਮਰ ਦੇ ਲੜਕਿਆਂ ਵਿੱਚ ਇਸਦੀ ਵਰਤੋਂ ਦੀ ਸੰਭਾਵਨਾ ਦੁੱਗਣੀ ਹੈ। 5 ਤੋਂ 14 ਸਾਲ ਦੀ ਉਮਰ ਦੀਆਂ ਕੁੜੀਆਂ ਉਸੇ ਉਮਰ ਦੇ ਲੜਕਿਆਂ ਦੇ ਮੁਕਾਬਲੇ ਹਰ ਰੋਜ਼ 160 ਮਿਲੀਅਨ ਘੰਟੇ ਬਿਨਾਂ ਭੁਗਤਾਨ ਕੀਤੇ ਦੇਖਭਾਲ ਅਤੇ ਘਰੇਲੂ ਕੰਮ ਕਰਦੀਆਂ ਹਨ। 15 ਤੋਂ 19 ਸਾਲ ਦੀ ਉਮਰ ਦੀਆਂ 10 ਵਿੱਚੋਂ 4 ਕਿਸ਼ੋਰ ਲੜਕੀਆਂ ਜੋ ਗਰਭ ਅਵਸਥਾ ਤੋਂ ਬਚਣਾ ਚਾਹੁੰਦੀਆਂ ਹਨ ਆਧੁਨਿਕ ਢੰਗ ਦੀ ਵਰਤੋਂ ਨਹੀਂ ਕਰ ਰਹੀਆਂ ਹਨ ਅਤੇ ਕਿਸ਼ੋਰ ਗਰਭ ਅਵਸਥਾ ਕਿਸ਼ੋਰ ਲੜਕੀਆਂ ਲਈ ਮੌਤ ਦਰ ਦਾ ਇੱਕ ਪ੍ਰਮੁੱਖ ਕਾਰਨ ਹੈ। ਲੱਗਭੱਗ 100 ਮਿਲੀਅਨ ਕੁੜੀਆਂ ਬਾਲ ਵਿਆਹ ਦੇ ਖ਼ਤਰੇ ਵਿੱਚ ਸਨ ਅਤੇ ਹੁਣ ਅਗਲੇ ਦਸ ਸਾਲਾਂ ਵਿੱਚ, ਕੋਵਿਡ-19 ਮਹਾਂਮਾਰੀ ਦੇ ਕਾਰਨ ਦੁਨੀਆ ਭਰ ਵਿੱਚ 10 ਮਿਲੀਅਨ ਤੱਕ ਹੋਰ ਲੜਕੀਆਂ ਦੇ ਬੱਚਿਆਂ ਦੇ ਰੂਪ ਵਿੱਚ ਵਿਆਹ ਹੋਣ ਦਾ ਡਰ ਹੈ। 15 ਤੋਂ 19 ਸਾਲ ਦੀ ਉਮਰ ਦੀਆਂ 4 ਵਿੱਚੋਂ ਲੱਗਭੱਗ 1 ਵਿਆਹੁਤਾ/ਸਾਥੀਦਾਰ ਕਿਸ਼ੋਰ ਕੁੜੀਆਂ ਨੇ ਆਪਣੇ ਜੀਵਨ ਕਾਲ ਵਿੱਚ ਘੱਟੋ-ਘੱਟ ਇੱਕ ਵਾਰ ਕਿਸੇ ਨਜ਼ਦੀਕੀ ਸਾਥੀ ਤੋਂ ਸਰੀਰਕ ਜਾਂ ਜਿਨਸੀ ਹਿੰਸਾ ਦਾ ਅਨੁਭਵ ਕੀਤਾ ਹੈ। ਪਲਾਨ ਇੰਟਰਨੈਸ਼ਨਲ ਇੱਕ ਗੈਰ-ਸਰਕਾਰੀ ਸੰਸਥਾ ਹੈ ਜੋ ਦੁਨੀਆ ਭਰ ਦੇ ਲਗਭਗ 70 ਦੇਸ਼ਾਂ ਵਿੱਚ ਕੰਮ ਕਰਦੀ ਹੈ। ਇਸਨੇ 2007 ਵਿੱਚ ਮੁਹਿੰਮ ਦੀ ਅਗਵਾਈ ਕੀਤੀ ਸੀ ਜਿਸਦਾ ਉਦੇਸ਼ ਵਿਸ਼ਵ ਪੱਧਰ ਤੇ ਅਤੇ ਖਾਸ ਤੌਰ ਤੇ ਵਿਕਾਸਸ਼ੀਲ ਦੇਸ਼ਾਂ ਵਿੱਚ ਲੜਕੀਆਂ ਦੇ ਪਾਲਣ ਪੋਸ਼ਣ ਦੀ ਜ਼ਰੂਰਤ ਬਾਰੇ ਜਾਗਰੂਕਤਾ ਫੈਲਾਉਣਾ ਸੀ। ਸੰਯੁਕਤ ਰਾਸ਼ਟਰ ਜਨਰਲ ਅਸੈਂਬਲੀ ਦੇ ਮਤੇ ਵਿੱਚ ਕਿਹਾ ਗਿਆ ਹੈ ਕਿ ਲੜਕੀਆਂ ਦਾ ਦਿਵਸ ਲੜਕੀਆਂ ਦੇ ਸਸ਼ਕਤੀਕਰਨ ਅਤੇ ਨਿਵੇਸ਼ ਜੋ ਆਰਥਿਕ ਵਿਕਾਸ ਲਈ ਮਹੱਤਵਪੂਰਨ ਹਨ ਗਰੀਬੀ ਅਤੇ ਅਤਿ-ਗਰੀਬੀ ਦੇ ਖਾਤਮੇ ਸਮੇਤ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੇ ਫੈਸਲਿਆਂ ਵਿੱਚ ਲੜਕੀਆਂ ਦੀ ਸਾਰਥਕ ਭਾਗੀਦਾਰੀ ਮੁੱਖ ਹੈ ਨੂੰ ਮਾਨਤਾ ਦਿੰਦਾ ਹੈ। ਬਾਲੜੀਆਂ ਦੇ ਦਿਵਸ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਦੇਸ਼ਾਂ ਵਿੱਚ ਸਮਾਗਮਾਂ ਦੀ ਯੋਜਨਾ ਬਣਾਈ ਗਈ ਹੈ। ਕੁਝ ਪ੍ਰੋਗਰਾਮ ਸੰਯੁਕਤ ਰਾਸ਼ਟਰ ਦੁਆਰਾ ਸਪਾਂਸਰ ਕੀਤੇ ਜਾਂਦੇ ਹਨ, ਕੁੱਝ ਗੈਰ-ਸਰਕਾਰੀ ਸੰਸਥਾਵਾਂ ਜਿਵੇਂ ਕਿ ਗਰਲ ਗਾਈਡਜ਼ ਆਸਟਰੇਲੀਆ ਵੀ ਗਤੀਵਿਧੀਆਂ ਦਾ ਸਮਰਥਨ ਕਰਦੀਆਂ ਹਨ ਅਤੇ ਕੁੱਝ ਸਥਾਨਕ ਸੰਸਥਾਵਾਂ ਨੇ ਵੀ ਅਪਣੇ ਅਪਣੇ ਈਵੈਂਟ ਤਿਆਰ ਕੀਤੇ ਹਨ। ਭਾਰਤ ਵਿੱਚ ਬਾਲੜੀਆਂ ਪਿਛਲੇ ਕਈ ਦਹਾਕਿਆਂ ਤੋਂ ਚਰਚਾ ਅਤੇ ਬਹਿਸ ਦਾ ਵਿਸ਼ਾ ਰਹੀਆਂ ਹਨ। ਕੁੜੀਆਂ ਨੂੰ ਬਹੁਤੇ ਪਰਿਵਾਰਾਂ ਵਿੱਚ ਅਕਸਰ ਹੀ ਇੱਕ ਅਣਚਾਹਿਆ ਬੱਚਾ ਮੰਨਿਆ ਜਾਂਦਾ ਹੈ ਅਤੇ ਇਸਤੋਂ ਛੁਟਕਾਰਾ ਪਾਉਣ ਦੀਆਂ ਕੋਸ਼ਿਸਾਂ ਹੁੰਦੀਆਂ ਰਹੀਆਂ ਹਨ। ਇੱਕ ਪਾਸੇ ਅਸੀਂ ਕੁੜੀਆਂ ਨੂੰ ਦਫਤਰਾਂ ਵਿਚ ਉੱਚ ਅਹੁਦਿਆਂ ਤੇ ਬਿਰਾਜਮਾਨ ਪ੍ਰਧਾਨ ਮੰਤਰੀ, ਰਾਸ਼ਟਰਪਤੀ, ਸਪੀਕਰ, ਮੁੱਖ ਮੰਤਰੀ, ਗਵਰਨਰ, ਡੀ ਸੀ, ਪੁਲਿਸ ਅਫਸਰ, ਇੰਜੀਨੀਅਰ, ਡਾਕਟਰ, ਮੈਨੇਜਰ ਆਦਿ ਵਜੋਂ ਦੇਖਦੇ ਹਾਂ ਪਰ ਇਸ ਸਭ ਦੇ ਬਾਬਜੂਦ ਕੁੜੀਆਂ ਦੇ ਪੇਸ਼ਿਆਂ ਵਿੱਚ ਦਾਖਲ ਹੋਣ ਦੇ ਨਾਲ ਉਨ੍ਹਾਂ ਵਿਰੁੱਧ ਅਪਰਾਧਾਂ ਦੇ ਗ੍ਰਾਫ ਵਿੱਚ ਲਗਾਤਾਰ ਵਾਧਾ ਹੁੰਦਾ ਹੈ। ਭਾਰਤੀ ਆਬਾਦੀ ਦੇ ਵੱਡੇ ਹਿੱਸੇ ਵਾਲੇ ਪੇਂਡੂ ਖੇਤਰਾਂ ਵਿੱਚ ਕੁੜੀਆਂ ਪ੍ਰਤੀ ਆਮ ਰਵੱਈਏ ਵਿੱਚ ਕੋਈ ਖਾਸ ਤਬਦੀਲੀ ਨਜਰ ਨਹੀਂ ਆਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਅਜੇ ਵੀ ਇਹ ਹੀ ਮੰਨਿਆ ਜਾਂਦਾ ਹੈ ਕਿ ਲੜਕੀਆਂ ਲਈ ਸਿੱਖਿਆ ਬੇਕਾਰ ਹੈ, ਉਹਨਾਂ ਨੂੰ ਘਰ ਦੇ ਕੰਮ, ਬੱਚੇ ਪੈਦਾ ਕਰਨ ਅਤੇ ਬੱਚੇ ਦੇ ਪਾਲਣ-ਪੋਸ਼ਣ ਤੇ ਸਾਰਾ ਧਿਆਨ ਦੇਣਾ ਪੈਂਦਾ ਹੈ। ਲੜਕੀਆਂ ਨੂੰ ਅੱਜ ਵੀ ਇੱਕ ਵਿਅਕਤੀਗਤ ਮਨੁੱਖ ਦੀ ਬਜਾਏ ਵਸਤੂ ਮੰਨਿਆ ਜਾਂਦਾ ਹੈ। ਸ਼ਹਿਰੀ ਖੇਤਰਾਂ ਵਿਚ ਵੀ ਲੜਕੀਆਂ ਦੀਆਂ ਸੰਭਾਵਨਾਵਾਂ ਉਜਵਲ ਨਹੀਂ ਹਨ। ਬੇਸ਼ੱਕ ਉਹ ਦਫ਼ਤਰਾਂ ਵਿੱਚ ਰੁਤਬੇ ਅਤੇ ਅਹੁਦਿਆਂ ਨੂੰ ਹਾਸਲ ਕਰ ਰਹੀਆਂ ਹਨ ਪਰ ਅਕਸਰ ਹੀ ਉਨ੍ਹਾਂ ਨੂੰ ਦਫ਼ਤਰਾਂ ਵਿਚ ਮਰਦਾਂ ਦੇ ਬਰਾਬਰ ਦਾ ਸਨਮਾਨ ਨਹੀਂ ਮਿਲਦਾ। ਇਸ ਤੋਂ ਇਲਾਵਾ ਔਰਤ ਘਰ ਤੋਂ ਬਾਹਰ ਭਾਵੇਂ ਕੋਈ ਵੀ ਰੁਤਬਾ ਹਾਸਲ ਕਰ ਲਵੇ ਘਰ ਦੇ ਅੰਦਰ ਉਹ ਆਮ ਤੌਰ ਤੇ ਇਕ ਮੁੱਫਤ ਦੀ ਨੌਕਰ ਹੀ ਬਣੀ ਹੋਈ ਹੈ। ਇਹ ਪ੍ਰਤੀਤ ਹੁੰਦਾ ਹੈ ਕਿ ਸਿੱਖਿਆ ਅਤੇ ਵਿੱਤੀ ਸੁਤੰਤਰਤਾ ਨੇ ਵੀ ਉਨ੍ਹਾਂ ਦੀ ਹਾਲਤ ਨੂੰ ਸੁਧਾਰਨ ਵਿੱਚ ਬਹੁਤੀ ਮੱਦਦ ਨਹੀਂ ਕੀਤੀ ਹੈ। ਹਰ ਰੋਜ਼ ਨਿੱਕੀਆਂ ਮਾਸੂਮ ਬੱਚੀਆਂ ਦੇ ਬਲਾਤਕਾਰ ਹੋ ਰਹੇ ਹਨ। ਉਹਨਾਂ ਨੂੰ ਸਕੂਲਾਂ ਵਿੱਚ ਭੇਜਣ ਦੀ ਥਾਂ ਤੇ ਘਰਾਂ ਵਿੱਚ ਨੌਕਰਾਂ ਦੀ ਤਰ੍ਹਾਂ ਕੰਮ ਕਰਵਾਇਆ ਜਾਂਦਾ ਹੈ। ਨਵਜੰਮੀਆਂ ਬੱਚੀਆਂ ਨੂੰ ਕੂੜੇ ਦੇ ਢੇਰਾਂ ਤੇ ਅਤੇ ਨਾਲੇ-ਨਾਲੀਆਂ ਵਿੱਚ ਸੁੱਟਿਆ ਜਾ ਰਿਹਾ ਹੈ ਜਿੱਥੇ ਕਿ ਕੁੱਤੇ ਅਤੇ ਹੋਰ ਜੰਗਲੀ ਜਾਨਵਰ ਉਹਨਾਂ ਦਾ ਮਾਸ ਨੋਚ-ਨੋਚ ਕੇ ਖਾ ਰਹੇ ਹਨ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਪਹਿਲ ਦਿੱਤੀ ਜਾਂਦੀ ਹੈ ਜਿਸ ਕਾਰਨ ਬਹੁਤੇ ਘਰਾਂ ਵਿੱਚ ਕੁੜੀਆਂ ਨਾਲ ਵਿਤਕਰਾ ਕੀਤਾ ਜਾਂਦਾ ਹੈ। ਕੁੜੀਆਂ ਨੂੰ ਸਰਕਾਰੀ ਸਕੂਲਾਂ ਵਿੱਚ ਜਦਕਿ ਮੁੰਡਿਆਂ ਨੂੰ ਵਧੀਆਂ ਪ੍ਰਾਇਵੇਟ ਸਕੂਲਾਂ ਵਿੱਚ ਪੜ੍ਹਾਇਆਂ ਜਾਂਦਾ ਹੈ। ਮੁੰਡਿਆਂ ਨੂੰ ਕੁੜੀਆਂ ਦੇ ਮੁਕਾਬਲੇ ਵਧੀਆਂ ਕੱਪੜੇ, ਵਧੀਆਂ ਖਾਣਾ ਅਤੇ ਜ਼ਿਆਦਾ ਜੇਬ ਖਰਚ ਦਿੱਤਾ ਜਾਂਦਾ ਹੈ ਜਦਕਿ ਕੁੜੀਆਂ ਨੂੰ ਪਰਾਏ ਘਰ ਜਾਣ ਵਾਲੀ ਕਹਿ ਕੇ ਤਰਸਯੋਗ ਹਾਲਤ ਤੇ ਹੀ ਛੱਡਿਆ ਜਾਂਦਾ ਹੈ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2011 ਵਿੱਚ ਘਟਕੇ 914 ਰਹਿ ਗਈਆਂ ਹਨ। ਸੰਯੁਕਤ ਰਾਸ਼ਟਰ ਦੀ ਇੱਕ ਰਿਪੋਰਟ ਅਨੁਸਾਰ ਦੁਨੀਆਂ ਭਰ ਵਿੱਚ 130 ਮਿਲੀਅਨ ਬੱਚੇ ਸਕੂਲ ਨਹੀਂ ਜਾਂਦੇ ਹਨ ਜਿਹਨਾਂ ਵਿੱਚੋਂ 60 ਫੀਸਦੀ ਲੜਕੀਆਂ ਹੀ ਹਨ। ਇੱਕ ਗੈਰ ਸਰਕਾਰੀ ਸੰਸਥਾ ਦੀ ਰਿਪੋਰਟ ਅਨੁਸਾਰ ਲੱਗਭੱਗ 63 ਫੀਸਦੀ ਲੜਕੀਆਂ ਨੇ ਮੰਨਿਆ ਕਿ ਉਹਨਾਂ ਦਾ ਗੰਭੀਰ ਸਰੀਰਕ ਸੋਸ਼ਣ ਜਾਂ ਬਲਾਤਕਾਰ ਕੀਤਾ ਗਿਆ ਅਤੇ 29 ਫੀਸਦੀ ਨਾਲ ਸਰੀਰਕ ਛੇੜਖਾਨੀ ਕੀਤੀ ਗਈ। ਹਰ ਰੋਜ ਔਸਤਨ 106 ਮਹਿਲਾਵਾਂ ਅਤੇ ਲੜਕੀਆਂ ਬਲਾਤਕਾਰ ਦਾ ਸ਼ਿਕਾਰ ਬਣਦੀਆਂ ਹਨ ਅਤੇ ਇਨ੍ਹਾਂ ਵਿੱਚੋਂ ਜਿਆਦਾ ਗਿਣਤੀ 12 ਸਾਲ ਤੋਂ ਘੱਟ ਉਮਰ ਦੀਆਂ ਬੱਚੀਆਂ ਦੀ ਹੀ ਹੈ। ਇੱਕ ਪਾਸੇ ਦੇਸ਼ ਵਿੱਚ ਲੜਕੀਆਂ ਦੀ ਗਿਣਤੀ ਲੜਕਿਆਂ ਦੇ ਮੁਕਾਬਲੇ ਘਟਦੀ ਜਾ ਰਹੀ ਹੈ ਦੂਜੇ ਪਾਸੇ ਲੜਕੀਆਂ ਪ੍ਰਤੀ ਅਪਰਾਧ ਵੱਧ ਰਹੇ ਹਨ। ਸਾਡੇ ਦੇਸ਼ ਵਿੱਚ ਲੜਕੀਆਂ ਦੀ ਸਾਖਰਤਾ ਦਰ ਅਜੇ ਤੱਕ ਸਿਰਫ 53.87 ਫਿਸਦੀ ਹੈ ਅਤੇ ਹਰ ਤੀਜੀ ਲੜਕੀ ਖੁਰਾਕ ਦੀ ਘਾਟ ਕਾਰਨ ਅਨੀਮਿਕ ਹੈ। ਲੱਗਭੱਗ 9 ਫਿਸਦੀ ਲੜਕੀਆਂ ਅਜੇ ਵੀ ਉਮਰ ਤੋਂ ਪਹਿਲਾਂ ਹੀ ਮਾਂ ਬਣਦੀਆਂ ਹਨ। ਸਿਹਤ ਸਬੰਧੀ ਸਮੇਂ ਸਮੇਂ ਤੇ ਕਰਵਾਏ ਜਾਂਦੇ ਸਰਵੇਖਣਾਂ ਵਿੱਚ ਸਪੱਸ਼ਟ ਪਤਾ ਚੱਲਦਾ ਹੈ ਕਿ ਲੜਕੀਆਂ ਲੜਕਿਆਂ ਦੇ ਮੁਕਾਬਲੇ ਸਿਹਤ ਪੱਖੋਂ ਕਮਜ਼ੋਰ ਹਨ। ਦੇਸ਼ ਵਿੱਚ ਵੱਧ ਰਹੇ ਅਪਰਾਧਾਂ ਦਾ ਸਭਤੋਂ ਵੱਧ ਅਸਰ ਲੜਕੀਆਂ ਅਤੇ ਮਹਿਲਾਵਾਂ ਤੇ ਹੀ ਪੈ ਰਿਹਾ ਹੈ।

ਹਾਲ ਹੀ ਵਿੱਚ ਪ੍ਰਕਾਸ਼ਿਤ ਨੈਸ਼ਨਲ ਕ੍ਰਾਈਮ ਰਿਕਾਰਡ ਬਿਊਰੋ (ਐਨਸੀਆਰਬੀ) ਦੀ ਬੱਚਿਆਂ ਵਿਰੁੱਧ ਅਪਰਾਧਾਂ ਦੀ ਸਥਿਤੀ ਬਾਰੇ ਰਿਪੋਰਟ ਨੇ ਖਾਸ ਤੌਰ ਤੇ ਪੂਰਬੀ ਰਾਜਾਂ ਵਿੱਚ ਇੱਕ ਗੰਭੀਰ ਸਥਿਤੀ ਦਰਸਾਈ ਹੈ। ਇਸ ਰਿਪੋਰਟ ਅਨੁਸਾਰ ਪੱਛਮੀ ਬੰਗਾਲ ਵਿੱਚ 2021 ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 9523 ਮਾਮਲੇ ਦਰਜ ਕੀਤੇ ਗਏ ਸਨ। ਇਸਦਾ ਮਤਲਬ ਇਹ ਹੈ ਕਿ ਬੱਚਿਆਂ ਵਿਰੁੱਧ ਅਪਰਾਧ ਦੀਆਂ ਲਗਭਗ 26 ਘਟਨਾਵਾਂ ਹਰ ਰੋਜ਼ ਦਰਜ ਕੀਤੀਆਂ ਗਈਆਂ। ਪੀੜ੍ਹਿਤਾਂ ਵਿੱਚੋਂ 98.6 ਪ੍ਰਤੀਸ਼ਤ ਕੁੜੀਆਂ ਹੀ ਸਨ! ਉੜੀਸਾ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਦੇ 7899 ਮਾਮਲੇ ਸਾਹਮਣੇ ਆਏ ਜੋ ਰੋਜ਼ਾਨਾ ਔਸਤਨ 21 ਦਰਸਾਉਂਦਾ ਹੈ। ਇਹ ਸਾਰੀਆਂ ਪੀੜ੍ਹਿਤ ਲੜਕੀਆਂ ਹੀ ਸਨ। ਸਾਲ 2017-2021 ਦੌਰਾਨ ਪੱਛਮੀ ਬੰਗਾਲ ਵਿੱਚ ਬੱਚਿਆਂ ਵਿਰੁੱਧ ਅਪਰਾਧਾਂ ਵਿੱਚ 45.4 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ। ਉੜੀਸਾ ਵਿੱਚ ਇਸ ਸਮੇਂ ਦੌਰਾਨ ਹੀ ਬੱਚਿਆਂ ਦੇ ਵਿਰੁੱਧ ਅਪਰਾਧਾਂ ਵਿੱਚ 148 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਪੱਛਮੀ ਬੰਗਾਲ ਅਤੇ ਉੜੀਸਾ ਦੋਵੇਂ ਚੋਟੀ ਦੇ ਪੰਜ ਰਾਜਾਂ ਦੀ ਸੂਚੀ ਵਿੱਚ ਹਨ। ਮਹਾਰਾਸ਼ਟਰ, ਮੱਧ ਪ੍ਰਦੇਸ਼ ਅਤੇ ਉੱਤਰ ਪ੍ਰਦੇਸ਼ ਵਿੱਚ ਦੇਸ਼ ਭਰ ਵਿੱਚ ਬੱਚਿਆਂ ਵਿਰੁੱਧ ਕੀਤੇ ਗਏ ਕੁੱਲ ਅਪਰਾਧਾਂ ਦਾ ਲੱਗਭੱਗ 47. 1 ਪ੍ਰਤੀਸ਼ਤ ਹਿੱਸਾ ਹੈ। ਇਹ ਸਿਰਫ ਸਰਕਾਰੀ ਅਧਿਕਾਰਤ ਅੰਕੜੇ ਹਨ ਅਤੇ ਬੱਚਿਆਂ ਵਿਰੁੱਧ ਅਪਰਾਧਾਂ ਦੇ ਬਹੁਤ ਸਾਰੇ ਮਾਮਲੇ ਅਕਸਰ ਗੈਰ-ਰਿਕਾਰਡ ਕੀਤੇ ਜਾਂਦੇ ਹਨ। ਇਸ ਸਬੰਧੀ ਬਿਹਾਰ ਅਤੇ ਅਸਾਮ ਦੀ ਹਾਲਤ ਵੀ ਚਿੰਤਾਜਨਕ ਹੈ। ਲੜਕੀਆਂ ਤੇ ਵੱਧਦੇ ਤੇਜਾਬੀ ਹਮਲੇ, ਆਨਰ ਕਿਲਿੰਗ ਦੇ ਮਾਮਲੇ ਦੇਸ਼ ਵਿੱਚ ਲੜਕੀਆਂ ਦੀ ਸੁਰੱਖਿਆ ਦੇ ਪੋਲ ਖੋਲਦੇ ਹਨ। ਲੜਕੀਆਂ ਦੀ ਭਲਾਈ ਲਈ ਸੱਖਤ ਕਨੂੰਨ ਅਤੇ ਯੋਜਨਾਵਾਂ ਹੋਣ ਦੇ ਬਾਬਜੂਦ ਲੜਕੀਆਂ ਨਾਲ ਪੱਖਪਾਤ ਤੇ ਅੱਤਿਆਚਾਰ ਦੀਆਂ ਘਟਨਾਵਾਂ ਦਿਨ ਪ੍ਰਤੀ ਦਿਨ ਵੱਧ ਰਹੀਆਂ ਹਨ। ਬਾਲ ਸੁਰੱਖਿਆ ਨੂੰ ਮਜ਼ਬੂਤ ਕਰਨ ਦੀਆਂ ਕਈ ਪਹਿਲਕਦਮੀਆਂ ਦੇ ਬਾਵਜੂਦ ਇਹ ਸੰਖਿਆ ਬੱਚਿਆਂ ਦੀ ਵੱਧ ਰਹੀ ਕਮਜ਼ੋਰੀ ਖਾਸ ਕਰਕੇ ਮਹਾਂਮਾਰੀ ਤੋਂ ਬਾਅਦ ਦੇ ਯੁੱਗ ਵਿੱਚ ਇੱਕ ਗੰਭੀਰ ਸੰਕੇਤ ਹੈ। ਸਸ਼ਕਤੀਕਰਨ ਅਤੇ ਸਿੱਖਿਆ ਤੇ ਜ਼ੋਰ ਦੇਣ ਦੇ ਬਾਵਜੂਦ ਅਪਰਾਧਾਂ ਵਿੱਚ ਵਾਧਾ ਦੇਸ਼ ਵਿੱਚ ਬੱਚੀਆਂ ਦੀ ਕਮਜ਼ੋਰੀ ਨੂੰ ਦਰਸਾਉਂਦੀ ਹੈ। ਦੇਸ਼ ਦੀ ਬਾਲ ਸੁਰੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ, ਪੁਲਿਸ, ਨਿਆਂਇਕ ਅਤੇ ਕਾਨੂੰਨੀ ਪ੍ਰਣਾਲੀਆਂ ਨੂੰ ਵਧੇਰੇ ਸਰਗਰਮ ਬਣਾਉਣ ਲਈ ਤੁਰੰਤ ਉਪਾਵਾਂ ਦੀ ਲੋੜ ਹੈ। ਸਿਹਤਮੰਦ ਅਤੇ ਸਿੱਖਿਅਤ ਕੰਨਿਆਵਾਂ ਆਉਣ ਵਾਲੇ ਸਮੇਂ ਦੀ ਮੁੱਖ ਜ਼ਰੂਰਤ ਹਨ ਕਿਉਂਕਿ ਇਹੀ ਆਉਣ ਵਾਲੇ ਸਮਾਜ ਨੂੰ ਸਹੀ ਰਾਹ ਦਿਖਾ ਸਕਦੀਆਂ ਹਨ। ਸਰਕਾਰ ਵਲੋਂ ਲੜਕੀਆਂ ਦੀ ਭਲਾਈ ਲਈ ਕਈ ਯੋਜਨਾਵਾਂ ਚਲਾਈਆਂ ਜਾ ਰਹੀਆਂ ਹਨ ਅਤੇ ਲੜਕੀਆਂ ਦੀ ਸੁਰੱਖਿਆ ਲਈ ਕਈ ਕਨੂੰਨ ਬਣਾਏ ਗਏ ਹਨ ਪਰ ਅਸਲੀਅਤ ਇਹ ਹੈ ਕਿ ਇਹ ਕਨੂੰਨ ਅਤੇ ਭਲਾਈ ਸਕੀਮਾਂ ਵੀ ਅਸਰਦਾਇਕ ਸਾਬਿਤ ਨਹੀਂ ਹੋ ਰਹੀਆਂ ਹਨ। ਅੰਤਰਰਾਸ਼ਟਰੀ ਬਾਲੜੀ ਦਿਵਸ 11 ਅਕਤੂਬਰ ਨੂੰ ਇੱਕ ਸਾਲਾਨਾ ਅਤੇ ਅੰਤਰਰਾਸ਼ਟਰੀ ਤੌਰ ਤੇ ਮਨਾਇਆ ਜਾਣ ਵਾਲਾ ਸਮਾਰੋਹ ਹੈ ਜੋ ਲੜਕੀਆਂ ਨੂੰ ਸ਼ਕਤੀ ਪ੍ਰਦਾਨ ਕਰਦਾ ਹੈ। ਇਸ ਸਾਲ ਦਾ ਥੀਮ "ਡਿਜੀਟਲ ਜਨਰੇਸ਼ਨ" ਹੈ। ਇਹ ਗਲੋਬਲ ਕਮਿਊਨਿਟੀ ਨੂੰ ਕੁੜੀਆਂ ਨੂੰ ਔਨਲਾਈਨ ਹੋਣ ਵਾਲੇ ਨੁਕਸਾਨਾਂ ਨੂੰ ਸਮਝਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰਦਾ ਹੈ। 25 ਸਾਲ ਤੋਂ ਘੱਟ ਉਮਰ ਦੇ 2.2 ਬਿਲੀਅਨ ਲੋਕਾਂ ਕੋਲ ਇੰਟਰਨੈੱਟ ਦੀ ਪਹੁੰਚ ਨਹੀਂ ਹੈ ਜਿਨ੍ਹਾਂ ਵਿੱਚ ਜ਼ਿਆਦਾਤਰ ਲੜਕੀਆਂ ਹੀ ਹਨ। "ਕੁੜੀਆਂ ਦੇ ਅਧਿਕਾਰਾਂ ਵਿੱਚ ਨਿਵੇਸ਼ ਕਰੋ: ਸਾਡੀ ਅਗਵਾਈ, ਸਾਡੀ ਭਲਾਈ" ਸਰਕਾਰ ਅਤੇ ਗੈਰ ਸਰਕਾਰੀ ਸੰਸਥਾਵਾਂ ਨਾਲ ਯੂਨੀਸੈਫ ਇੱਕ ਅਜਿਹੀ ਦੁਨੀਆਂ ਦੀ ਕਲਪਨਾ ਕਰਦਾ ਹੈ ਜਿੱਥੇ ਕੁੜੀਆਂ ਕੋਲ ਸਰਕਾਰੀ ਨੀਤੀ ਅਤੇ ਖਰਚਿਆਂ ਨੂੰ ਨਿਯਮਾਂ ਬਾਰੇ ਸੂਚਿਤ ਕਰਨ ਲਈ ਜਗ੍ਹਾ ਹੁੰਦੀ ਹੈ। ਅਕਤੂਬਰ 2023 ਤੋਂ ਅਕਤੂਬਰ 2024 ਤੱਕ ਯੂਨੀਸੇਫ ਅਤੇ ਸਰਕਾਰ ਅਤੇ ਸਿਵਲ ਸੋਸਾਇਟੀ ਦੇ ਭਾਈਵਾਲ ਸਮੂਹਿਕ ਤੌਰ ਤੇ ਵਿਸ਼ਵ ਪੱਧਰ ਤੇ ਸਟੇਕਹੋਲਡਰਾਂ ਨੂੰ ਸੱਦਾ ਦਿੰਦੇ ਹਨ। ਲੜਕੀਆਂ ਦੀ ਸਿਹਤ, ਸਿੱਖਿਆ, ਹਿੰਸਾ ਦੀ ਰੋਕਥਾਮ ਅਤੇ ਆਰਥਿਕ ਸਸ਼ਕਤੀਕਰਨ ਸਮੇਤ ਮੁੱਖ ਖੇਤਰਾਂ ਵਿੱਚ ਫੰਡਾਂ ਨੂੰ ਵਧਾਉਣਾ ਲਾਜ਼ਮੀ ਹੈ। ਇਸ ਤੋਂ ਇਲਾਵਾ ਅੰਤਰਰਾਸ਼ਟਰੀ ਭਾਈਚਾਰਾ ਕਿਸ਼ੋਰ ਲੜਕੀਆਂ ਵਿੱਚ ਨਿਵੇਸ਼ ਕੀਤੇ ਬਿਨਾਂ ਸਸਟੇਨੇਬਲ ਡਿਵੈਲਪਮੈਂਟ ਟੀਚਿਆਂ ਅਤੇ ਉਨ੍ਹਾਂ ਦੇ ਟੀਚਿਆਂ ਨੂੰ ਪੂਰਾ ਨਹੀਂ ਕਰੇਗਾ ਜਿਨ੍ਹਾਂ ਦਾ ਸਮਰਥਨ ਕੀਤਾ ਜਾਂਦਾ ਹੈ। ਲੜਕੀਆਂ ਲਈ ਜਿਨਸੀ ਅਤੇ ਪ੍ਰਜਨਨ ਸਿਹਤ ਅਤੇ ਅਧਿਕਾਰਾਂ ਵਿੱਚ ਨਿਵੇਸ਼ ਕੀਤਾ ਗਿਆ ਜਿਸ ਨਾਲ ਸਿਹਤ ਦੇ ਨਤੀਜੇ ਬਿਹਤਰ ਹੁੰਦੇ ਹਨ ਅਤੇ ਆਰਥਿਕ ਮੌਕੇ ਵਧਦੇ ਹਨ। ਬਾਲ ਵਿਆਹ ਨੂੰ ਰੋਕਣ ਲਈ ਜ਼ਰੂਰੀ ਹੋਣ ਦੇ ਬਾਵਜੂਦ ਅਧਿਕਾਰਤ ਵਿਕਾਸ ਸਹਾਇਤਾ ਦੀ 2022 ਦੀ ਸਮੀਖਿਆ ਰਿਪੋਰਟ ਦੱਸਦੀ ਹੈ ਕਿ 2020 ਵਿੱਚ ਅਧਿਕਾਰਤ ਵਿਕਾਸ ਸਹਾਇਤਾ ਦਾ ਸਿਰਫ 0.07ਗ ਬਾਲ ਵਿਆਹ ਨਾਲ ਲੜਨ ਲਈ ਵਰਤਿਆ ਗਿਆ ਸੀ। ਓਵਰਸੀਜ਼ ਡਿਵੈਲਪਮੈਂਟ ਇੰਸਟੀਚਿਊਟ ਦੁਆਰਾ 2023 ਦੇ ਵਿਸ਼ਲੇਸ਼ਣ ਨੇ ਸਿੱਟਾ ਕੱਢਿਆ ਹੈ ਕਿ ਅਧਿਕਾਰ-ਅਧਾਰਿਤ ਜ਼ਰੂਰੀ ਅਤੇ ਤੁਰੰਤ ਕਾਰਵਾਈ ਲਈ ਕੇਸ ਹੋਣ ਦੇ ਬਾਵਜੂਦ ਵੱਡੇ ਦਾਨੀਆਂ ਦੁਆਰਾ 6ਗ ਤੋਂ ਘੱਟ ਕਿਸ਼ੋਰਾਂ ਲਈ ਨਿਰਧਾਰਤ ਕੀਤਾ ਗਿਆ ਹੈ। ਜੇਕਰ ਅਸੀਂ ਸਮਾਜ ਅਤੇ ਦੇਸ਼ ਦਾ ਵਿਕਾਸ ਕਰਨਾਂ ਚਾਹੁੰਦੇ ਹਾਂ ਤਾਂ ਲੜਕੀਆਂ ਦੀ ਭਲਾਈ ਅਤੇ ਵਿਕਾਸ ਲਈ ਅਸਰਦਾਇਕ ਯੋਜਨਾਵਾਂ ਅਤੇ ਸੱਖਤ ਕਨੂੰਨ ਬਣਾਉਣ ਅਤੇ ਸੱਖਤੀ ਨਾਲ ਲਾਗੂ ਕਰਨੇ ਚਾਹੀਦੇ ਹਨ ਤਾਂ ਜੋ ਸਮਾਜ ਅਤੇ ਦੇਸ਼ ਵਿੱਚ ਲੜਕੀਆਂ ਲਈ ਖੁਸ਼ਗਵਾਰ ਮਾਹੌਲ ਬਣਾਇਆ ਜਾ ਸਕੇ ਨਹੀਂ ਤਾਂ ਅੱਜ ਦੇ ਦਿਨ ਦੀ ਵੀ ਕੋਈ ਮਹੱਤਤਾ ਨਹੀਂ ਰਹੇਗੀ ਅਤੇ ਇਸ ਸਬੰਧੀ ਜਾਣ ਵਾਲੇ ਸਮਾਗਮ ਇੱਕ ਖਾਨਾਪੂਰਤੀ ਬਣਕੇ ਹੀ ਰਹਿ ਜਾਣਗੇ।

# ਚਲੋ ਚੱਲੀਏ ਪਹਾੜੀ ਇਲਾਕੇ ਬਰੋਟ, ਲੁਹਾਰਡੀ ਵਿਚ



ਬਲਵਿੰਦਰ 'ਬਾਲਮ'
ਗੁਰਦਾਸਪੁਰ
91-98156-25409

ਸਾਰਾ ਹਿਮਾਚਲ ਰਿਸ਼ੀਕ ਹੈ। ਇੱਥੇ ਜੰਨਤ ਅਪਣੀ ਆਭਾ ਰੂਪੀ ਚਿਲਮਨ ਉਠਾਂਦੀ ਹੈ। ਸਾਰਾ ਹਿਮਾਚਲ ਪ੍ਰਦੇਸ਼ ਭਾਰਤ ਦੇ ਤਾਜ ਦੀ ਖੁਸ਼ਬੂ ਹੈ। ਫਬੀਲੇ, ਅਦਭੁਤ ਮੌਸਮਾਂ ਦੇ ਅਭਿਵਾਦਨ ਅਭਿਨੰਦਨ ਨਾਲ ਓਤਪ੍ਰੋਤ।

ਦੋ-ਤਿੰਨ ਮਹੀਨੇ ਦੇ ਬਾਅਦ ਅਸੀਂ ਕੁਝ ਦੋਸਤ ਪਹਾੜੀ ਇਲਾਕਿਆਂ ਵੱਲ ਜਾਣ ਦਾ ਪ੍ਰੋਗਰਾਮ ਬਣਾ ਹੀ ਲੈਂਦੇ ਹਾਂ। ਇਸ ਵਾਰ ਅਸੀਂ ਖ਼ੂਬਸੂਰਤ ਸਥਾਨ ਬਰੋਟ ਅਤੇ ਲੁਹਾਰਡੀ ਦੀ ਚੋਣ ਕੀਤੀ। ਫੋਨ ਉਪਰ ਜਾਣ ਲਈ ਸਮਾਂ ਸਥਾਨ ਨਿਸ਼ਚਿਤ ਕਰ ਲਿਆ। ਪਠਾਨਕੋਟ (ਪੰਜਾਬ) ਤੋਂ ਅਸੀਂ ਤਿੰਨੇ ਦੋਸਤ ਮੈਂ, ਰਾਜਪਾਲ ਵਕੀਲ ਅਤੇ ਮਨਮੋਹਨ ਸਿੰਘ ਧਕਾਲਵੀ (ਕਿਸਾਨ ਤੇ ਲੇਖਕ) ਕਾਰ ਲੈ ਕੇ ਨਿਕਲ ਪਏ, ਪਾਲਮਪੁਰ ਵੱਲ। ਅਸੀਂ ਪਠਾਨਕੋਟ ਤੋਂ ਦੁਪਹਿਰ ਦੇ ਵਜੇ ਚੱਲੇ। ਸ਼ਾਮ ਨੂੰ ਪਹੁੰਚੇ ਪਾਲਮਪੁਰ। ਪਠਾਨਕੋਟ ਤੋਂ ਪਾਲਮਪੁਰ ਲਗਭਗ ਤਿੰਨ-ਚਾਰ ਘੰਟੇ ਦਾ ਰਸਤਾ ਹੈ।

ਪਠਾਨਕੋਟ ਤੋਂ ਚਾਰ-ਪੰਜ ਕਿਲੋਮੀਟਰ ਦੀ ਦੂਰੀ ਤੋਂ ਪਹਾੜੀ ਇਲਾਕਾ ਸ਼ੁਰੂ ਹੋ ਜਾਂਦਾ ਹੈ। ਸਭ ਤੋਂ ਪਹਿਲਾਂ ਹਿਮਾਚਲ ਦਾ ਬੈਰੀਅਰ ਆਉਂਦਾ ਹੈ। ਇੱਥੇ ਕਾਰ ਦੇ ਤੀਹ (30) ਰੁਪਏ ਲੈਂਦੇ ਹਨ। ਇਹ ਹਿਮਾਚਲ ਦਾ ਪਹਿਲਾ ਪਿੰਡ ਹੈ ਤੰਡਵਾਲ ਜੋ ਪੰਜਾਬ-ਹਿਮਾਚਲ ਸੀਮਾ ਨੂੰ ਇਕ ਕਰਦਾ ਹੈ।







ਇਥੋਂ ਹੀ ਛੋਟੀਆਂ-ਛੋਟੀਆਂ ਪਹਾੜੀਆਂ ਸ਼ੁਰੂ ਹੋ ਜਾਂਦੀਆਂ ਹਨ। ਹਿਮਾਚਲ ਦੇ ਹੋਟਲ, ਸੜਕ ਦੇ ਆਲੇ ਦੁਆਲੇ ਹਰੇ ਭਰੇ ਰੁੱਖਾਂ ਦੀ ਪਾਰਦਰਸ਼ੀ ਠੰਢੀ ਛਾਂ, ਛੋਟੇ-ਛੋਟੇ ਖੇਤ, ਅੰਬ, ਅਮਰੂਦ, ਲੀਚੀ ਅਤੇ ਹੋਰ ਫ਼ਲਾਂ ਦੇ ਬਾਗ਼। ਸੜਕ ਦੇ ਕਿਨਾਰੇ ਸਬਜ਼ੀਆਂ ਵੇਚਦੇ ਪਹਾੜੀ ਲੋਕ। ਇਥੋਂ ਦਾ ਖੀਰਾ, ਘੀਆ ਕੱਦੂ, ਲੌਕੀ ਵੀ ਮਸ਼ਹੂਰ। ਖੀਰੇ ਦੇ ਨਾਲ ਕਾਲਾ ਲੂਣ ਲਗਾ ਕੇ ਉਪਰ ਨਿੰਬੂ ਨਿਚੋੜ ਦੇ ਦਿੰਦੇ ਹਨ। ਮੂੰਹ ਇਕ ਵਾਰ ਤਾਂ ਸਵਾਦ-ਸਵਾਦ ਹੋ ਜਾਂਦਾ ਹੈ। ਖੀਰਾ ਨਿੰਬੂ ਕੱਟ ਕੇ ਇਸ ਤਰ੍ਹਾਂ ਰੱਖਿਆ ਜਾਂਦਾ ਹੈ ਕਿ ਜੀਅ ਕਰਦਾ ਹੈ ਕਿ ਖੀਰਾ ਖਾਧਾ ਜਾਏ।

ਕਈ ਪਿੰਡ ਨਿਕਲਦੇ ਹੋਏ ਅਸੀਂ ਪਹੁੰਚੇ ਜਸੂਰ। ਜਸੂਰ ਛੋਟਾ ਜਿਹਾ ਸ਼ਹਿਰ ਹੈ। ਇੱਥੇ ਕਈ ਹੋਟਲ, ਟਾਬੇ ਅਤੇ ਇਤਿਹਾਸਿਕ, ਧਾਰਮਿਕ ਮੰਦਿਰ ਪਾਏ ਜਾਂਦੇ ਹਨ। ਇਥੋਂ ਹੀ ਵੱਡੇ ਪਹਾੜਾਂ ਦੀ ਸ਼੍ਰੇਣੀ ਸ਼ੁਰੂ ਹੁੰਦੀ ਹੈ। ਇੱਥੋਂ ਹੀ ਪਹਾੜਾਂ ਦੇ ਟੇਢੇ ਮੇਢੇ ਰਸਤੇ ਅਪਣੀ ਪਹਿਚਾਣ ਕਰਵਾਂਦੇ ਹਨ।

ਫਿਰ ਆ ਜਾਂਦਾ ਹੈ ਨੂਰ ਪੁਰ। ਇਸ ਸ਼ਹਿਰ ਵਿਚ ਵੀ ਕਈ ਮੰਦਿਰ ਹਨ। ਪ੍ਰਾਚੀਨ ਇਤਿਹਾਸਿਕ ਕਿਲ੍ਹਾ ਹੈ। ਕਿਲ੍ਹੇ ਵਿਚ ਦੋ ਮੰਦਿਰ ਹਨ। ਇਕ ਮੀਰਾ ਬਾਈ ਅਤੇ ਕ੍ਰਿਸ਼ਨ ਭਗਵਾਨ ਦਾ ਅਤੇ ਦੂਸਰਾ ਕਾਲੀ ਮਾਤਾ ਦਾ। ਨੂਰ ਪੁਰ ਵਿਖੇ ਲੱਕੜ ਦਾ ਵੱਡਾ ਕਾਰੋਬਾਰ ਹੈ। ਸੜਕ ਦੇ ਕਿਨਾਰੇ-ਕਿਨਾਰੇ ਲੱਕੜ ਦੇ ਖੁੱਲ੍ਹੇ ਗੋਦਾਮ ਨਜ਼ਰ ਆਉਂਦੇ ਹਨ। ਕਾਂਗੜਾ ਵਿਚ ਪ੍ਰਵੇਸ਼ ਕਰਦੇ ਹੋਏ ਵੇਖੇ ਸੱਜੇ ਖੱਬੇ ਸਬਜ਼ੀਆਂ ਦੇ ਖੇਤ, ਕਈ ਤਰ੍ਹਾਂ ਦੇ ਬਾਗ਼ ਅਤੇ ਕਾਂਗੜਾ ਪ੍ਰਾਚੀਨ ਕਿਲ੍ਹੇ ਅਤੇ ਕਈ ਮੰਦਿਰਾਂ ਲਈ ਮਸ਼ਹੂਰ ਹੈ। ਗਗਲ ਹਵਾਈ ਅੱਡਾ ਵੀ ਸੜਕ ਦੇ ਨਾਲ ਹੀ ਹੈ।

ਸ਼ਾਮ ਨੂੰ ਅਸੀਂ ਪਾਲਮਪੁਰ ਦੇ ਰੇਲਵੇ ਰੈਸਟ ਹਾਊਸ ਵਿਖੇ ਪਹੁੰਚ ਗਏ। ਇਹ ਰੈਸਟ ਹਾਊਸ ਬਹੁਤ ਹੀ ਮਨਮੋਹਿਕ ਸਥਾਨ ਉਪਰ ਸੋਭਨੀਏ ਹੈ। ਸਾਫ਼ ਸੁਥਰਾ ਰੈਸਟ ਹਾਊਸ, ਚਾਰੇ ਪਾਸੇ ਹਰਿਆਲੀ। ਇਥੇ ਅਸੀਂ ਇਕ ਦੋਸਤ ਦੇ ਫ਼ੋਨ ਉਪਰ ਕਮਰਾ ਬੁੱਕ ਕਰਵਾਇਆ। ਰੇਲਵੇ ਵਿਭਾਗ ਦੇ ਇਕ ਉਚ ਅਧਿਕਾਰੀ ਦੇ ਨਾਂਅ ਉਪਰ ਕਮਰਾ ਬੁੱਕ ਕਰਵਾਇਆ ਗਿਆ। ਇਥੋਂ ਦੇ ਕਰਮਚਾਰੀ ਨੇ ਸਾਡੇ ਕੋਲੋਂ ਇਕ ਰਾਤ ਦੇ ਤੀਹ ਰੁਪਏ ਲਏ। ਇਥੇ ਅਸੀਂ ਰਾਤ ਠਹਿਰੇ। ਇਸ ਰੈਸਟ ਹਾਊਸ ਦੇ ਨਜ਼ਦੀਕ ਕਾਫ਼ੀ ਵੱਡਾ ਬਾਜ਼ਾਰ ਹੈ। ਸਭ ਸਹੂਲਤਾਂ ਉਪਲੱਬਧ ਹਨ। ਸਵੇਰੇ ਨਹਾ-ਧੋ ਕੇ ਨਾਸ਼ਤਾ ਕਰਕੇ ਅਸੀਂ ਨਿਕਲ ਪਏ ਅਪਣੀ ਮੰਜ਼ਿਲ ਵੱਲ। ਰਾਜ ਵਕੀਲ ਕਾਰ ਚਲਾਉਣ ਵਿਚ ਬਹੁਤ ਪਰਪੋਕ ਅਤੇ ਤਜ਼ੁਰਬੇਕਾਰ ਬੰਦਾ ਹੈ।

ਪਾਲਮਪੁਰ ਬਾਈਪਾਸ ਅਸੀਂ ਨਿਕਲ ਪਏ। ਰਸਤੇ ਵਿਚ ਚਾਹ ਦੇ ਬਾਗ਼, ਦੋ ਵਿਸ਼ਵਵਿਦਿਆਲੇ, ਚਾਹ ਦੀਆਂ ਫੈਕਟਰੀਆਂ, ਛੋਟੇ-ਛੋਟੇ ਖੇਤ, ਹਰਿਆਲੀ ਹੀ ਹਰਿਆਲੀ। ਕਾਰ ਹਵਾ ਨਾਲ ਗੱਲਾਂ ਕਰਨ ਲੱਗੀ। ਰਸਤੇ ਵਿਚ ਕਿਤੇ-ਕਿਤੇ ਰੁਕ ਕੇ ਫ਼ੋਟੋਗ੍ਰਾਫੀ ਦਾ ਲੁਤਫ਼ ਲੈਂਦੇ ਰਹੇ।

ਬੈਜਨਾਬ ਬਾਈਪਾਸ ਨਿਕਲ ਪਏ। ਬੈਜਨਾਥ ਵਿਖੇ ਵੀ ਕਈ ਪ੍ਰਸਿੱਧ ਮੰਦਿਰ ਹਨ" : ਬੈਜਨਾਬ ਤੋਂ ਕੁਝ ਕਿਲੋਮੀਟਰ ਦੂਰ ਉਪਰ ਪਹਾੜੀ 'ਤੇ ਪਹੁੰਚ ਕੇ ਬੈਜਨਾਥ ਸ਼ਹਿਰ ਦੇ ਸੁੰਦਰ ਚਿੱਤਰ ਲਏ। ਇਥੋਂ ਸਾਰਾ ਬੈਜਲਾਥ ਸ਼ਹਿਰ ਨਜ਼ਰ ਆਉਂਦਾ ਹੈ। ਜਿਵੇਂ ਸਾਬਣਦਾਨੀਆਂ ਵਿਛੀਆਂ ਹੋਣ। ਸਾਰਾ ਸ਼ਹਿਰ ਦੂਰੋਂ ਚੰਗਾ ਲਗਦਾ ਹੈ, ਦੂਰ ਤੋਂ ਛੋਟੇ-ਛੋਟੇ ਘਰਾਂ ਦੇ ਸਮੂਹ ਮਨ ਨੂੰ ਚੰਗੇ ਲਗਦੇ। ਪਹਾੜਾਂ ਦੇ ਘਾਟੀਆਂ ਦੇ ਸੁੰਦਰ ਦ੍ਰਿਸ਼ ਨਜ਼ਾਰੇਦਾਰ। ਖੱਡਾਂ ਅਤੇ ਉਚੇ ਪਹਾੜਾਂ ਦੇ ਸੁਮੇਲ ਅੱਖਾਂ ਨੂੰ ਚੰਗੇ ਲਗਦੇ। ਇਨ੍ਹਾਂ ਨੂੰ ਵੇਖ ਕੇ ਦਿਲ ਦਿਮਾਗ਼ ਵਿਚ ਇਕ ਆਨੰਦ ਅਤੇ ਸੁਕੂਨ ਤੈਰਦਾ ਜਾਂਦਾ। ਜਿਥੋਂ ਅਸੀਂ ਬੈਜਨਾਬ ਸ਼ਹਿਰ ਦੇ ਚਿੱਤਰ ਲਏ ਉਸ ਉਚੀ ਪਹਾੜੀ ਦੇ ਮੋੜ ਦੇ ਆਰ-ਪਾਰ ਵੱਡਾ ਬੋਰਡ ਲੱਗਾ ਹੋਇਆ ਹੈ, ਜਿਸ ਉਪਰ ਲਿੱਖਿਆ ਹੈ ਕਿ ਪਠਾਨਕੋਟ 134 ਕਿਲੋਮੀਟਰ ਅਤੇ ਪਾਲਮਪੁਰ 21 ਕਿਲੋਮੀਟਰ। ਇਸ ਮੋੜ ਦੇ ਖੱਬੇ ਪਾਸੇ ਇਕ ਛੱਤਰੀਨੁਮਾ ਪੱਕੀ ਛੱਤ ਹੈ। ਇਸੇ ਹੇਠ ਆਰਾਮ ਕੀਤਾ ਜਾ ਸਕਦਾ ਹੈ। ਪਿਕਨਿਕ ਮਨਾਈ ਜਾ ਸਕਦੀ ਹੈ। ਕੁਝ ਖਾਦਾ ਪੀਤਾ ਜਾ ਸਕਦਾ ਹੈ। ਆਲੇ ਦੁਆਲੇ ਵਧੀਆ ਦ੍ਰਿਸ਼ ਹਨ। ਇਸ ਦੇ ਨਾਲ ਹੀ ਇਕ ਰੇਅੜੀ ਵਾਲੇ ਤੋਂ ਅਸੀਂ ਆਮਲੇਟ ਅਤੇ ਬ੍ਰੈਡ ਲਏ। ਇਹ ਰੇਅੜੀ ਵਾਲਾ ਸਵਾਦਿਸ਼ਟ ਆਮਲੇਟ ਬਣਾਉਂਦਾ ਹੈ।

ਦੁਪਹਿਰ ਨੂੰ ਅਸੀਂ ਬਹੁਤ ਹੀ ਖ਼ੂਬਸੂਰਤ ਸਥਾਨ ਨਗਰ ਗੁੰਮਾ ਵਿਖੇ ਪਹੁੰਚੇ। ਇਥੇ ਪਹਾੜਾਂ 'ਚੋਂ ਨਿਕਲਦੀ ਸੜਕ ਅੰਗਰੇਜ਼ੀ ਦੇ ਸ਼ਬਦ ਸੀ ਦੀ ਤਰ੍ਹਾ ਸੁੰਦਰ ਮੋੜ ਬਣਾਉਂਦੀ ਹੈ। ਇਸ ਮੋੜ ਉਪਰ ਛੋਟੇ-ਛੋਟੇ ਟਾਬੇ ਹਨ, ਕੁਝ ਦੁਕਾਨਾਂ, ਇਕ ਮੰਦਿਰ ਹੈ। ਸੂਰਜ ਦੇਵਤਾ ਧਰਤੀ ਉਪਰ ਸਿਧੀ ਨਜ਼ਰੇ ਝਾਕ ਰਿਹਾ ਸੀ। ਇਥੇ ਦੁਪਹਿਰ ਦਾ ਮਜ਼ੇਦਾਰ ਭੋਜਨ ਕੀਤਾ। ਕੁਝ ਥਕਾਵਟ ਦੂਰ ਹੋਈ। ਇਥੋਂ ਦੀਆਂ ਢਲਾਨਾਂ ਵਾਲੀਆਂ ਪਹਾੜੀਆਂ ਵਿਚ ਕਹਿਰਾਂ ਦਾ ਜੋਬਨ ਹੈ ਆਕ੍ਰਸ਼ਣ ਹੈ। ਇਸ ਨੂੰ ਗੁੰਮਾ ਵੈਲੀ ਵੀ ਕਹਿੰਦੇ ਹਨ। ਇਨ੍ਹਾਂ ਪਹਾੜੀਆਂ ਉਪਰ ਢਲਾਊ ਖੇਤਾਂ ਦੀ ਤਰਤੀਬ ਇੰਝ ਪ੍ਰਤੀਤ ਹੁੰਦੀ ਜਿਵੇਂ ਕੁਦਰਤ ਨੇ ਕੋਈ ਅਲੌਕਿਕ ਕਾਰੀਗਰੀ ਕੀਤੀ ਹੋਈ ਹੋਵੇ। ਜਿਵੇਂ ਖੇਤਾਂ ਉਪਰ ਕਸੀਦਾ ਕੱਢਿਆ ਹੋਵੇ। ਇਕ ਕੁਦਰਤ ਦੀ ਸੁੰਦਰ ਸ਼ਿਲਪਕਾਰੀ। ਜਦੋਂ ਸੂਰਜ ਦੀਆਂ ਕਿਰਨਾਂ ਹਰੀਆਂ ਭਰੀਆਂ ਪਹਾੜੀਆਂ ਉਤੇ ਪੈਂਦੀਆਂ ਹਨ ਤਾਂ ਇਵੇਂ ਪ੍ਰਤੀਤ ਹੁੰਦਾ ਹੈ ਕਿ ਕੁਦਰਤ ਨੇ ਸੋਨੇ ਦੀ ਪਾਰਦਰਸ਼ੀ ਸੁਨਹਿਰੀ ਚਾਦਰ ਵਿਛਾਈ ਹੋਵੇ। ਗੁੰਮਾ ਖ਼ੂਬਸੂਰਤ ਘਾਟੀ ਦਾ ਨਾਮ ਹੈ। ਕੁਦਰਤ ਇਸ ਇਲਾਕੇ ਉਪਰ ਬਿਲਕੁਲ ਮਿਹਰਬਾਨ ਹੈ। ਇਥੇ ਸੜਕ ਦੇ ਕਿਨਾਰੇ ਸ਼ਰਾਬ ਦੀ ਫੈਕਟਰੀ ਵੀ ਹੈ। ਗੁੰਮਾ ਘਾਟੀ ਵਿਖੇ ਤਰ੍ਹਾਂ-ਤਰ੍ਹਾਂ ਦੀਆਂ ਸਬਜ਼ੀਆਂ, ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ ਵੇਖਣ ਨੂੰ ਮਿਲਦੇ ਹਨ। ਇਸ ਇਲਾਕੇ ਵਿਚ ਫੋਟੋਗ੍ਰਾਫੀ ਨੂੰ ਕਈ ਨਵੇਂ ਅਰਥ ਮਿਲਦੇ ਹਨ। ਅੱਖਾਂ ਵਿਚ ਉਤਰੇ ਸੁੰਦਰ ਦ੍ਰਿਸ਼ ਦਿਲ-ਦਿਮਾਗ਼ ਨੂੰ ਪਤਾ ਨਈਂ ਕੀ-ਕੀ ਦਿੰਦੇ ਹਨ? ਦਿਮਾਗ਼ ਵਿਚ ਖ਼ੂਬਸੂਰਤੀ ਦਾ ਖਜ਼ਾਨਾ ਭਰ ਜਾਂਦਾ ਹੈ। ਇਹ ਸੁੰਦਰ ਚਿੱਤਰ ਬੰਦੇ ਵਿਚ ਆਖ਼ਰੀ ਦਮ ਤੀਕਰ ਮਹਿਫ਼ੂਜ਼ ਰਹਿੰਦੇ ਹਨ। ਸੁੰਦਰਤਾ ਕੋਈ ਵੀ ਕਿਉਂ ਨਾ ਹੋਵੇ ਮਨੁੱਖ ਨੂੰ ਸਕੂਲ, ਆਨੰਦ ਪ੍ਰਦਾਨ ਕਰਦੀ ਹੈ। ਮੰਡੀ ਜ਼ਿਲ੍ਹਾ ਜੋਗਿੰਦਰ ਨਗਰ ਇਕ ਘੁਮਾਓਦਾਰ ਸਥਾਨ ਉਪਰ ਸਥਿਤ ਹੈ। ਘੁਮਾਓ ਤੋਂ ਹੀ ਇਥੋਂ ਦਾ ਨਾਮ ਘੁਮਾ ਪਿਆ ਜੋ ਬਾਅਦ ਵਿਚ ਗੁੰਮਾ ਹੋ ਗਿਆ। ਗੁੰਮਾ ਵਿਚ ਪੱਥਰ ਦੇ ਕਾਲੇ ਲੂਣ ਦੀਆਂ ਖਾਨਾਂ ਹਨ। ਇਨ੍ਹਾਂ ਕਾਲੇ ਲੂਣ ਦੀਆਂ ਖਾਨਾਂ ਨਾਲ ਗੁੰਮਾ ਦੀ ਇਕ ਖ਼ਾਸ ਪਹਿਚਾਣ ਹੈ। ਲੂਣ ਦੀਆਂ ਪਹਾੜੀਆਂ ਹਨ। ਇਹ ਸਥਾਨ ਕੇਂਦਰ ਸਰਕਾਰ ਦੇ ਕੰਟਰੋਲ ਵਿਚ ਹੈ। ਇਹ ਪਹਾੜੀ ਲੂਣ ਪਸ਼ੂਆਂ ਨੂੰ ਦੇਣ ਦੇ ਕੰਮ ਆਉਂਦਾ ਹੈ। ਇਹ ਲੂਣ ਦੇ ਪਹਾੜ ਸੜਕ ਨੂੰ ਛੂਹ ਕੇ ਉਪਰ ਨੂੰ ਜਾਂਦੇ ਹਨ।

ਘੋਘੜਾ ਧਾਰ ਜਿਲ੍ਹਾ ਮੰਡੀ ਦੀ ਇਕ ਪ੍ਰਮੁੱਖ ਪਰਬਤ ਸ਼੍ਰੇਣੀ ਹੈ। ਇਹ ਗੁੰਮਾ, ਘਟਾਸਨੀ, ਝਟੀਂਗਰੀ ਆਦਿ ਇਲਾਕੇ ਦੇ ਅੱਧ ਧੌਲਾਧਾਰ ਪਰਬਤ ਸ਼੍ਰੇਣੀ ਤੋਂ ਅਲੱਗ ਹੋ ਕੇ ਉਤਰ ਤੋਂ ਦੱਖਣ ਵਾਲੇ ਤਲੋਸਾ, ਸ਼ਿਲਹਾ ਸਵਾਤ, ਲਖਬਾਣਾ, ਸਡਖਾਣ ਜਿਲਹਗ, ਫੁਟਾਖਲ, ਗਵਾਲਨ, ਰੜਾਹਣ, ਸੱਤੀਧਾਰ, ਗਵਾਲੀ, ਘੋਘੜਧਾਰ, ਪੁੰਦਲ, ਕਲੌਟ, ਸੁਰਾਹੱਣ, ਬਲਹਧਾਰ, ਕੰਜੋਟਧਾਰ, ਛਾਹੜੀ, ਸਾਹਲ, ਘੁਮਾਰਤਾ, ਮਨਵਾੜ, ਗਰਲੋਗ, ਮਸੋਰਨ, ਨਗਰੋਟਾ, ਹੁਲੂ, ਬਾਸਾ, ਤਿਯਾਮਬਲੀ, ਮਠੀਧਾਰ, ਸਾਡਲਾ, ਲਿਹਾਣਾ, ਕਟਿੰਗੀ, ਬੜੀਧਾਰ, ਭਲਾਣਾ, ਰੇਤਾਧਾਰ, ਆਦਿ ਸ਼ਿਖਰਾਂ ਦੇ ਨਾਮ ਅਨੁਸਾਰ ਵਿਆਸ ਨਦੀ ਦੇ ਸੱਜੇ ਕਿਨਾਰੇ ਸਥਿਤ ਭਯੂਲੀ ਤਕ ਫੈਲਿਆ ਹੈ

ਇਸ ਪਰਬਤ ਸ਼੍ਰੇਣੀ ਦੇ ਦਰਮਿਆਨ ਡਾਇਨਾ ਪਾਰਕ, ਹਿਮਰੀ ਗੰਗਾ ਆਦਿ ਸਥਾਨ ਦਰਸ਼ਨੀਏ ਹਨ। ਮੂਲ ਰੂਪ ਵਿਚ ਘੋਘੜਾਧਾਰ ਮੰਡੀ ਨਗਰ ਤੋਂ ਲੈ ਕੇ ਜੋਗਿੰਦਰ ਨਗਰ ਦੇ ਕੋਲ ਗੁੰਮਾ ਤਕ ਫੈਲਿਆ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਤੱਕ ਜਲ ਪ੍ਰਵਾਹ ਵੱਖ-ਵੱਖ ਨਾਲਿਆਂ ਦੇ ਰੂਪ ਵਿਚ ਰਾਣਾ ਖੱਡ ਵਿਚ ਸੰਗਮ ਕਰਦਾ ਹੈ। ਘੋਘੜਧਾਰ ਪਰਬਤ ਸ਼੍ਰੇਣੀ ਦਾ ਸਿਲਹਾ ਸਵਾੜ ਸ਼ਿਖਰ ਸਰਵਉਚ ਹੈ। ਇਹ ਸਮੁੰਦਰ ਤਲ ਤੋਂ ਲਗਭਗ ਛੇ ਹਜ਼ਾਰ ਫੁੱਟ ਉਚਾ ਹੈ। ਇਸ ਪਰਬਤ ਸ਼੍ਰੇਣੀ ਦੀਆਂ ਉਤਰੀ ਢਲਾਣਾਂ ਉਤੇ ਕਮਾਦ, ਸਤਨੇਮ ਅਤੇ ਦੱਖਣ ਢਲਾਣਾਂ ਉਤੇ ਉਤਰ ਤੋਂ ਦੱਖਣ ਦੇ ਵੱਲ ਪੱਧਰ, ਨਾਰਲਾ, ਕਿੰਨੂ, ਗੁੰਮਾ, ਮੰਡੀ ਨਗਰ (ਮੰਡੀ ਪੁਰਾਣੀ) ਵੱਸੇ ਹੋਏ ਹਨ। ਘੋਘੜਾਧਾਰ ਦੇ ਅੰਤਰਗਤ ਗੁੰਮਾ ਵਿਚ ਹਿਤੰਬਾ ਦੇਵੀ ਮੰਦਿਰ, ਹਿਮਰੀ ਗੰਗਾ ਵਿਚ ਸ਼ਿਵ ਅਤੇ ਗੰਗਾ ਮੰਦਿਰ, ਦਰੰਗ ਵਿਚ ਚਾਮੁੰਡਾ ਮੰਦਿਰ, ਨਗਰੋਟਾ ਵਿਚ ਰਾਧਾ ਕ੍ਰਿਸ਼ਨ ਮੰਦਿਰ ਪ੍ਰਮੁੱਖ ਹੈ। ਇਨ੍ਹਾਂ ਦੇ ਇਲਾਵਾ ਹਿਮਰੀ ਗੰਗਾ ਵਿਚ ਇਕ ਜਲਕੁੰਡ, ਨਾਰਲਾ ਵਿਚ ਜਲ ਪ੍ਰਵਾਹ (ਝਰਨਾ) ਕਟਿੰਗੀ ਵਿਚ ਸ਼ਿਵ ਮੰਦਿਰ ਅਤੇ ਸਾਂਡਲਾ ਵਿਚ ਸਰੋਵਰ ਦਰਸ਼ਨੀਏ ਹੈ।

ਗੁੰਮਾ (ਘੋਘੜਧਾਰ) ਚੀਲ, ਸੀਸਮ, ਸੋਮਲ ਦੇ ਜੰਗਲਾਂ ਲਈ ਪ੍ਰਸਿੱਧ ਹੈ। ਇਸ ਸ੍ਰੇਣੀ ਦੇ ਉਤਰੀ ਕਿਨਾਰੇ ਵੱਲ ਝਟੀਂਗਰੀ ਵਿਚ ਦੇਵਦਾਰ ਦੇ ਸੰਘਣੇ ਜੰਗਲ ਹਨ। ਝਟੀਂਗਰੀ, ਮੰਡੀ ਰਾਜ ਵੰਸ ਦੀ ਗਰਮੀ ਦੇ ਨਾਲ ਦੀ ਰਾਜਧਾਨੀ ਸੀ।

ਗੁੰਮਾ ਦੇ ਨੇੜੇ-ਨੇੜੇ ਸੁੰਦਰ ਝਰਨੇ ਡਿਗਦੇ ਹਨ। ਕਈ ਛੋਟੇ-ਛੋਟੇ ਝਰਨੇ ਪਹਾੜੀਆਂ ਦੀ ਸੁੰਦਰਤਾ ਨੂੰ ਚਾਰ ਚੰਨ ਲਾਉਂਦੇ ਹਨ।

ਗੁੰਮਾ ਤੋਂ ਉਪਰ ਵੱਲ ਚਲ ਪਏ ਤਾਂ ਕੁਝ ਘੰਟਿਆਂ ਦੇ ਬਾਅਦ ਸਫ਼ਰ ਤਹਿ ਕਰਕੇ ਝਟੀਂਗਰੀ ਦੇ ਚੌਂਕ ਵਿਚ ਪਹੁੰਚ ਗਏ। ਠੰਡੀਆਂ ਹਵਾਵਾਂ ਦੇ ਸੁਕੂਨ ਦੇਣ ਵਾਲੇ ਉਤਮ ਦ੍ਰਿਸ਼ ਦਿਲ-ਦਿਮਾਗ ਵਿਚ ਉਤਰਨ ਲਗੇ। ਇਥੇ ਛੋਟੀਆਂ-ਛੋਟੀਆਂ ਦੁਕਾਨਾਂ ਹਨ ਜਿਥੇ ਚਾਹ ਆਦਿ ਚੀਜ਼ਾਂ ਖ਼ਾਣ ਨੂੰ ਮਿਲ ਜਾਂਦੀਆਂ ਹਨ। ਮੇਰੇ ਦੋਵੇਂ ਮਿੱਤਰ ਠੰਡੀਆਂ ਹਵਾਵਾਂ ਵਿਚ ਖ਼ਾਣ-ਪੀਣ ਲੱਗੇ, ਕਿਉਂਕਿ ਮੈਂ (ਘੁੰਮਕੜ) ਘੁੰਮਣ ਫ਼ਿਰਨ ਦਾ ਜ਼ਿਆਦਾ ਆਸ਼ਿਕ ਹਾਂ। ਇਸ ਲਈ ਮੈਂ ਉਸ ਦੁਕਾਨਦਾਰ ਨੂੰ ਪੁੱਛਿਆ ਕਿ ਇੱਥੇ ਕੋਈ ਦੇਖਣ ਵਾਲੀ ਜਗ੍ਹਾ ਹੈ। ਉਸ ਨੇ ਕਿਹਾ, "ਇਥੋਂ ਲਗਭਗ ਇਕ ਕਿਲੋਮੀਟਰ ਸੱਜੇ ਪਾਸੇ ਉਚੀ ਪਹਾੜੀ ਉਪਰ ਇਕ ਪ੍ਰਸਿੱਧ ਸਥਾਨ ਹੈ : 'ਰਾਣੀ ਕੀ ਕੋਠੀ।' ਉਸ ਨੇ ਮੈਨੂੰ ਕੁਝ ਕਹਾਣੀਆਂ 'ਰਾਣੀ ਦੀ ਕੋਠੀ' ਬਾਰੇ ਸੁਣਾਈਆਂ। ਮੇਰੇ ਮਨ ਵਿਚ ਜਗਿਆਸਾ ਵਧ ਗਈ। ਮੈਂ ਗੱਡੀ 'ਚੋਂ ਕੈਮਰਾ ਕੱਢਿਆ ਅਤੇ ਇਕੱਲਾ ਹੀ ਚੱਲ ਪਿਆ 'ਰਾਣੀ ਦੀ ਕੋਠੀ' ਵੇਖਣ। ਬਿਲਕੁਲ ਸਿੱਧੀ ਚੜ੍ਹਾਈ। ਮੈਂ ਗੱਡੀ 'ਚੋਂ ਕੈਮਰਾ ਕੱਢਿਆ ਅਤੇ ਇਕੱਲਾ ਹੀ ਚੱਲ ਪਿਆ 'ਰਾਣੀ ਦੀ ਕੋਠੀ' ਵੇਖਣ। ਬਿਲਕੁਲ ਸਿੱਧੀ ਚੜ੍ਹਾਈ । ਸੌਂਦਰਯੇ (ਸੁੰਦਰਤਾ) ਬੋਧ ਦੀ ਪਰਿਭਾਸ਼ਾ ਦੱਸਦੇ ਪਹਾੜਾਂ ਦੇ ਦ੍ਰਿਸ਼। ਦੂਰ-ਦੂਰ ਤਕ ਪਰਬਤਾਂ ਦੀਆਂ ਲੰਬੀਆਂ-ਲੰਬੀਆਂ ਕਤਾਰਾਂ। ਉਚੇ-ਉਚੇ ਹਰੇ ਭਰੇ ਰੁੱਖ, ਦੂਰ ਤੋਂ ਦਿਸਦੇ ਦਿਲਕਸ਼ ਝਰਨੇ, ਦਲਦਲ ਕਰਦੀਆਂ ਵਹਿੰਦੀਆਂ ਜਾਂਦੀਆਂ ਘੁੰਗਰੂਆਂ ਦੀ ਆਵਾਜ਼ ਵਰਗੀਆਂ ਵਲ-ਛਲ ਖਾਂਦੀਆਂ ਨਦੀਆਂ, ਕਦੀ ਘੱਟ ਕਦੀ ਤੇਜ਼ ਬਾਰਿਸ਼ ਵਿਚ ਪੰਛੀਆਂ ਦੀ ਉਜਸਵੀ ਮਧੁਰ ਆਵਾਜ਼ਾਂ, ਵੱਖ-ਵੱਖ ਫੁੱਲਾਂ ਦੀ ਮਿਲੀਜੁਲੀ ਖੁਸ਼ਬੂ, ਦੂਰ ਤੋਂ ਦਿਸਦੇ ਦਰਿਆਵਾਂ ਦੇ ਗੁਣਨਫਲ ਕਰਦੇ ਸੰਗਮ, ਗੁਪਤਚਰ, ਬੱਦਲਾਂ ਦੀਆਂ ਬਣਦੀਆਂ ਤਰ੍ਹਾਂ-ਤਰ੍ਹਾਂ ਦੀਆਂ ਆਕ੍ਰਿਤੀਆਂ, ਦਰਿਆਵਾਂ ਦਾ ਛਿਛਲਾ ਅਤੇ ਗਹਿਰਾ ਪਾਣੀ, ਠੰਡੇ ਸੀਤਲ ਮੌਸਮ ਦੀਆਂ ਫੁਹਾਰਾਂ ਅਤੇ ਪਹਾੜਾਂ ਦੇ ਏਕਾਂਤ ਦਾ ਮੁਕੰਮਲ ਸਕੂਲ ਦਿਸੇ ਦੇਵ ਲੋਕ ਤੋਂ ਘੱਟ ਨਹੀਂ : ਇਹ ਸਭ ਕੁਝ ਹੈ ਰਾਣੀ ਦੀ ਕੋਠੀ ਝਟੀਂਗਰੀ ਵਿਖੇ।

ਰਾਣੀ ਦੀ ਕੋਠੀ ਦਾ ਇਕ ਛੋਟਾ ਚਿੱਕੜ ਭਰਪੂਰ, ਪਥਰੀਲਾ, ਉਬੜ-ਖਾਬੜ ਰਸਤਾ ਜੋ ਉਪਰ ਪਹਾੜੀ ਤਕ ਜਾਂਦਾ ਨਜ਼ਰ ਆਉਂਦਾ। ਸਿੱਧੀ ਚੜ੍ਹਾਈ। ਸਾਹ ਫੁੱਲਣ ਲਗਦਾ ਹੈ, ਕਿਉਂਕਿ ਰਸਤੇ ਦੇ ਛੋਟੇ ਵੱਡੇ ਪੱਥਰ ਸਮਤਲ ਨਹੀਂ ਹਨ। ਹਫ਼ਦਾ ਹੋਇਆ ਮੈਂ ਉਪਰ ਹੜ੍ਹਦਾ ਚਲਾ ਗਿਆ। ਰਸਤਾ ਮੁੱਕਣ ਦਾ ਨਾਂਅ ਹੀ ਨਹੀਂ ਸੀ ਲੈ ਰਿਹਾ। ਘੁਮਾਓਦਾਰ ਅੰਨ੍ਹਾ ਰਸਤਾ ਹੋਣ ਕਰਕੇ ਰਾਣੀ ਦੀ ਕੋਠੀ ਨਜ਼ਰ ਨਹੀਂ ਸੀ ਆ ਰਹੀ। ਮੇਰੀ ਉਤਸੁਕਤਾ ਹੋਰ ਵਧ ਈ। ਅੱਗੇ ਦੱਸਦਾ ਹਾਂ ਇਸ ਦਾ ਹਾਲ : ਜਿਥੇ ਰਸਤਾ ਖਤਮ ਹੁੰਦਾ ਹੈ ਉਥੇ ਪਹੁੰਚਦੇ ਹੀ ਕਿਸੇ ਆਨੰਦ ਵਿਭੋਰਾਵਸਥਾ ਵਿਚ ਤੁਸੀਂ ਚੱਲੇ ਜਾਉਗੇ। ਲਹਿਰਾਂ ਵਰਗੀਆਂ ਬਰਫ਼ੀਲੀਆਂ ਹਵਾਵਾਂ ਘੇਰ ਲੈਂਦੀਆਂ ਹਨ। ਤੁਸੀਂ ਇਨ੍ਹਾਂ ਤੋਂ ਬਚ ਨਹੀਂ ਸਕਦੇ। ਤ੍ਰਿਕੋਨੇ ਪਹਾੜਾਂ ਦੇ ਵਿਚ ਪ੍ਰਾਚੀਨ ਪਹਾੜੀ ਸ਼ੈਲੀ ਦੀਆਂ ਛੋਟੀਆਂ-ਛੋਟੀਆਂ ਕੋਠੀਆਂ ਕਮਰੇ ਨਜ਼ਰ ਆਉਂਦੇ ਹਨ। ਇਹ ਵਾਕਿਆ ਹੀ ਮਨਮੋਹਕ ਜਗ੍ਹਾ ਹੈ। ਇਸ ਨੂੰ ਰਾਣੀ ਦੀ ਕੋਠੀ ਕਹਿੰਦੇ ਹਨ। ਅਤਿਅੰਤ ਸੁੰਦਰ ਨਜ਼ਾਰਿਆਂ ਦਾ ਅਦਭੁਤ ਲੌਕਿਕ ਸਥਾਨ। ਤ੍ਰਿਕੌਲੀ ਨੁੱਕਰ ਵਿਚ ਸੰਘਣੇ ਰੁੱਖਾਂ ਦੇ ਵਿਚ ਰਾਣੀ ਦੀ ਕੋਠੀ ਦਾ ਸਥਾਨ। ਲਗਭਗ ਇਕ ਏਕੜ ਦੇ ਸਮਤਲ ਖੇਤਰ ਵਿਚ ਇਹ ਸਥਾਨ ਠੰਡੇ ਮੌਸਮ ਦਾ ਦੇਵ ਲੋਕ ਹੈ। ਇਸ ਦੇ ਨਾਲ ਥੋੜ੍ਹਾ ਅੱਗੇ ਇਕ ਵੱਡੀ ਸਮਤਲ ਪਹਾੜੀ ਹੈ। ਇਸ ਦੇ ਦੂਰ ਦੂਰ ਦੇ ਦ੍ਰਿਸ਼, ਸੁੰਦਰ ਚੋਟੀਆਂ, ਉਹਲ ਦਰਿਆ ਦੇ ਦਿਲਕਸ ਨਜਾਰੇ। ਰਾਣੀ ਦੀ ਕੋਠੀ ਦਾ ਵਾਤਾਵਰਣ ਸੁਖਦ, ਆਰਾਮਦਾਇਕ ਅਤੇ ਆਨੰਦ ਭਰਪੂਰ ਹੈ। ਇਸ ਸਥਾਨ ਦੀ ਜਿਸ ਨੇ ਚੋਣ ਕੀਤੀ ਹੋਵੇਗੀ ਉਹ ਬੰਦਾ ਵੀ ਕੁਦਰਤ ਦਾ ਆਸ਼ਿਕ ਹੋਵੇਗਾ ਜ਼ਰੂਰ। ਇਹ ਸਥਾਨ ਬੱਚਿਆਂ ਦੇ ਖੇਡਣ, ਹੱਸਣ ਕੁਦਣ , ਕਿਲਾਕਾਰੀਆਂ ਅਤੇ ਪਿਕਨਿਕ ਵਾਸਤੇ ਯੋਗ ਹੈ।

ਰਾਣੀ ਦੀ ਕੋਠੀ ਝਟੀਂਗਰੀ ਜੋਗਿੰਦਰ ਨਗਰ ਤੋਂ ਲਗਭਗ 32 ਕਿਲੋਮੀਟਰ ਦੂਰ ਹੋਵੇਗੀ। ਹਿਹ ਸਥਾਨ 2130 ਮੀਟਰ ਦੀ ਉਚਾਈ ਉਪ ਸਥਿਤ ਹੈ। ਇਹ ਇਲਾਕਾ ਸੰਘਣੇ ਜੰਗਲਾਂ ਨਾਲ ਮਾਲਾਮਾਲ ਹੈ। ਸੰਘਣੇ ਦੇਵਦਾਰ ਦੇ ਸੁੰਦਰ ਰੁੱਖਾਂ ਦੀ ਉਚਾਈ ਤੇ ਫੈਲਾਵ ਚੰਗਾ ਲਗਦਾ ਹੈ। ਸੜਕ ਦੇ ਆਰ ਪਾਰ ਜੰਗਲ ਹੀ ਜੰਗਲ ਨਜ਼ਰ ਆਉਂਦਾ ਹੈ। ਘੱਟ ਚੌੜਾਈ ਵਾਲੀ ਖ਼ਤਰਨਾਕ ਸੜਕ। ਦੱਸਿਆ ਜਾਂਦਾ ਹੈ ਕਿ ਇਸ ਇਲਾਕੇ ਦਾ ਰਾਜਾ ਗਰਮੀਆਂ ਦੇ ਦਿਨਾਂ ਵਿਚ ਇਥੇ ਰਾਣੀ ਦੀ ਕੋਠੀ ਆਇਆ ਕਰਦਾ ਸੀ। ਰਾਜੇ ਦੀ ਰਾਣੀ ਵੀ ਨਾਲ ਹੁੰਦੀ ਸੀ ਜਿਸ ਕਰਕੇ ਹਿਸ ਸਥਾਨ ਦਾ ਨਾਂਅ ਰਾਣੀ ਦੀ ਕੋਠੀ ਪ੍ਰਚਲਿਤ ਹੋ ਗਿਆ। ਝਟੀਗਰੀ ਦੇ ਹੇਠਾਂ ਖ਼ੂਬਸੂਰਤ ਵੈਲੀ ਦ੍ਰਿਸ਼ ਵੇਖਣ ਵਾਲੇ ਹਨ। ਝਟੀਂਗਰੀ ਉਚੀ ਪਹਾੜੀ ਉਪਰ ਵੱਸਿਆ ਸੜਕ ਦੇ ਕਿਨਾਰੇ ਛੋਟਾ ਜਿਹਾ ਨਗਰ ਹੈ। ਇਥੇ ਠੰਡੀਆਂ ਹਵਾਵਾਂ ਦੇ ਬੁੱਲ੍ਹੇ ਅਪਣੇ ਜਲਵੇ ਛੱਡ ਦਿੰਦੇ ਹਨ।

ਝਟੀਂਗਰੀ ਵਿਚ ਆਲੂਆਂ ਦਾ ਵੱਡੇ ਦਰਜੇ ਉਪਰ ਵਿਉਪਾਰ ਹੈ। ਇਥੇ ਆਲੂ ਬਹੁਤ ਹੁੰਦਾ ਹੈ। ਇਥੇ ਜਿਹੜੇ ਲੋਕ ਘੁੰਮਣ ਘਿਰਨ ਲਈ ਆਉਂਦੇ ਨੇ ਉਹ ਆਪਣੇ ਨਾਲ ਪਿਕਨਿਕ ਦਾ ਸਾਮਾਨ ਸਾਮਗਰੀ ਲੈ ਕੇ ਆਉਂਦੇ ਹਨ। ਠੰਡੀ ਹਵਾ ਵਿਚ ਖਾਣ ਪੀਣ ਦਾ ਮਜ਼ਾ ਆ ਜਾਂਦਾ ਹੈ। ਤਜ਼ੁਰਬੇਕਾਰ ਅਤੇ ਘੁੰਮਕੜ ਲੋਕ ਅਪਣੇ ਨਾਲ ਫੋਲਡਿੰਗ ਤੰਬੂ ਜ਼ਰੂਰ ਲੈ ਕੇ ਆਉਂਦੇ ਹਨ, ਕਿਉਂਕਿ ਇਥੇ ਕਦ ਟਪਕਾ ਟਪਕੀ ਬਾਰਿਸ਼ ਹੋ ਜਾਵੇ ਜਾਂ ਤੇਜ਼ ਬਾਰਿਸ਼ ਹੋ ਜਾਵੇ ਕੋਈ ਪਤਾ ਨਹੀਂ ਹੁੰਦਾ। ਬਾਰਿਸ਼ ਵਿਚ ਤੰਬੂ ਦੇ ਵਿਚੋਂ ਝਾਕ ਦੇ ਦ੍ਰਿਸ਼ ਵੇਖਣ ਦਾ ਅਪਣਾ ਹੀ ਆਨੰਦ ਹੁੰਦਾ ਹੈ। ਬੱਚੇ ਤਾਂ ਇਥੇ ਕਿਲਕਾਰੀਆਂ ਦਾ ਮਜ਼ਾ ਲੈਂਦੇ ਹਨ। ਠੰਡਾ, ਸ਼ੁੱਧ ਹਵਾ ਵਾਲਾ ਸੁਖਦ ਮੌਸਮ ਤਨ-ਮਨ-ਰੂਹ ਮਸਤਕ ਨੂੰ ਸ਼ਾਂਤੀ ਅਤੇ ਸਿਹਤ ਔਸ਼ਧੀ ਪ੍ਰਦਾਨ ਕਰਦਾ ਹੈ। ਇਕੇ ਚੁਤਰ ਦਿਸ਼ਾ ਖ਼ੂਬਸੂਰਤ ਮਾਲਾਮਾਲ ਹੈ। ਇਥੋਂ ਦੇ ਤਰ੍ਹਾਂ-ਤਰ੍ਹਾਂ ਦੇ ਧੂਮਿਲ ਅਤੇ ਕਾਲੇ ਘਲਘੋਰ ਬੱਦਲਾਂ ਦੇ ਝੁੰਡ ਜਦੋਂ ਉਚੇ ਦੇਵਦਾਰ ਦੇ ਰੁੱਖਾਂ ਨਾਲ ਆਲਿੰਗਨ ਹੋ ਕੇ ਬਾਰਿਸ਼ ਦਾ ਅਭਿਵਾਦਨ ਕਰਦੇ ਹਨ ਤਾਂ ਏਦਾਂ ਮਹਿਸੂਸ ਹੁੰਦਾ ਹੈ ਜਿਵੇਂ ਤੁਸੀਂ ਅਸਮਾਨ ਵਿਚ ਹੋ।

ਰਾਣੀ ਦੀ ਕੋਠੀ ਵਿਖੇ ਰਾਤ ਦੇ ਸਮੇਂ ਜਦੋਂ ਚੰਦ ਸਿਤਾਰੇ ਸਾਫ਼ ਮੌਸਮ ਵਿਚ ਝਿਲਮਿਲਾਂਦੇ ਹਨ ਤਾਂ ਦ੍ਰਿਸ ਕਿਸੇ ਜੰਨਤ ਤੋਂ ਘੱਟ ਨਹੀਂ ਹੁੰਦੇ। ਮਹਿਸੂਸ ਕਰਨ ਦੀ ਸ਼ਕਤੀ ਹੀ ਜੰਨਤ ਹੈ। ਰਾਤ ਦੇ ਸਮੇਂ ਪਹਾੜਾਂ ਉਪਰ ਦੂਰ-ਦੂਰ ਜਗਮਗਾ-ਦੀਆਂ ਬਸਤੀਆਂ ਕਿੰਨੀਆਂ ਅਦਭੁਤ, ਕਿੰਨੀਆਂ ਸੁੰਦਰ, ਕਿੰਨੀਆਂ ਆਕਰਸ਼ਕ, ਕਿੰਨੀਆਂ ਪਿਆਰੀਆਂ ਲਗਦੀਆਂ ਹਨ।

ਰਾਣੀ ਦੀ ਕੋਠੀ ਵੱਲ ਹਿਮਾਚਲ ਸਰਕਾਰ ਨੇ ਕੋਈ ਵਿਸ਼ੇਸ ਧਿਆਨ ਨਹੀਂ ਦਿੱਤਾ। ਰਾਣੀਦੀ ਕੋਠੀ ਦੇ ਕਮਰੇ ਖਸਤਾ ਹਾਲਤ ਵਿਚ ਖਾਲੀ ਪਏ ਹਨ।

ਪੁਰਾਤੱਤਵ ਵਿਭਾਗ ਹਿਮਾਚਲ ਪ੍ਰਦੇਸ਼ ਨੂੰ ਇਸ ਇਤਿਹਾਸਿਕ ਨਿਸ਼ਾਨੀ, ਰਮਣੀਕ ਸਥਾਨ ਦੀ ਦੇਖ ਰੇਖ ਸਾਂਭ ਸੰਭਾਲ ਜਿੰਮੇਵਾਰੀ ਲੈਣੀ ਚਾਹੀਦੀ ਹੈ। ਇਥੇ ਵਧੀਆ ਹੋਟਲ ਖੋਲ੍ਹੇ ਜਾ ਸਕਦੇ ਹਨ। ਹਿਮਾਚਲ ਦਾ ਇਹ ਸਥਾਨ ਵਿਸ਼ਵ ਨਕਸ਼ੇ ਉਪਰ ਆ ਸਕਦਾ ਹੈ। ਸਰਕਾਰ ਨੂੰ ਮੋਟੀ ਆਮਦਨ ਹੋ ਸਕਦੀ ਹੈ। ਰਾਣੀ ਦੀ ਕੋਠੀ ਵਧੀਆ ਕੀਮਤੀ ਪਿਕਨਿਕ ਸਪਾਟ ਬਣ ਸਕਦਾ ਹੈ।

ਰਾਣੀ ਦੀ ਕੋਠੀ (ਝਟੀਗਰੀ) ਤੋਂ ਅਸੀਂ ਬਰੋਟ ਵਲ ਨੂੰ ਹੋ ਪਏ। ਬਰੋਟ ਜਾਣ ਲਈ ਘਟਾਸਨੀ ਜਾਣਾ ਪੈਂਦਾ ਹੈ। ਘਟਾਸਨੀ ਇਕ ਛੋਟਾਂ ਜਿਹਾ ਸ਼ਹਿਰ ਹੈ। ਪਠਾਨਕੋਟ (ਪੰਜਾਬ) ਤੋਂ ਘਟਾਸਨੀ ਲਗਭਗ 190 ਕਿਲੋਮੀਟਰ ਦੂਰ ਪੈਂਦਾ ਹੈ। ਘਟਸਾਨੀ ਤੋਂ ਪਠਾਨਕੋਟ ਬਰੋਟ ਜਾਣ ਦਾ ਰਸਤਾ ਇਕਦਮ ਭਿਅੰਕਰ, ਸਿੱਧੀ ਚੜ੍ਹਾਈ ਵਾਲਾ, ਘੱਟ ਚੌੜੀ ਸੜਕ ਵਾਲਾ ਹੈ। ਇਹ ਰਸਤਾ ਜਿਥੋਂ ਸ਼ੁਰੂ ਹੁੰਦਾ ਹੈ ਇਕ ਵੱਡੇ ਦਰਵਾਜ਼ੇਨੁਮਾ ਲਗਦਾ ਹੈ ਜਿਵੇਂ ਕਿਸੇ ਵੱਡੇ ਮਹਿਲ ਦਾ ਮੁੱਖ ਗੇਟ ਖੁੱਲ੍ਹਦਾ ਹੋਵੇ।

**(ਬਾਕੀ ਅਗਲੇ ਸਫੇ 'ਤੇ)**

## ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ

ਬਾਬਾ ਸਾਹਿਬ ਦੀ ਸੋਚ ਤੇ ਸੱਚਾ ਪਹਿਰਾ ਦਿੰਦੇ ਰਹੇ।
ਬਹੁਜਨ ਸਮਾਜ ਦੇ ਲੋਕਾਂ ਨੂੰ ਜਾਗ੍ਰਿਤ ਕਰਦੇ ਰਹੇ॥

ਏਕੇ ਤੇ ਇਕੱਠ ਦੀ ਗੁੜ੍ਹਤੀ ਬੱਚੇ ਬੱਚੇ ਨੂੰ ਦਿੰਦੇ ਰਹੇ।
ਆਪਣਾ ਇੱਕ ਇੱਕ ਸਾਹ ਸਮਾਜ ਲਈ ਲਾਉਂਦੇ ਰਹੇ॥

ਬਹੁਜਨ ਨੂੰ ਉਹਨਾਂ ਦੀ ਤਾਕਤ ਬਾਰੇ ਸਮਝਾਉਂਦੇ ਰਹੇ।
ਭਾਰਤੀ ਸੰਵਿਧਾਨ ਪੜੋ ਦਾ ਹੋਕਾ ਉੱਚੀ ਲਗਾਉਂਦੇ ਰਹੇ॥

ਭਾਰਤ ਦੇ ਮੂਲਨਿਵਾਸੀ ਹੋ ਤੁਸੀਂ ਦਾ ਪਾਠ ਪੜਾਉਂਦੇ ਰਹੇ।
ਰਾਜੇ ਬਨਣ ਦਾ ਪੱਕਾ ਰਾਹ ਸਮਾਜ ਲਈ ਬਣਾਉਂਦੇ ਰਹੇ॥

ਆਪਣੇ ਸਮਾਜ ਨੂੰ ਚੱਮਚਾ ਯੁੱਗ ਤੋਂ ਜਾਣੂੰ ਕਰਵਾਉਂਦੇ ਰਹੇ।
ਕਿੰਝ ਹਰ ਇੱਕ ਕਦਮ ਰੱਖਣਾ ਮਜ਼ਬੂਤ ਸਮਝਾਉਂਦੇ ਰਹੇ॥

ਸੂਦ ਵਿਰਕ ਆਪਣੀ ਕਲਮ ਨਾਲ ਹੋਕਾ ਲਾਉਂਦਾ ਰਹੇ।
ਮਹਾਂਨਾਇਕ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਅਮਰ ਰਹੇ॥

**ਮਹਿੰਦਰ ਸੂਦ (ਵਿਰਕ)**
91-98766-66381



# ਅਲ-ਅਕਸਾ ਦੀ ਵਜ੍ਹਾ ਨਾਲ ਇਜ਼ਰਾਈਲ-ਹਮਾਸ 'ਚ ਲੱਗੀ ਜੰਗ

ਯੇਰੂਸ਼ਲਮ- ਹਮਾਸ ਦੇ ਹਮਲੇ ਤੋਂ ਬਾਅਦ ਇਜ਼ਰਾਈਲ ਨੇ ਯੁੱਧ ਦਾ ਐਲਾਨ ਕਰ ਦਿੱਤਾ ਹੈ। ਇਜ਼ਰਾਈਲ 'ਚ ਸੰਘਰਸ਼ ਅਜੇ ਵੀ ਜਾਰੀ ਹੈ, ਜਦੋਂਕਿ ਇਜ਼ਰਾਇਲੀ ਹਵਾਈ ਫੌਜ ਹਮਾਸ ਦੇ ਕੰਟਰੋਲ ਵਾਲੀ ਗਾਜ਼ਾ ਪੱਟੀ 'ਚ ਤੇਜ਼ੀ ਨਾਲ ਹਮਲੇ ਕਰ ਰਹੀ ਹੈ। ਹਮਾਸ ਦੇ ਹਮਲੇ 'ਚ 900 ਤੋਂ ਵੱਧ ਇਜ਼ਰਾਇਲੀ ਮਾਰੇ ਗਏ ਹਨ, ਜਦੋਂਕਿ 600 ਹਮਾਸ ਦੇ ਅੱਤਵਾਦੀ ਇਜ਼ਰਾਇਲੀ ਫੌਜ ਵੱਲੋਂ ਮਾਰੇ ਗਏ ਹਨ।



**ਅਲ-ਅਕਸਾ ਮਸਜਿਦ ਹੈ ਕਾਰਨ?**

ਹਮਾਸ ਦੇ ਅਧਿਕਾਰੀਆਂ ਨੇ ਦੱਸਿਆ ਕਿ ਅਲ-ਅਕਸਾ ਮਸਜਿਦ 'ਤੇ ਚੱਲ ਰਹੇ ਤਣਾਅ ਕਾਰਨ ਇਹ ਹਮਲਾ ਹੋਇਆ ਹੈ। ਇਸ ਤੋਂ ਪਹਿਲਾਂ ਸਾਲ 2021 'ਚ ਇਜ਼ਰਾਈਲ ਅਤੇ ਹਮਾਸ ਵਿਚਾਲੇ 11 ਦਿਨਾਂ ਤੱਕ ਯੁੱਧ ਹੋਇਆ ਸੀ। ਜ਼ਿਕਰਯੋਗ ਹੈ ਕਿ ਇਸਲਾਮ ਧਰਮ ਵਿਚ ਮੱਕਾ ਅਤੇ ਮਦੀਨਾ ਤੋਂ ਬਾਅਦ ਅਲ-ਅਕਸਾ ਨੂੰ ਤੀਜਾ ਸਭ ਤੋਂ ਪਵਿੱਤਰ ਸਥਾਨ ਮੰਨਿਆ ਜਾਂਦਾ ਹੈ। ਇਸ ਨੂੰ ਲੈ ਕੇ ਇਜ਼ਰਾਈਲ ਅਤੇ ਫਲਸਤੀਨ ਵਿਚਕਾਰ ਵਿਵਾਦ ਚੱਲ ਰਿਹਾ ਹੈ। ਅਲ-ਅਕਸਾ ਮਸਜਿਦ ਮੁਸਲਮਾਨਾਂ ਅਤੇ ਯਹੂਦੀਆਂ ਦੋਵਾਂ ਲਈ ਪਵਿੱਤਰ ਹੈ। ਯਹੂਦੀ ਇਸ ਜਗ੍ਹਾ ਨੂੰ ਟੈਂਪਲ ਮਾਊਂਟ ਕਹਿੰਦੇ ਹਨ। ਇਸ ਥਾਂ 'ਤੇ ਪਹਿਲਾਂ ਵੀ ਹਿੰਸਾ ਹੋ ਚੁੱਕੀ ਹੈ। ਹਮਾਸ ਨੇ ਯਹੂਦੀਆਂ 'ਤੇ ਯਥਾ-ਸਥਿਤੀ ਸਮਝੌਤੇ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ ਹੈ।

ਯੁੱਧ ਦੇ ਐਲਾਨ ਤੋਂ ਬਾਅਦ ਹੁਣ ਇਜ਼ਰਾਈਲ ਹਮਾਸ ਖਿਲਾਫ ਫੌਜੀ ਕਾਰਵਾਈ ਕਰ ਰਿਹਾ ਹੈ। ਇਜ਼ਰਾਈਲ ਨੇ ਪਹਿਲਾਂ ਲਿਬਨਾਨ ਅਤੇ ਗਾਜ਼ਾ ਵਿੱਚ ਵੱਡੇ ਪੱਧਰ 'ਤੇ ਫੌਜੀ ਕਾਰਵਾਈਆਂ ਸ਼ੁਰੂ ਕੀਤੀਆਂ ਹਨ ਪਰ ਰਸਮੀ ਤੌਰ 'ਤੇ ਉਨ੍ਹਾਂ ਦਾ ਐਲਾਨ ਨਹੀਂ ਕੀਤਾ। ਹੁਣ ਜੰਗ ਦੇ ਐਲਾਨ ਤੋਂ ਬਾਅਦ ਇਹ ਗਾਜ਼ਾ ਵਿਚ ਖੁੱਲ੍ਹ ਕੇ ਕਾਰਵਾਈ ਕਰ ਰਿਹਾ ਹੈ।

ਅਮਰੀਕੀ ਰੱਖਿਆ ਸਕੱਤਰ ਲਾਇਡ ਆਸਟਿਨ ਨੇ ਫੋਰਡ ਕੈਰੀਅਰ ਸਟ੍ਰਾਈਕ ਗਰੁੱਪ ਨੂੰ ਪੂਰਬੀ ਭੂਮੱਧ ਸਾਗਰ ਵਿੱਚ ਜਾਣ ਦਾ ਹੁਕਮ ਦਿੱਤਾ ਹੈ ਤਾਂ ਜੋ ਇਜ਼ਰਾਈਲ ਦੀ ਮਦਦ ਲਈ ਤਿਆਰ ਰਹਿਣ। ਇਸ ਬੇੜੇ ਵਿਚ ਕਈ ਜਹਾਜ਼ ਅਤੇ ਜੰਗੀ ਜਹਾਜ਼ ਸ਼ਾਮਲ ਹਨ। ਜਰਮਨੀ ਤੇ ਯੂਰਪੀਅਨ ਯੂਨੀਅਨ ਨੇ ਵੀ ਇਜ਼ਰਾਈਲ ਦਾ ਸਮਰਥਨ ਕੀਤਾ ਹੈ। ਇਸ ਦੇ ਨਾਲ ਹੀ ਰੂਸ ਅਤੇ ਚੀਨ ਨੇ ਕਿਹਾ ਹੈ ਕਿ ਇਜ਼ਰਾਈਲ ਅਤੇ ਫਲਸਤੀਨ ਨੂੰ ਗੱਲਬਾਤ ਰਾਹੀਂ ਮਸਲੇ ਦਾ ਹੱਲ ਕਰਨਾ ਚਾਹੀਦਾ ਹੈ। ਈਰਾਨ ਨੇ ਹਮਾਸ ਦਾ ਸਮਰਥਨ ਕੀਤਾ ਹੈ।

**ਨਾਗਰਿਕਾਂ ਦੀ ਸੁਰੱਖਿਆ ਲਈ ਕੀ ਕੀਤਾ ਜਾ ਰਿਹਾ ਹੈ?**

ਸੰਯੁਕਤ ਰਾਸ਼ਟਰ ਨੇ ਕਿਹਾ ਕਿ ਗਾਜ਼ਾ ਦੇ ਵਿਸਥਾਪਿਤ ਲੋਕਾਂ ਦੀ ਗਿਣਤੀ ਸਕੂਲਾਂ ਵਿੱਚ (ਸ਼ੈਲਟਰਾਂ ਵਿੱਚ ਤਬਦੀਲ) ਲਗਭਗ 123,000 ਤੱਕ ਪਹੁੰਚ ਗਈ ਹੈ। ਫਲਸਤੀਨੀ ਸ਼ਰਨਾਰਥੀਆਂ ਲਈ ਸੰਯੁਕਤ ਰਾਸ਼ਟਰ ਦੀ ਏਜੰਸੀ ਨੇ ਕਿਹਾ ਕਿ ਵਿਸਥਾਪਿਤ ਪਰਿਵਾਰਾਂ ਨੂੰ ਪਨਾਹ ਦੇਣ ਵਾਲੇ ਸਕੂਲਾਂ ਅਤੇ ਹੋਰ ਨਾਗਰਿਕ ਬੁਨਿਆਦੀ ਢਾਂਚੇ 'ਤੇ ਕਦੇ ਵੀ ਹਮਲਾ ਨਹੀਂ ਕੀਤਾ ਜਾਣਾ ਚਾਹੀਦਾ ਹੈ।

# ਚਲੋ ਚੱਲੀਏ ਪਹਾੜੀ ਇਲਾਕੇ ਬਰੋਟ, ਲੁਹਾਰਡੀ ਵਿਚ

**(ਸਫਾ 27 ਦੀ ਬਾਕੀ)**

ਕੇਵਲ ਚਾਰ ਪਹੀਆ ਵਾਹਨ ਜਿਨ੍ਹਾਂ ਮੁਸਕਿਲ ਰਸਤਾ, ਪਹਿਲਾਂ ਤਾਂ ਸਾਡਾ ਦੋਸਤ ਕਾਰ ਚਾਲਕ ਰਾਜ ਵਕੀਲ ਡਰ ਗਿਆ। ਕਹਿਣ ਲੱਗਾ, ਛੱਡੋ ਯਾਰ! ਇਹ ਤਾਂ ਇਕਦਮ ਸਿੰਧੀ ਚੜ੍ਹਾਈ ਹੈ, ਬਿਲਕੁਲ ਛੋਟੀ ਸੜਕ ਹੈ, ਖ਼ਤਰਨਾਕ ਮੋੜ ਹੈ। ਚਲੋ ਯਾਰ, ਵਾਪਸ ਚਲਦੇ ਹਾਂ। ਪਰ ਮੈਂ ਵੇਖਿਆ ਇਕ ਬੱਸ ਸਾਡੇ ਅੱਗੇ ਜਾ ਰਹੀ ਸੀ। ਮੈਂ ਕਿਹਾ, "ਯਾਰ! ਇਹ ਬੱਸ ਜਾ ਸਕਦੀ ਹੈ ਤਾਂ ਅਸੀਂ ਕਿਉਂ ਨਈਂ ਜਾ ਸਕਦੇ। ਹਿੰਮਤ ਰੱਖੋ ਯਾਰ, ਚੱਲੋ। ਖੈਰ ਰਾਜ ਨੇ ਸਿੱਧੀ ਚੜ੍ਹਾਈ ਦਾ ਅੰਨ੍ਹਾ ਖ਼ਤਰਨਾਕ ਮੋੜ ਕੱਟ ਲਿਆ ਅਤੇ ਅਸੀਂ ਅੱਗੇ ਵਧਣ ਲੱਗੇ।

ਘਟਾਸਨੀ ਦੇ ਬਾਰੇ ਦੱਸਿਆ ਜਾਂਦਾ ਹੈ ਕਿ ਮੰਡੀ ਪਠਾਨਕੋਟ ਸੜਕ ਉਪਰ ਮੰਡੀ ਤੋਂ ਲਗਗ 42 ਕਿਲੋਮੀਟਰ ਦੂਰ ਪਹਾੜੀ ਦੇ ਇਕ ਘੱਟਾ (ਸਥਾਨ) ਉਪਰ ਇਕ ਦੇਵੀ ਦਾ ਸਥਾਨ ਹੈ। ਘੱਟਾ ਵਾਸਿਨੀ ਸ਼ਬਦ ਕਲਾਂਤਰ ਵਿਚ ਘਟਾਸਨੀ ਹੋ ਗਿਆ, ਜਿਸ ਕਰਕੇ ਦੇਵੀ ਮਾਤਾ ਨੂੰ ਘਟਾਸਨੀ ਮਾਤਾ ਕਿਹਾ ਜਾਣ ਲੱਗਾ ਅਤੇ ਇਹ ਸਥਾਨ ਘਟਾਸਨੀ ਦੇ ਨਾਮ ਨਾਲ ਪ੍ਰਸਿੱਧ ਹੋ ਗਿਆ।

ਘਟਾਸਨੀ ਇਕ ਸੁੰਦਰ ਵੈਲੀ ਹੈ। ਘਟਾਸਨੀ ਤੋਂ ਬਰੋਟ ਜਾਂਦੇ ਸਮੇਂ ਸੁੰਦਰ ਅਤੇ ਨਾਟਕੀਏ ਢੰਗ ਨਾਲ ਤੁਹਾਨੂੰ ਦ੍ਰਿਸ ਵੇਖਣ ਨੂੰ ਮਿਲਦੇ ਹਨ। ਪਹਾੜਾਂ ਦੇ ਨਾਲ ਨਾਲ ਸੜਕ ਦੇ ਨਾਲ ਡੂੰਘੀ ਖੱਡ, ਖਡੱ ਵਿਚ ਸੱਪ ਦੀ ਤਰ੍ਹਾਂ ਵਹਿੰਦਾ ਦਰਿਆ। ਰਸਤੇ ਵਿਚ ਹੁਰਲਾ ਪਿੰਡ ਵਿਚ ਪ੍ਰਾਚੀਨ ਪਹਾੜੀ ਸ਼੍ਰੇਣੀ ਦੇ ਘਰ ਵੇਖਣ ਨੂੰ ਮਿਲਦੇ ਹਨ। ਚੀਲ ਦੇ ਰੁੱਖਾਂ ਵਿਚ ਘਿਰਿਆ ਜੰਗਲ। ਇਨ੍ਹਾਂ ਜੰਗਲਾਂ 'ਚੋਂ ਲੰਘਦੀ ਬਾਰੀਕ ਸੜਕ। ਇਕਦਮ ਇਕੱਲੀ। ਪਹਾੜਾਂ ਦੇ ਉਪਰ ਫਿਰ ਪਹਾੜ। ਲਗਭਗ 25 ਕਿਲੋਮੀਟਰ ਦੀ ਇਹ ਸਿੱਧੀ ਚੜ੍ਹਾਈ ਹੈ। ਫਿਰ ਉਪਰ ਦੇਵਦਾਰ ਦੇ ਜੰਗਲ ਸ਼ੁਰੂ ਹੋ ਜਾਂਦੇ ਹਨ। ਸਾਰਾ ਰਸਤਾ ਜੰਗਲ ਹੀ ਜੰਗਲ। ਭਿਅੰਕਰ ਰਸਤਾ ਪਰ ਮਨੋਰੰਜਨ ਭਰਪੂਰ।

ਰਸਤੇ ਵਿਚ ਛੋਟੇ ਵੱਡੇ ਡਿਗਦੇ ਸੁੰਦਰ ਝਰਨੇ ਦੇਖਣ ਨੂੰ ਮਿਲਦੇ ਹਨ। ਪਿੰਡ ਟਿਕਰ ਵਿਖੇ ਸੜਕ ਦੇ ਨਾਲ ਹੀ ਇਕ ਖ਼ੂਬਸੂਰਤ ਝਰਨਾ ਡਿਗਦਾ ਹੈ। ਇਥੇ ਫੋਟੋਗ੍ਰਾਫੀ ਕਰਨ ਦਾ ਅਪਣਾ ਹੀ ਮਜ਼ਾ ਹੈ। ਇਹ ਝਰਨਾ ਅਪਣੇ ਨਾਲ ਆਸ ਪਾਸ ਮਿਲਦੇ ਮਨਮੋਹਨੇ ਦ੍ਰਿਸ਼ ਬਣਾਉਂਦਾ ਹੈ। ਇਥੋਂ ਅਸੀਂ ਕਈ ਚਿੱਤਰ ਕੈਮਰੇ ਵਿਚ ਕੈਦ ਕੀਤੇ। ਇਹ ਪਿੰਡ ਟੋਕਰੀ (ਉਚੀ ਥਾਂ) ਉਪਰ ਸਥਿਤ ਹੋਣ ਕਰਕੇ ਟਿੱਕਰ ਨਾਮ ਨੂੰ ਪ੍ਰਾਪਤ ਹੋਇਆ।

ਇਸ ਦੇ ਅੱਗੇ ਸੰਘਣਾ ਜੰਗਲ ਸ਼ੁਰੂ ਹੋ ਜਾਂਦਾ ਹੈ। ਜਿਸ ਨੂੰ ਨਰਗੂ ਜੰਗਲ ਕਹਿੰਦੇ ਹਨ। ਦਰਿਆ ਇਸ ਦੇ ਨਾਲ ਨਾਲ ਚਲਦਾ ਹੈ। ਇਥੇ ਵੀ ਲੱਕੜ ਦੇ ਪ੍ਰਾਚੀਨ ਘਰ ਨਜ਼ਰ ਆਉਂਦੇ ਹਨ। ਪ੍ਰਾਚੀਨ ਹਿਮਾਚਲ ਦੇਖਣ ਨੂੰ ਮਿਲਦਾ ਹੈ। ਰਸਤਿਆਂ ਵਿਚ ਜਵਾਰ ਦੇ ਹਰੇ ਭਰੇ ਖੇਤ, ਅਰਬੀ ਦੇ ਖੇਤ ਅਤੇ ਤਰ੍ਹਾਂ ਤਰ੍ਹਾਂ ਦੀਆਂ ਸਬਜੀਆਂ ਤੇ ਫਲਾਂ ਦੇ ਖੇਤ ਮਿਲਦੇ ਹਨ। ਤਰ੍ਹਾਂ ਤਰ੍ਹਾਂ ਦੀਆਂ ਰਲਵੀਆਂ ਮਿਲਵੀਆਂ ਖੁਸ਼ਬੂਆਂ ਆਉਂਦੀਆਂ ਹਨ। ਕਈ ਛੋਟੇ ਵੱਡੇ ਪੜਾਅ ਪਾਰ ਕਰਦੇ ਹੋਏ ਬੱਕੇ ਹਾਰੇ ਅਸੀਂ ਬਰੋਟ ਪਹੁੰਚੇ। ਹਿਮਾਚਲ ਪ੍ਰਦੇਸ਼ ਦਾ ਇਕ ਵਿਸ਼ੇਸ਼ ਅਦਭੁਤ ਆਕਰਸ਼ਿਕ ਨਜ਼ਾਰਿਆ ਵਾਲਾ ਸਥਾਨ ਹੈ ਬਰੋਟ। ਅਸੀਂ ਗੱਡੀ ਹੋਟਲ ਦੇ ਇਕ ਪਾਸੇ ਖੜ੍ਹੀ ਕਰਕੇ ਘੁੰਮਣ ਫਿਰਨ ਲੱਗੇ। ਕੁਝ ਖਾਧਾ ਪੀਤਾ। ਥਕਾਵਟ ਅਜੇ ਵੀ ਸ਼ਰੀਰ ਵਿਚ ਚੋਬਾਂ ਪੈਦਾ ਕਰ ਰਹੀ ਸੀ। ਪਰ ਸੁੰਦਰ ਦ੍ਰਿਸ਼ ਵੇਖ ਕੇ ਥਕਾਵਟ ਛੂੰ ਮੰਤਰ ਹੋ ਗਈ। ਵਾਹ-ਵਾਹ- ਸੁੰਦਰ ਪ੍ਰਾਚੀਨ ਅਤੇ ਆਧੁਨਿਕਤਾ ਸ਼ੈਲੀ ਯੁਕਤ ਮਨਮੋਹਣੇ ਹੋਟਲ। ਬਰੋਟ ਨਗਰ ਖ਼ੂਬਸੂਰਤੀ ਦੀ ਜੀਵੰਤ ਮਿਸਾਲ। ਅਸਮਾਨ ਦੀ ਗੋਦ ਵਿਚ ਨਜ਼ਾਰੇ ਬਿਖੇਰਦਾ ਦਿਲਕਸ਼ ਇਲਾਕਾ ਬਰੋਟ। ਉਚੇ ਉਚੇ ਪਹਾੜਾਂ ਉਪਰ ਵੱਸਿਆ ਸੁੰਦਰ ਨਗਰ। ਚਾਰੇ ਪਾਸੇ ਫਿਰ ਉਚੇ ਪਹਾੜਾਂ ਦੀਆਂ ਚੋਟੀਆਂ ਦੇ ਨਜ਼ਾਰੇ। ਇਹ ਇੰਝ ਪ੍ਰਤੀਤ ਹੁੰਦਾ ਹੈ ਜਿੰਦਾਂ ਅਸਮਾਨ ਦੀ ਗੋਦ ਵਿਚ ਬੱਚਾ ਖੇਡ ਰਿਹਾ ਹੋਵੇ।

ਬਰੋਟ ਓਹਲ ਦਰਿਆ ਦੇ ਕਿਨਾਰੇ ਵੱਸਿਆ ਹੋਇਆ ਹੈ। ਦਰਿਆ ਦੇ ਨਾਲ ਨਾਲ ਹੋਟਲ ਵੀ ਬਣੇ ਹੋਏ ਹਨ। ਦਰਿਆ ਅਪਣੇ ਨਾਲੋਂ ਅਲੱਗ ਹੋ ਕੇ ਕਈ ਝੀਲ ਦਾ ਸਵਰੂਪ ਲੈਂਦਾ ਹੈ। ਹਰੀਆਂ ਭਰੀਆਂ ਪਹਾੜੀਆਂ ਕੀਮਤੀ ਅਲੰਕਾਰਾਂ ਦੇ ਗੀਤ ਗਾਉਂਦੀਆਂ ਪ੍ਰਤੀਤ ਹੁੰਦੀਆਂ ਹਨ। ਦਰਿਆ ਦੀ ਦਲਦ ਵਿਚ ਲਹਿਰਾਂ ਦੇ ਝੁਰਮਟ ਜਿਵੇਂ ਕਿਸੇ ਗੌਰੀ ਦੀਆਂ ਝਾਂਜਰਾ ਛਣਕਦੀਆਂ ਹੋਣ। ਪਹਾੜਾਂ ਉਪਰ ਦੂਰ ਛੋਟੇ ਛੋਟੇ ਘਰ ਇਵੇਂ ਪ੍ਰਤੀਤ ਹੁੰਦੇ ਹਨ ਜਿਵੇਂ ਕਿਸੇ ਢਲਾਣੀ ਦੀਵਾਰ ਉਪਰ ਖਿਡੌਣੇ ਲਟਕਦੇ ਹੋਣ। ਦੂਰ ਪਹਾੜੀ ਦੀ ਚੋਟੀ ਉਪਰ ਚੜ੍ਹ ਕੇ ਸਵੇਰ ਦਾ ਸੂਰਜ ਵੇਖਣ ਦਾ ਅਦਭੁਤ ਆਨੰਦ ਮਿਲਦਾ ਹੈ। ਏਦਾਂ ਜਿਵੇਂ ਸਵਰਗ 'ਚੋਂ ਕੋਈ ਰੌਸ਼ਨੀ ਨੰਗੇ ਪੈਰ੍ਹੀਂ ਉਤਰ ਰਹੀ ਹੋਵੇ। ਸ਼ਾਮ ਨੂੰ ਠੰਡੀਆਂ ਹਵਾਵਾਂ ਵਿਚ ਜਦ ਅਸਮਾਨ ਸਾਫ ਹੋ ਜਾਂਦਾ ਹੈ ਤਾਂ ਚਾਰੇ ਪਾਸੇ ਹੀ ਚੰਨ ਤਾਰਿਆਂ ਦੀ ਬਾਰਾਤ ਵਿਚ ਸ਼ਾਮਿਲ ਹੋਣਾ ਕਿੰਨਾ ਚੰਗਾ ਲਗਦਾ ਹੈ। ਬੱਦਲ ਹੇਠਾਂ ਅਤੇ ਅਸੀਂ ਉਪਰ ਜਿਵੇਂ ਅਸਮਾਨ ਵਿਚ ਉਡ ਰਹੇ ਹੋਈਏ। ਸੋਹਣੇ-ਸੋਹਣੇ ਮਨਮੋਹਣੇ ਦ੍ਰਿਸ਼ ਮਨ-ਮਸਤਕ ਵਿਚ ਸਦਾ-ਸਦਾ ਕਈ ਕੈਦ ਹੋ ਜਾਂਦੇ ਹਨ। ਜੋ ਸਕੂਨ ਦਾ ਪਾਠ ਪੜ੍ਹਾਉਂਦੇ ਹਨ।

ਬਰੋਟ ਦਾ ਇਤਿਹਾਸ ਇਸ ਤਰ੍ਹਾਂ ਹੈ ਬਰੋਟ ਮੰਡੀ ਜਿਲ੍ਹਾ ਦੀ ਚੁਹਾਰ ਘਾਟੀ ਵਿਚ ਓਹਲ ਨਦੀ ਦੇ ਕਿਨਾਰੇ ਵੱਸਿਆ ਹੋਇਆ ਇਕ ਰਮਣੀਕ ਸਥਾਨ ਹੈ। ਕਿਸੇ ਸਮੇਂ ਇਹ ਸਥਾਨ ਬਾਰਾਂ ਦਾ ਪੌਦਿਆਂ ਨਾਲ ਭਰਿਆ ਹੁੰਦਾ ਸੀ ਜਿਸ ਨਾਲ ਇਥੋਂ ਦਾ ਨਾਮ ਬਰੋਗ ਪੈ ਗਿਆ। ਬਰੋਟ ਦਾ ਨਾਮ ਜਲ ਬਿਜਲੀ ਉਤਪਾਦਨ ਦੇ ਇਤਿਹਾਸ ਵਿਚ ਬਹੁਤ ਪ੍ਰਸਿਧ ਹੈ। ਸੰਨ 1925 ਵਿਚ ਬ੍ਰਿਟਿਸ਼ ਸਰਕਾਰ ਵਲੋਂ ਅੰਗਰੇਜ਼ੀ ਸੈਨਾ ਇੰਜੀਨੀਅਰ ਕਰਨਲ ਬੰਟੀ ਅਤੇ ਮੰਡੀ ਦੇ ਰਾਜਾ ਜੋਗੇਂਦਰ ਸੇਨ ਦੇ ਵਿਚ ਇਕ ਸਮਝੌਤਾ (ਅਨੁਬੰਧ) ਹੋਇਆ। ਜਿਸ ਨਾਲ ਜੋਗਿੰਦਰ ਨਗਰ ਦੀ ਸ਼ਾਸਨ ਅਤੇ ਬੱਸੀ ਜਲ ਬਿਜਲੀ ਪਰਿਯੋਜਨਾ ਸਾਕਾਰ ਹੋਈ। ਇਸ ਪਰਿਯੋਜਨਾ ਦਾ ਜਲ ਭੰਡਾਰਣ ਕੇਂਦਰ ਬਰੋਟ ਵਿਚ ਬਣਿਆ। ਇਥੋਂ ਹੀ ਦੋ ਵੱਡੇ ਪਾਈਪਾਂ ਦੇ ਜ਼ਰੀਏ ਪਾਣੀ ਲੈ ਜਾ ਕੇ ਸਾਨਨਾ ਅਤੇ ਬੱਸੀ ਵਿਚ ਬਿਜਲੀ ਉਤਪਾਦਨ ਕੀਤਾ ਗਿਆ ਹੈ। ਬਰੋਟ ਵਿਚ ਕੁਝ ਮੰਦਿਰ ਵੀ ਹਨ। ਸਰਕਾਰੀ ਅਤੈ ਗੈਰ ਸਰਕਾਰੀ ਹੋਟਲ, ਰੈਸਟ ਹਾਊਸ ਵੀ ਹਨ।

ਬਰੋਟ ਦੀ ਵਿਸ਼ੇਸਤਾ ਇਹ ਹੈ ਕਿ ਇਥੇ ਬਹੁਤ ਵਿਸ਼ਾਲ ਮੱਛੀ ਵਿਭਾਗ ਟਰਾਊਟ ਟਰਾਊਟ ਮੱਛਲੀ ਕੇਂਦਰ ਵੀ ਹੈ। ਇਥੇ ਟਰਾਊਟ ਸਫੇਦ ਮੱਛੀ ਦਾ ਬੀਜ ਵੀ ਤਿਆਰ ਕੀਤਾ ਜਾਂਦਾ ਹੈ। ਇਹ ਸਥਾਨ ਨਵੰਬਰ ਅਤੇ ਫਰਵਰੀ ਤਕ ਬੰਦ ਰਹਿੰਦਾ ਹੈ। ਇਸ ਨੂੰ ਮਛਲੀ ਪਾਲਣ ਵਿਭਾਗ ਹਿਮਾਚਲ ਪ੍ਰਦੇਸ਼ ਨੇ ਸੰਭਾਲ ਰੱਖਿਆ ਹੈ। ਟਰਾਊਟ ਮਛਲੀ ਫਾਰਮ ਵਿਖੇ 350 ਰੁਪਏ ਕਿਲੋ ਦੇ ਹਿਸਾਬ ਨਾਲ ਵਿਉਪਾਰੀ ਲੋਕਾਂ ਨੂੰ ਦਿੱਤੀ ਜਾਂਦੀ ਹੈ, ਜਦਕਿ ਬਾਜ਼ਾਰ ਵਿਚ ਸੱਤ ਸੌ ਤੋਂ ਲੈ ਕੇ ਨੌ ਸੌ ਰੁਪਏ ਕਿਲੋ ਦੇ ਹਿਸਾਬ ਨਾਲ ਵੇਚੀ ਜਾਂਦੀ ਹੈ। ਇਹ ਮਛਲੀ ਬਿਲਕੁਲ ਸਫੇਦ ਰੰਗ ਵਿਚ ਹੁੰਦੀ ਹੈ ਅਤੇ ਵੇਖਣ ਨੂੰ ਸੁੰਦਰ ਲਗਦੀ ਹੈ। ਇਹ ਮਛਲੀ ਓਹਲ ਦਰਿਆ ਦੇ ਅਤਿ ਠੰਢੇ ਪਾਣੀ ਵਿਚ ਹੁੰਦੀ ਹੈ। ਬਰਫ਼ ਨਾਲੋਂ ਵੀ ਠੰਡੇ ਤਾਪਮਾਨ ਵਿਚ ਹੁੰਦੀ ਹੈ। ਹਿਮਾਚਲ ਸਰਕਾਰ ਨੇ ਵਿਸ਼ੇਸ ਕਿਸਮ ਦੇ ਉਪਕਰਣ ਲਗਾ ਕੇ ਇਸ ਮਛਲੀ ਦਾ ਲਾਲਨ-ਪਾਲਨ ਦਾ ਪ੍ਰਬੰਧ ਕੀਤਾ ਹੋਇਆ ਹੈ। ਇਹ ਮਛਲੀ ਆਮ (ਸਾਧਾਰਣ) ਮਛਲੀ ਨਾਲੋਂ ਅਲੱਗ ਕਿਸਮ ਦੀ ਹੁੰਦੀ ਹੈ। ਇਸ ਦੀ ਮੰਗ ਬਹੁਤ ਜ਼ਿਆਦਾ ਹੈ। ਬਰੋਟ ਦੇ ਆਸ-ਪਾਸ ਕਈ ਸਥਾਨ ਵੇਖਣ ਨੂੰ ਮਿਲਦੇ ਹਨ ਜਿਸ ਤਰ੍ਹਾਂ ਨਾਰਗੂ ਵਾਈਲਡ ਲਾਈਫ਼ ਸੈਂਟਰ, ਹਰਬਲ ਮਿਊਜ਼ਿਅਮ, ਹਰਬਲ ਗਾਰਡਨ ਆਦਿ

ਬਰੋਟ ਤੋਂ ਪਤਾ ਚੱਲਿਆ ਕਿ ਇਥੋਂ ਵੀ ਕੁਝ ਮੀਲ ਉਪਰ ਇਕ ਵੇਖਣਯੋਗ ਸਥਾਨ ਹੈ। ਇਹ ਸਥਾਨ ਲੁਹਾਰਡੀ ਪਿੰਡ ਹੈ। ਬਰੋਟ ਤੋਂ ਛੋਟੇ ਰਸਤੇ 'ਚੋਂ ਹੁੰਦੇ ਹੋਏ ਅਸੀਂ ਲੁਹਾਰਡੀ ਪਹੁੰਚੇ। ਦਰਿਆ ਦੇ ਉਪਰ ਤਿਕੋਨੀਆਂ ਪਹਾੜੀਆਂ ਦੇ ਵਿਚ। ਸਾਰੀਆਂ ਪਹਾੜੀਆਂ ਲੁਹਾਰਡੀ ਨੂੰ ਚੁੰਮਦੀਆਂ ਹਨ। ਕਾਂਗੜਾ ਜ਼ਿਲ੍ਹਾ ਦੀ ਬੈਜਨਾਥ ਤਹਿਸੀਲ ਦੇ ਛੋਟਾ ਭੰਗਾਲ ਖੇਤਰ ਦੇ ਇਸ ਪਿੰਡ ਵਿਚ ਪ੍ਰਾਚੀਨ ਸਮੇਂ ਕੇਵਲ 'ਲੁਹਾਰ' ਸਮੁਦਾਇ ਦੇ ਲੋਕ ਹੀ ਰਹਿੰਦੇ ਸਨ ਅਤੇ ਇਸੇ ਆਧਾਰ ਉਪਰ ਇਥੋਂ ਦਾ ਨਾਮ 'ਲੁਹਾਰਡੀ' ਪਿਆ।

ਲੁਹਾਰਡੀ ਪਿੰਡ ਵਿਚ ਲਗਭਗ ਇਕ ਸੌ ਦੇ ਕਰੀਬ ਪ੍ਰਾਚੀਨ ਸ਼ੈਲੀ ਦੇ ਘਰ ਹਨ। ਇਥੋਂ ਦੇ ਇਕ ਨੌਜਵਾਨ ਰਾਜੇਸ਼ ਕੁਮਾਰ (ਮੋ. ਨੰ. 09459924807) ਨੇ ਦੱਸਿਆ ਕਿ ਇਥੋਂ ਦੇ ਲੋਕ ਸ਼ਾਹੀ ਰਾਜਪੂਤ ਦੀ ਫੌਜ ਵਿਚ ਸਨ। ਇਸ ਦੇ ਆਸ ਪਾਸ ਗਿਆਰ੍ਹਾਂ ਪਿੰਡ ਸੰਪਰਕ ਬਣਾਉਂਦੇ ਹਨ। ਇਕੋਂ ਦੇ ਲੋਕ ਖੇਤੀਬਾੜੀ, ਭੇਡ ਬੱਕਰੀ ਪਾਲਣ ਅਤੇ ਹੱਥ ਖੱਡੀ ਦਾ ਧੰਦਾ ਕਰਦੇ ਹਨ। ਵਿਸ਼ੇਸ ਤੌਰ 'ਤੇ ਔਰਤਾਂ ਹੱਥ ਖੱਡੀਆਂ ਦੇ ਕੰਮ ਕਰਦੀਆਂ ਹਨ। ਇਕੇ ਸਬਜ਼ੀਆਂ ਅਤੇ ਤਰ੍ਹਾਂ-ਤਰ੍ਹਾਂ ਦੇ ਫਲਾਂ ਦੇ ਬਾਗ਼ ਵੀ ਪਾਏ ਜਾਂਦੇ ਹਨ। ਸਰਦੀਆਂ ਵਿਚ ਇਥੇ ਲਗਭਗ ਤਿੰਨ ਤੋਂ ਚਾਰ ਫੁੱਟ ਤਕ ਬਰਫ਼ ਪੈਂਦੀ ਹੈ।

ਸਰਦੀਆਂ ਵਿਚ ਜੋਗਿੰਦਰ ਨਗਰ ਤਕ ਦਾ ਰਸਤਾ ਬਰਫ਼ ਪੈਣ ਕਰਕੇ ਬੰਦ ਹੋ ਜਾਂਦਾ ਹੈ। ਇਥੇ ਮਾਤਾ ਦਾ ਮੰਦਿਰ ਅਤੇ ਜੈ ਪਾਸਾਕੋਟ ਦਾ ਮੰਦਿਰ ਵੀ ਹੈ। ਲੁਹਾਰਡੀ ਤੋਂ ਸਿੱਧੀ ਚੜ੍ਹਾਈ ਵਾਲੇ ਰਸਤੇ ਤੋਂ 14 ਕਿਲੋਮੀਟਰ ਦੂਰ ਇਕ ਪਹਾੜੀ ਦੇ ਉਪਰ ਸ਼ਿਵ ਭਗਵਾਨ ਦਾ ਮੰਦਿਰ ਸੁਸ਼ੋਭਿਤ ਹੈ। ਇੱਥੇ ਪ੍ਰਸਿੱਧ ਦੇਨਾ ਸਰ ਝੀਲ ਹੈ। ਦੇਸ਼-ਵਿਦੇਸ਼ ਦੇ ਲੋਕ ਤਿੰਨ ਅਤੇ ਚਾਰ ਸਿਤੰਬਰ ਨੂੰ ਦੇਨਾ ਸਰ ਝੀਲ, ਸ਼ਿਵ ਮੰਦਿਰ ਦੇ ਦਰਸ਼ਨ ਕਰਨ ਲਈ ਆਉਂਦੇ ਹਨ, ਕਿਉਂਕਿ ਇਨ੍ਹਾਂ ਦੋ ਦਿਨਾਂ ਵਿਚ ਭਾਰੀ ਮੇਲਾ ਲਗਦਾ ਹੈ। ਦੇਨਾ ਸਰ ਠੀਲ (ਸ਼ਿਵ ਮੰਦਰ) ਦੀ ਯਾਤਰਾ ਪੈਦਲ ਹੀ ਕਰਨੀ ਪੈਂਦੀ ਹੈ। ਕੋਈ ਵੀ ਵਾਹਨ ਇਥੇ ਨਹੀਂ ਜਾ ਸਕਦਾ। ਲੁਹਾਰਡੀ ਵੈਲੀ ਇਕ ਕੀਮਤੀ ਕੁਦਰਤੀ ਖ਼ੂਬਸੂਰਤੀ ਵਾਲਾ ਸਥਾਨ ਹੈ। ਇਹ ਓਹਲ ਦਰਿਆ ਦਾ ਪਹਿਲਾ ਪਿੰਡ ਹੈ।

ਜਿਲ੍ਹਾ ਮੰਡੀ ਦੇ ਵਿਆਸ ਨਦੀ ਦੇ ਸੱਜੇ ਪਾਸੇ ਪ੍ਰਵੇਸ਼ ਕਰਨ ਵਾਲੀ ਸਭ ਤੋਂ ਵੱਡੀ ਨਦੀ ਓਹਲ ਨਦੀ ਹੈ। ਇਹ ਮੂਲ ਰੂਪ ਵਿਚ ਕਾਂਗੜਾ ਜਿਲ੍ਹਾਂ ਦੇ ਛੋਟੇ ਭੰਗਾਲ ਦੇ ਅੰਤਰਗਤ ਬਮਸਰਜੋਤ ਦੇ ਦੱਖਣ-ਪੂਰਬ ਚਲਾਨਾਂ ਦੇ ਜਲ ਪ੍ਰਵਾਹ ਤੋਂ ਉਦ ਗਮ ਲੈ ਕੇ ਜਿਲ੍ਹਾ ਕਾਂਗੜਾ ਵਿਚ ਚਕ ਪਜਾਹਟ, ਬਕਰ ਕਿਆੜਾ, ਜੰਗਲੀ ਖੇਤਰ, ਪਲਾਹ ਚਨ ਜੰਗਲੀ ਖੇਤਰ, ਬਡਾਗਰਾ, ਨਲਹੋਤਾ, ਕੂੜਘਾਰ, ਕੰਗਬੋੜ, ਕੋਹੜ, ਗਗਲੂ ਦੀ ਮਾਲਾ, ਚੇਲਰਾ ਦੀ ਮਾਲਾ, ਸਰਲਾ, ਧਰਮਾਨ, ਜੁਧਾਰ, ਸਮਰਨ, ਦਿਊਟ, ਨੇਰ, ਓਹਲ ਯਾਰ, ਬਨਵਤ, ਸਖਲੋਗ, ਮੂਲਥਾਨ ਆਦਿ ਪਿੰਡਾਂ ਨਾਲ ਵਹਿੰਦੀ ਹੋਈ ਮੰਡੀ ਜਿਲ੍ਹਾ ਵਿਚ ਪ੍ਰਵੇਸ਼ ਕਰਕੇ ਬਰੋਅ, ਢਰਾਂਗਣ, ਤਰਵਾਨ, ਲਪਾਸੂ, ਕਾਊ, ਕਲਹੋਗ, ਬੌਚੰਗ, ਜਮਤੇਹੜ, ਬਰਧਾਨ, ਲਚਕੰਡੀ, ਕੁਲਵਾਨ, ਢਲੋਸਾ, ਮਰਖਾਨ, ਧਰ, ਬੂਲੰਗ, ਕਾਂਗਪਨ, ਸਤਨੇਮ, ਕਪਲਧਾਰ, ਧਨਬਾਸ, ਬਲਹ, ਟਿੱਕਰ, ਫਾਗਣੀ, ਸਿਪੂਣ, ਸੰਗਵਾਹ, ਕੁਟਾਹਰ, ਲਾਂਵਣੂ, ਡੰਗਾਹਰ, ਟੀਹਰੀ, ਬਰਨਾਲਾ, ਕਮਾਦ, ਸੂਰਜਨ, ਕਲਥਵਾੜ, ਹਮਲੋਂਟ, ਲਗੈਟ, ਖਰਨਾਲ ਹੁੰਦ ਹੋਏ ਧਰਾਣ ਦੇ ਪੱਛਮ ਵੱਲ ਬਿੰਦਰਾਸ਼ਨੀ ਦੇ ਸਾਹਮਣੇ ਬਿਆਸ ਨਦੀ ਦੇ ਸੱਜੇ ਕਿਨਾਰੇ ਪ੍ਰਵੇਸ਼ ਕਰਦੀ ਹੈ। ਗਹਿਰੀ ਖਾਈਆਂ ਵਿਚ ਵਹਿਣ ਦੇ ਕਾਰਣ ਇਸ ਨਦੀ ਦਾ ਜਲ ਸਿੰਚਾਈ ਲਈ ਪ੍ਰਯੋਗ ਵਿਚ ਨਹੀਂ ਲਿਆਂਦਾ ਜਾ ਸਕਦਾ। ਕੇਵਲ ਬਰੋਟ ਵਿਚ ਸਰੋਵਰਾਂ ਵਿਚ ਜਲ ਸੰਗ੍ਰਹਿ ਕਰਕੇ ਸੁਰੰਗ ਜੋਗਿੰਦਰ ਨਗਰ ਪਹੁੰਚਾਇਆ ਗਿਆ ਜਿਥੋਂ ਪੂਰਵ ਪੰਜਾਬ (ਵੰਡ ਦੇ ਸਮੇਂ) ਦੇ ਸਮੇਂ 1930-33 ਵਿਚ ਸ਼ਾਨਨ ਬਿਜਲੀ ਪਰਿਯੋਜਨਾ ਸ਼ੁਰੂ ਕਰਕੇ ਉਸ ਸਮੇਂ ਅੰਮ੍ਰਿਤਸਰ ਅਤੇ ਲਾਹੌਰ (ਪਾਕਿਸਤਾਨ) ਨੂੰ ਬਿਜਲੀ ਦੀ ਸਪਲਾਈ ਕੀਤੀ ਜਾਂਦੀ ਸੀ।

ਲੁਹਾਰਡੀ ਵਿਚ ਤੇਜ ਠੰਡੀ ਹਵਾ ਦੇ ਬੁੱਲ੍ਹੇ ਪੈਰ੍ਹਾਂ ਉਪਰ ਟਿਕਣ ਨਹੀਂ ਦਿੰਦੇ। ਇਥੋਂ ਦੇ ਲੋਕ ਖ਼ਾਸ ਕਰਕੇ ਔਰਤਾਂ ਅਤੇ ਪੁਰਸ਼ ਪ੍ਰਾਚੀਨ ਹਿਮਾਚਲੀ ਪਹਿਰਾਵੇ ਵਿਚ ਵੇਖਣ ਨੂੰ ਮਿਲਦੇ ਹਨ। ਇਹ ਸਥਾਨ ਬਰੋਟ ਤੋਂ ਵੀ ਵਧੀਆ ਹੈ। ਕੁਦਰਤੀ ਨਜ਼ਾਰੇ ਮਿਕਨਾਤੀਸੀ ਖਿੱਚ ਵਾਲੇ, ਲੌਕਿਕ ਅਤੇ ਆਲੌਕਿਕ ਦ੍ਰਿਸ਼ ਤਨ-ਮਨ-ਰੂਹ, ਦਿਲ, ਮਸਤਕ ਨੂੰ ਛੂਹ-ਛੂਹ ਜਾਂਦੇ ਹਨ। ਖਾਮੋਸ਼ੀ ਦੀ ਤਹਿਲੀਜ਼ ਉਪਰ ਸਕੂਨ ਇਥੇ ਜੰਨਤ ਦੇ ਬੰਦਨਵਾਰ ਸਜਾਉਂਦਾ ਹੈ। ਮੁਕੰਮਲ ਸ਼ਾਂਤੀ ਅਤੇ ਵਾਤਾਵਰਣ ਦੀ ਚੁੱਪੀ ਨੂੰ ਦਰਿਆ ਦੀਆਂ ਸਰਗੋਸ਼ੀਆਂ ਕਿਸੇ ਝਾਂਜਰ ਦੀ ਛਣਕਾਹਟ ਦਾ ਅਹਿਸਾ ਦਿਲਾਂਦੀਆਂ ਹਨ। ਤ੍ਰਿਕੋਣੀ ਪਹਾੜੀਆਂ ਦੇ ਵਿਚ ਸਰ-ਸਰ ਚਲਦੀ ਤੇਜ਼ ਹਵਾ ਏਦਾਂ ਪ੍ਰਤੀਤ ਹੁੰਦੀ ਜਿਵੇਂ ਦੇਵ ਲੋਕ ਦੇ ਕਿਸੇ ਰਿਸੀ ਨੇ ਹੱਥ ਉਠਾ ਕੇ ਹਥੇਲੀ 'ਚੋਂ ਕੋਈ ਆਲੌਕਿਕ ਸ਼ਕਤੀ ਸ਼ੁਭਕਾਮਨਾਵਾਂ ਦਾ ਵਰਦਾਨ ਚੱਕਰ ਛੱਡ ਦਿੱਤਾ ਹੋਵੇ।

ਦਰਿਆ ਦੇ ਕਿਨਾਰੇ ਉਪਰ ਛਿਛਲਾ ਪਾਣੀ ਕਿਨਾਰੇ ਉਪਰ ਜਾ ਕੇ ਏਦਾਂ ਟੁੱਟਦਾ ਹੈ। ਜਿਵੇਂ ਕੋਈ ਲੰਬੀ ਸਫੇਦ ਚੁੰਨੀ ਦੀ ਗੋਟੀ ਨੁਮਾ ਕਿਨਾਂਰੀ ਵਿਛੀ ਹੋਵੇ। ਇਥੋਂ ਦੇ ਮਿਲਣਸਾਰ, ਮਿੱਠੇ ਸੁਭਾਅ ਦੇ ਲੋਕ ਚੰਗੇ ਲਗਦੇ ਹਨ। ਇਥੋਂ ਥੋੜ੍ਹੀ ਦੂਰ ਪਹਾੜਾਂ ਦੇ ਵਿਚ ਬਿਜਲੀ ਡੈਮ ਵੀ ਬਣ ਰਿਹਾ ਹੈ । ਇਥੋਂ ਦਾ ਮੌਸਮ ਗਰਮੀ ਵਿਚ ਵੀ ਬਹੁਤ ਠੰਡਾ ਹੁੰਦਾ ਹੈ। ਕੁਲ ਮਿਲਾ ਕੇ ਲੁਹਾਰਡੀ ਦਾ ਆਕਰਿਸ਼ਕ, ਮਨਮੋਹਣਾ ਮੌਸਮ ਅਤੇ ਚਾਰੇ ਪਾਸੇ ਬਿਖਰੇ ਨਜ਼ਾਰੇ ਕਿਸੇ ਦੇਵ ਲੋਕ ਤਾਂ ਘੱਟ ਨਹੀਂ।

ਲੁਹਾਰਡੀ ਵਿਚ ਕੁਝ ਕੁ ਹੋਟਲ ਹਨ। ਇਥੇ ਰਹਿਣ ਦਾ ਪੂਰਾ ਪ੍ਰਬੰਧ ਹੈ। ਬਰੋਟ ਜਾਓ ਤਾਂ ਤੁਸੀਂ ਲੁਹਾਰਡੀ ਵਿਚ ਹੀ ਰਹੋ। ਏਕਾਂਤਮਈ ਦੇ ਦਰਸ਼ਨ, ਓਹਲ ਦਰਿਆ ਦੇ ਘੁੰਗਰੂਨੁਮਾ ਖਨਕਦੀਆਂ ਆਵਾਜ਼ਾਂ, ਪਹਾੜਾਂ ਦੇ ਨਜ਼ਾਰੇ, ਸਮਝੋ ਤੁਸੀਂ ਇੱਥੇ ਆ ਕੇ ਜੰਨਤ ਲੁੱਟ ਲਈ।

# ਸਾਹਿਤ ਅਤੇ ਅਧਿਆਪਨ ਦਾ ਸੁਮੇਲ ਸੰਜੇ ਕੁਮਾਰ ਲੈਕਚਰਾਰ



ਮੇਜਰ ਸਿੰਘ ਨਾਭਾ
91-94635-53962

ਸੰਜੇ ਕੁਮਾਰ ਲੈਕਚਰਾਰ ਦਾ ਜਨਮ ਪਿਤਾ ਸ੍ਰੀ ਸਤ ਪ੍ਰਕਾਸ਼ (ਰਿਟਾ: ਜੂਨੀਅਰ ਸਹਾਇਕ ਦਫਤਰ ਮੰਡਲ ਸਿੱਖਿਆ ਅਫਸਰ, ਨਾਭਾ) ਦੇ ਘਰ ਮਾਤਾ ਸ੍ਰੀਮਤੀਜਨਕ ਦੁਲਾਰੀ ਦੀ ਕੁੱਖੋਂ 10 ਜਨਵਰੀ 1965 ਨੂੰ ਨਾਭਾ (ਪਟਿਆਲਾ) ਵਿਖੇ ਹੋਇਆ ।ਉਨ੍ਹਾਂ ਨੇ ਸਕੂਲੀ ਸਿੱਖਿਆ ਛੇਵੀਂ ਤੋਂ ਲੈ ਕੇ ਗਿਆਰਵੀਂ ਤੱਕਸਰਕਾਰੀ ਸੀਨੀਅਰ ਸੈਕਡਰੀ ਸਕੂਲ (ਮੁੰਡੇ) ਨਾਭਾ (ਪਟਿਆਲਾ) ਤੋਂ 1983 'ਚ ਪ੍ਰਾਪਤ ਕੀਤੀ ।ਉਨ੍ਹਾਂ ਨੇ ਕਾਲਜ ਦੀ ਬੀ.ਏ. ਤੱਕ ਦੀ ਪੜ੍ਹਾਈ ਸਰਕਾਰੀ ਰਿਪੁਦਮਨ ਕਾਲਜ ਨਾਭਾ ਤੋਂ 1986 ਵਿੱਚ ਪੂਰੀ ਕਰ ਲਈ। ਉਚੇਰੀ ਸਿੱਖਿਆ ਪ੍ਰਾਪਤੀ ਲਈ ਉਨ੍ਹਾਂ ਨੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐਮ. ਏ. (ਪਬਲਿਕ ਐਡਮਨਿਸਟ੍ਰੇਸ਼ਨ) ਪ੍ਰਾਈਵੇਟ ਤੌਰ ਤੇ 1988 'ਚ ਕਰ ਲਈ ਅਤੇ ਅਧਿਆਪਕ ਬਣਨ ਦਾ ਸੁਪਨਾ ਲੈ ਕੇ ਉਨ੍ਹਾਂ ਨੇ ਬੀ.ਐਡ ਦੀ ਪੜ੍ਹਾਈ ਪੱਤਰ-ਵਿਹਾਰਰਾਹੀਂ 1990 'ਚ ਕੀਤੀ। ਉਨ੍ਹਾਂ ਨੇ ਤਕਰੀਬਨ ਤਿੰਨ ਮਹੀਨੇ 1991 ਵਿੱਚ ਖਾਲਸਾ ਸਕੂਲ ਨਾਭਾ ਵਿਖੇ ਬਤੌਰ ਅੰਗਰੇਜ਼ੀ ਮਾਸਟਰ ਸੇਵਾ ਨਿਭਾਈ ।ਇਸੇ ਸਾਲ ਉਨ੍ਹਾਂ ਦੀ ਬਤੌਰ ਜੇ. ਬੀ. ਟੀ. ਅਧਿਆਪਕ ਨਿਯੁਕਤੀ ਹੋਣ ਤੇ ਉਨ੍ਹਾਂ ਦਾ ਸਰਕਾਰੀ ਅਧਿਆਪਕ ਬਣਨ ਦਾ ਸੁਪਨਾ ਪੂਰਾ ਹੋ ਗਿਆ। ਸਿੱਖਿਆ ਵਿਭਾਗ ਵਿੱਚ ਬਤੌਰ ਜੇ. ਬੀ. ਟੀ. ਅਧਿਆਪਕ ਨਿਯੁਕਤੀ ਹੋਣ ਤੇ ਉਨ੍ਹਾਂ ਨੇ 24 ਦਸੰਬਰ 1991 ਨੂੰ ਬਤੌਰ ਜੇ ਬੀ ਟੀ ਅਧਿਆਪਕ ਸਰਕਾਰੀ ਐਲੀਮੈਂਟਰੀ ਸਕੂਲ ਸੌਜਾ (ਪਟਿਆਲਾ) ਤੋਂ ਆਪਣਾ ਅਧਿਆਪਨ ਕਾਰਜ ਸ਼ੁਰੂ ਕੀਤਾ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਰੋਹਟੀ ਬਸਤਾ ਸਿੰਘ ਵਿਖੇ ਵੀ ਕੁਝ ਸਮਾਂ ਸੇਵਾ ਨਿਭਾਈ। ਉਨ੍ਹਾ ਦਾ ਵਿਆਹ ਚੰਡੀਗੜ੍ਹ ਨਿਵਾਸੀ ਸਵ: ਸ੍ਰੀ ਕਮਲ ਕ੍ਰਿਸ਼ਨ ਦੀ ਬੇਟੀ ਨੀਲਮ ਨਾਲ 30 ਜਨਵਰੀ 1993 ਨੂੰ ਹੋਇਆ। ਸ੍ਰੀਮਤੀ ਨੀਲਮ ਆਪ (ਰਿਟਾ: ਜੂਨੀਅਰ ਸਹਾਇਕ) ਉਨ੍ਹਾਂ ਦੇ ਪਿਤਾ (ਰਿਟਾ: ਪੀ.ਟੀ.ਆਈ.), ਮਾਤਾ ਸਵ: ਸ੍ਰੀਮਤੀ ਸ਼ਕੁੰਤਲਾ ਦੇਵੀ (ਰਿਟਾ: ਜੇ.ਬੀ.ਟੀ. ਅਧਿਆਪਿਕਾ), ਭਰਾਸ੍ਰੀ ਲੋਕੇਸ਼ ਕੁਮਾਰ (ਰਿਟਾ: ਰਜਿਸਟਰਾਰ ਡੀ.ਪੀ.ਆਈ. ਦਫਤਰ), ਭਰਜਾਈ ਸ੍ਰੀਮਤੀ ਊਸ਼ਾ ਰਾਣੀ (ਰਿਟਾ: ਸੀਨੀ: ਸਹਾਇਕ) ਸਿੱਖਿਆ ਵਿਭਾਗ ਵਿੱਚ ਸੇਵਾ ਨਿਭਾ ਚੁੱਕੇ ਹਨ।

ਸੰਜੇ ਕੁਮਾਰ ਦੀ ਨਿਯੁਕਤੀ 1997 ਵਿੱਚ ਸਿੱਖਿਆ ਵਿਭਾਗ ਵਿੱਚ ਸਿੱਧੀ ਭਰਤੀ ਰਾਹੀਂ ਬਤੌਰ ਪੰਜਾਬੀ ਮਾਸਟਰ ਹੋ ਗਈ। ਉਨ੍ਹਾਂ ਨੇ ਮਿਤੀ 19 ਅਗਸਤ 1997 ਨੂੰ ਬਤੌਰ ਪੰਜਾਬੀ ਮਾਸਟਰ ਸਰਕਾਰੀ ਹਾਈ ਸਕੂਲ ਰਾਜਗੜ੍ਹ ਵਿਖੇ ਆਪਣੀ ਹਾਜ਼ਰੀ ਦਿੱਤੀ ਅਤੇ ਲਗਭਗ 15 ਸਾਲ ਦਾ ਸਮਾਂ ਸਰਕਾਰੀ ਹਾਈ ਸਕੂਲ ਰਾਜਗੜ੍ਹ ਵਿਖੇ ਇਮਾਨਦਾਰੀ ਨਾਲ ਬੱਚਿਆਂ ਦੀ ਸੇਵਾ ਵਿੱਚ ਬਤੀਤ ਕੀਤਾ। ਉਹ ਮਿੱਠ ਬੋਲੜੇ ਮਿਲਵਰਤਨ ਵਾਲੇ ਸੁਭਾਅ ਦੇ ਸਾਦੇ ਇਨਸਾਨ ਹਨ ਪਰ ਉਨ੍ਹਾਂ ਅੰਦਰਲਾ ਗੂੜ ਗਿਆਨ ਆਪਸੀ ਗੱਲਬਾਤ ਦੌਰਾਨ ਜਰੂਰ ਝਲਕਦਾ ਹੈ। ਸਾਰੇ ਸਟਾਫ ਨਾਲ ਇਥੇ ਉਨ੍ਹਾਂ ਦੇ ਸਬੰਧ ਪਰਿਵਾਰ ਦੀ ਤਰ੍ਹਾਂ ਰਹੇ।

ਉਨ੍ਹਾਂ ਦੀ ਸਿੱਖਿਆ ਵਿਭਾਗ ਵਲੋਂ ਬਤੌਰ ਲੈਕਚਰਾਰ ਤਰੱਕੀ ਹੋ ਗਈ । ਉਨ੍ਹਾਂ ਨੇ 12 ਮਈ 2012 ਤੋਂ ਸਰਕਾਰੀ ਸੀਨੀਅਰ ਸੈਕਡਰੀ ਸਕੂਲ ਤੰਦਾਬੱਧਾ (ਫਤਿਹਗੜ੍ਹ ਸਾਹਿਬ) ਵਿਖੇ ਬਤੌਰਪੋਲ. ਸਾਇੰਸ ਲੈਕਚਰਾਰ ਹਾਜ਼ਰੀ ਦੇ ਕੇ ਆਪਣੀ ਡਿਊਟੀ ਨਿਭਾਉਣੀ ਸ਼ੁਰੂ ਕੀਤੀ ਅਤੇ ਆਪਣੇ ਅੰਦਰੂਨੀ ਗਿਆਨ ਦੀ ਜੋਤ ਨੂੰ ਬੱਚਿਆਂ ਤੱਕ ਵੱਧ ਤੋਂ ਵੱਧ ਪਹੁੰਚਾਉਣ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਉਹ 31 ਜਨਵਰੀ 2018 ਨੂੰ ਇਸ ਸਕੂਲ ਤੋਂਹੀ ਪ੍ਰੀ-ਮੈਚਿਉਅਰ ਰਿਟਾਇਰਮੈਂਟ ਲੈ ਕੇ ਸੇਵਾ ਮੁਕਤ ਹੋਏ। ਉਨ੍ਹਾਂ ਦੀ ਧਰਮ ਪਤਨੀ ਸ੍ਰੀਮਤੀ ਨੀਲਮ ਨੇ ਦਫਤਰ ਮੰਡਲ ਸਿੱਖਿਆ ਅਫਸਰ ਨਾਭਾ ਅਤੇ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਭਾਦਸੋਂ-1 ਵਿਖੇ ਬਤੌਰ ਜੂਨੀਅਰ ਸਹਾਇਕ ਕੰਮ ਕੀਤਾ। ਉਨ੍ਹਾਂ ਵੀ ਪ੍ਰੀ-ਮੈਚੁਅਰ ਰਿਟਾਇਰਮੈਂਟ ਲੈ ਕੇ ਸੇਵਾ ਮੁਕਤੀ ਲੈ ਲਈ ਹੈ ।ਉਹ ਪੈਸੇ ਦੀ ਦੌੜ ਦੀ ਥਾਂ ਆਪਣੀ ਨਿਵੇਕਲੀ ਜ਼ਿੰਦਗੀ ਜਿਊਣ ਨੂੰ ਤਰਜੀਹ ਦਿੰਦੇ ਹਨ।





ਉਨ੍ਹਾਂ ਦੇ ਘਰ ਦੋ ਬੇਟੀਆਂ ਨੇ ਜਨਮ ਲਿਆ। ਵੱਡੀ ਬੇਟੀ ਸਲੋਨੀ ਸ਼ਰਮਾਨੇ ਬੀ.ਐਸ.ਸੀ. (ਨਾਨ-ਮੈਡੀਕਲ) ਅਤੇ ਬੀ.ਐਡ. ਕਰਨਉਪਰੰਤ ਉਚੇਰੀ ਸਿੱਖਿਆ ਕੈਨੇਡਾ ਵਿਖੇ ਪ੍ਰਾਪਤ ਕੀਤੀ। ਛੋਟੀ ਬੇਟੀ ਹਿਮਸ਼ਿਖਾ ਸ਼ਰਮਾ ਨੇ ਵੀ 10+2 ਕਰਨ ਉਪਰੰਤ ਅਗਲੀ ਪੜਾਈ ਕੈਨੇਡਾ ਵਿਖੇ ਪ੍ਰਾਪਤਕ ਤਿੀ। ਬੇਟੀ ਸਲੋਨੀ ਪਟੇਲ ਜਵਾਈ (ਬੇਟਾ) ਉਤਸਵ ਪਟੇਲ ਅਪਣੇ ਪਰਿਵਾਰ ਨਾਲ ਅਤੇ ਛੋਟੀ ਬੇਟੀ ਹਿਮਸ਼ਿਖਾ ਸ਼ਰਮਾ ਕੈਨੇਡਾ ਵਿੱਚ ਸੈੱਟ ਹਨ। ਉਨ੍ਹਾਂ ਆਪਣੀਆਂ ਬੇਟੀਆਂ ਨੂੰ ਲੜਕਿਆਂ ਵਾਂਗ ਪਾਲਿਆ ਅਤੇ ਰੱਖਿਆ ਹੈ। ਅੱਜ ਦੇ ਸਮਾਜ ਵਾਂਗ ਉਨ੍ਹਾਂ ਦੀ ਸੋਚ ਨਹੀਂ ਸਗੋਂ ਸੰਵੇਦਨਸ਼ੀਲ ਅਗਾਂਹਵਧੂ ਸੋਚ ਦੇ ਧਾਰਨੀ ਹਨ। ਸੰਜੇ ਕੁਮਾਰ ਨੂੰ ਲਿਖਣ ਦਾ ਸ਼ੌਕ ਹੈ, ਸਾਹਿਤ ਦੀ ਝੋਲੀ ਉਨ੍ਹਾਂ ਕਈ ਵੰਨਗੀਆਂ ਪਾਈਆਂ ਹਨ ਜਿਨ੍ਹਾਂ 'ਚ ਕਵਿਤਾਵਾਂ, ਮਿੰਨੀ ਕਹਾਣੀਆਂ ਅਤੇ ਲੇਖ ਆਦਿ ਲਿਖਣਾ ਉਨ੍ਹਾਂ ਦੀ ਵੰਨਗੀ ਦੇ ਰੰਗ ਹਨ। ਉਨ੍ਹਾਂ ਨੂੰ ਇਹ ਸ਼ੌਕ ਕਾਲਜ ਪੜ੍ਹਦਿਆਂ ਭਾਵੇਂ ਜਾਗਿਆ ਪ੍ਰੰਤੂ ਲਿਖਤੀ ਰੂਪ 'ਚ ਉਨ੍ਹਾਂ ਆਪਣੀਆਂ ਰਚਨਾਵਾਂ ਨੂੰ ਰਿਟਾਇਰਮੈਂਟ ਤੋਂ ਬਾਅਦ ਲਿਖਣਾ ਸ਼ੁਰੂ ਕੀਤਾ। ਇਨ੍ਹਾਂ ਨੂੰ ਲਿਖਤੀ ਰੂਪ ਦੇਣ ਵਿੱਚ ਸਭ ਤੋਂਬੜਾ ਯੋਗਦਾਨ ਪਰਮ ਮਿੱਤਰ ਸ: ਮੇਜਰ ਸਿੰਘ ਨਾਭਾ ਦਾ ਰਿਹਾ ਜਿਨ੍ਹਾ ਨੇ ਲਿਖਣ ਦੇ ਸ਼ੌਕ ਨੂੰ ਅਮਲ ਵਿੱਚ ਲਿਆਉਣ ਲਈ ਪ੍ਰੇਰਨਾ ਦੇ ਕੇ ਉਤਸ਼ਾਹਿਤ ਕੀਤਾ। ਵੱਖ ਵੱਖ ਸਮਾਜ ਸੁਧਾਰ ਦੇ ਵਿਸ਼ਿਆਂ ਉੱਪਰ ਕਵਿਤਾਵਾਂ, ਮਿੰਨੀ ਕਹਾਣੀਆਂ ਅਤੇ ਲੇਖ ਪੰਜਾਬ ਦੇ ਅਖਬਾਰਾਂ ਅਤੇ ਵਿਦੇਸ਼ੀ ਅਖਬਾਰਾਂ ਜਿਵੇਂ ਕਿ ਅਜੀਤ, ਚੜ੍ਹਦੀਕਲਾ, ਸਪੋਕਸਮੈਨ, ਪੰਜਾਬੀ ਜਾਗਰਣ, ਪੰਜਾਬੀ ਟ੍ਰਿਬਿਊਨ, ਅੱਜ ਦੀ ਆਵਾਜ਼, ਨਿਰਪੱਖ ਕਲਮ, ਸੱਚ ਦੀ ਪਟਾਰੀ, ਨਵਾਂ ਜ਼ਮਾਨਾ, ਦੇਸ਼ ਸੇਵਕ, ਟਾਈਮਜ਼ ਆਫ ਪੰਜਾਬ ਅਤੇ ਹਮਦਰਦ ਵਿੱਚ ਪ੍ਰਕਾਸ਼ਿਤ ਹੋ ਚੁੱਕੇ ਹਨ।

ਉਨ੍ਹਾਂ ਸਭ ਤੋਂਪਹਿਲੀਕਵਿਤਾ 'ਸੁਪਨਾ' ਜੋ ਕਿ ਆਪਣੇ ਵਿਦੇਸ਼ ਗਏ ਦੋਵਾਂਬੱਚਿਆਂ ਨੂੰ ਯਾਦ ਕਰਕੇ ਲਿਖੀ। ਉਸ ਨੇ ਸਮਾਜ ਵਿੱਚ ਪੈਦਾ ਹੋਈਆਂ ਸਮਾਜਿਕ ਬੁਰਾਈਆਂ ਬਾਰੇ ਆਪਣੀਆਂ ਕਵਿਤਾਵਾਂ ' ਜਿਕਰ ਕਰਕੇ ਸਮਾਜ ਨੂੰ ਜਾਗਰੂਕ ਕਰਨ ਉਪਰਾਲਾ ਕੀਤਾ ਹੈ। ਉਸ ਤੋਂ ਬਾਅਦ ਗੁੰਮ ਹੈ, ਭਰੂਣ ਹੱਤਿਆ, ਔਰਤ, ਪਤਾ ਨਹੀਂ, ਪ੍ਰੇਮ, ਦਲ ਬਦਲੂ, ਸਾਡੇ ਨੇਤਾ, ਮਾਂ, ਵਿਦੇਸ਼ੀ ਬੱਚੇ, ਤੁਹਾਨੂੰ ਦਿਲੋਂ ਸਲਾਮ, ਲਾਕਡਾਊਨ, ਕੁਦਰਤ ਦੇ ਰੰਗ, ਖਤਮ ਹੋਵੇਗਾ ਇੰਤਜਾਰ, ਨਾਰੀ ਦਾ ਸਤਿਕਾਰ, ਸਾਕਾਰਮਾਤਾ ਨੂੰ ਪੂਜੀਏ, ਵਹਿਮ ਭਰਮ, ਹਾਏ ਪੈਸਾ, ਕਿੱਧਰ ਜਾ ਰਿਹਾ ਸੰਸਾਰ , ਇੱਕਧੀ ਦੇਈਂ ਰੱਬਾ, ਨਵਾਂ ਸ਼ੈਸ਼ਨ, ਹੈ ਬੜਾ ਅਜੀਬ, ਕਦੇ ਕਦੇ ਹੁੰਦਾ ਹੈ। ਇਸ ਤੋਂਇਲਾਵਾ ਇੱਕ ਵਿਅੰਗਕਵਿਤਾ (ਕਾਸ਼ ਮੇਰੀ ਇੱਕ ਸਾਲੀ ਹੁੰਦੀ) ਵੀ ਲਿਖੀ। ਉਨ੍ਹਾਂ ਦੀ ਇੱਕ ਧੀ ਬਾਰੇ ਕਵਿਤਾ ਦੀਆਂ ਕੁਝ ਸਤਰਾਂ :

ਇੱਕ ਧੀ ਦੇਈਂ ਰੱਬਾ ਤੂੰ ਦਾਤਾ ਦਾਤਾਰ
ਦੁਨੀਆਂ ਚਾਹੇ ਕੁੱਝ ਵੀ ਮੰਗੇ ਮੰਗਾਂ ਮੈਂ ਦੇਵੀ ਸਾਕਾਰ
ਸਾਰਿਆਂ ਤੋਂ ਛੁਪਾ ਕੇ ਰੱਖੂੰ ਰੱਜ ਰੱਜ ਕਰੂੰ ਪਿਆਰ
ਇਹੀ ਤਾਂ ਹੈ ਜੋ ਜੰਮੇ ਤੇ ਪਾਲੇ ਸਾਰਾ ਸੰਸਾਰ।
ਵਾਂਗ ਮੁੰਡਿਆਂ ਉਸਨੂੰ ਪੜ੍ਹਾਈ ਕਰਾਵਾਂਗਾ
ਲੋੜ ਨਹੀਂ ਪਵੇਗੀ ਫਿਰ ਪੂਜਣ ਦੀ ਦੇਵੀ ਨਿਰਾਕਾਰ
ਬਹੁਤਾ ਲਾਡ ਦੇ ਕੇ ਕਰੂੰਗਾ ਉਸ ਤੇ ਇਤਬਾਰ।
ਪਰਾਈ ਹੈ ਇਸ ਕਹਾਵਤ ਨੂੰ ਕਰੂੰਗਾ ਦਰਕਿਨਾਰ
ਪੈਰਾਂ ਤੇ ਖੜ੍ਹੀ ਕਰਕੇ ਬਣਾਊਗਾਂ ਚੰਡੀ ਅਵਤਾਰ।

ਉਨ੍ਹਾਂ ਦੀਆਂ ਮਿੰਨੀ ਕਹਾਣੀਆਂ ਥੋੜ੍ਹੇ ਸ਼ਬਦਾਂ 'ਚ ਬਹੁਤ ਕੁਝ ਕਹਿ ਜਾਂਦੀਆਂ ਹਨ ਜਿਵੇਂ 'ਇੱਕ ਹੀ ਜਾਤ, ਮਾਂ ਦਾ ਪਿਆਰ, ਇਨਸਾਨ, ਤੋਹਫਾ, ਸਮਾਜਿਕ ਦੂਰੀ, ਗਊ ਦਾ ਮੂੰਹ, ਸੋਚ, ਔਲਾਦ, ਮਿਹਨਤ ਦਾ ਮੁੱਲ, ਪਤੀ ਪਰਮੇਸ਼ਵਰ, ਕਮਿਸ਼ਨ, ਖਾਨਦਾਨ, ਇਕਾਂਤਵਾਸ, ਸੰਸ਼ਕਾਰ, ਪੈਨਸ਼ਨ, ਦੇਵੀ ਦੀ ਯਾਤਰਾ' ਆਦਿ ਰਚਨਾਵਾਂ ਹਨ ।

ਉਸ ਦੀ ਇੱਕ ਮਿੰਨੀ ਰਚਨਾ 'ਇੱਕ ਹੀ ਜਾਤ' ਪੇਸ਼ ਹੈ :

'ਰਾਮ ਹਮੇਸ਼ਾ ਆਪਣੇ ਆਪ ਨੂੰ ਉੱਚੀ ਜਾਤ ਵਾਲਾ ਦੱਸਦਾ ਅਤੇ ਦੂਜੀਆਂ ਜਾਤਾਂ ਨੂੰ ਛੋਟੀਆਂ ਕਹਿੰਦਾ ਰਹਿੰਦਾ ਸੀ ।ਅਸੀਂ ਕਈ ਵਾਰੀ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਪਰ ਉਸ ਉੱਪਰ ਕੋਈ ਅਸਰ ਨਾ ਹੋਇਆ ।ਇੱਕ ਦਿਨ ਉਹ ਆਪਣੇ ਮੋਟਰ ਸਾਈਕਲ ਤੇ ਸ਼ਹਿਰ ਵੱਲ ਆ ਰਿਹਾ ਸੀ ਤਾਂ ਸਾਹਮਣੇ ਆਉਂਦੀ ਤੇਜ਼ ਰਫਤਾਰ ਟਰਾਲੀ ਨੇ ਉਸ ਨੂੰ ਫੇਟਮਾਰ ਦਿੱਤੀ ਉਹ ਬੁਰੀ ਤਰ੍ਹਾਂ ਜਖਮੀ ਹੋ ਕੇ ਸੜਕ ਤੇ ਗਿਰ ਗਿਆ। ਟਰਾਲੀ ਵਾਲਿਆ ਨੇ ਉਸ ਨੂੰ ਫਟਾ ਫਟ ਚੁੱਕਿਆ ਅਤੇ ਹਸਪਤਾਲ ਵਿੱਚ ਦਾਖਲ ਕਰਵਾ ਦਿੱਤਾ, ਖਬਰ ਮਿਲਦਿਆਂ ਹੀ ਅਸੀਂ ਸਾਰੇ ਦੋਸਤ ਹਸਪਤਾਲ ਪਹੁੰਚ ਗਏ। ਅਸੀਂ ਡਾਕਟਰ ਸਾਹਿਬ ਨਾਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਰਾਮ ਦੀ ਹਾਲਤ ਖਤਰੇ ਤੋਂ ਬਾਹਰ ਹੈ ਪਰ ਜ਼ਿਆਦਾ ਖੂਨ ਬਹਿ ਜਾਣ ਕਾਰਨ ਕੁਝ ਦਿਨ ਹਸਪਤਾਲ ਰਹਿਣਾ ਪਵੇਗਾ। ਮੈਂ ਰਾਮ ਨੂੰ ਦੇਖਣ ਲਈ ਕਮਰੇ ਵਿੱਚ ਗਿਆ ਅਤੇ ਦੇਖਿਆ ਕਿ ਉਸ ਨੂੰ ਖੂਨ ਚੜ੍ਹਾਇਆ ਜਾ ਰਿਹਾ ਹੈ। ਖੂਨ ਦੇਣ ਵਾਲਾ ਉਸਦਾ ਹੀ ਨੌਕਰ ਸੀ ਜਿਸ ਨੂੰ ਹਮੇਸ਼ਾਂ ਉਹ ਛੋਟੀ ਜਾਤ ਵਾਲਾ ਕਹਿੰਦਾ ਸੀ। ਰਾਮ ਮੇਰੇ ਵੱਲ ਦੇਖ ਰਿਹਾ ਸੀ ਜਿਵੇਂ ਉਹ ਮੈਨੂੰ ਕਹਿ ਰਿਹਾ ਹੋਵੇ ਕਿ ਤੁਸੀਂ ਠੀਕ ਕਹਿੰਦੇ ਸੀ ਦੋਸਤੋ ਕਿ ਇਨਸਾਨ ਦੀ ਇੱਕ ਹੀ ਜਾਤ ਹੁੰਦੀ ਹੈ'।

ਉਨ੍ਹਾਂ ਨੇ ਵਾਰਤਿਕ ਵੰਨਗੀ ਨੂੰ ਵੀ ਬੜੇ ਸੁੱਚਜੇ ਢੰਗ ਨਾਲ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ।ਹਰੇਕ ਲੇਖ ਕੋਈ ਨਾ ਕੋਈ ਚੰਗਾ ਸੰਦੇਸ਼ ਦਿੰਦਾ ਹੈ । ਜਿਨ੍ਹਾਂ ਵਿੱਚ, 'ਲੋਕਤੰਤਰ ਦੇ ਗੁਣ ਅਤੇ ਔਗੁਣ, ਆਉ ਆਪਣੇ ਕੀਮਤੀ ਵੋਟ ਦੀ ਧਿਆਨ ਨਾਲ ਵਰਤੋਂ ਕਰੀਏ, ਵਿਗਿਆਨਕ ਸੋਚ ਅਪਣਾ ਕੇ ਵਹਿਮਾਂ ਭਰਮਾਂਤੋਂ ਦੂਰ ਰਹੀਏ, ਪਹਿਲਾਂ ਤੋਲੀਏ ਫਿਰ ਬੋਲੀਏ, ਸੇਵਾਕਾਲ ਦੇ ਵਾਧੇ ਬਾਰੇ ਵਿਚਾਰ ਕਰਦਿਆਂ, ਜਿੰਦਗੀ ਵਿੱਚ ਕੁੱਝ ਨਿਯਮ ਅਪਣਾ ਕੇ ਖੁਸ਼ ਰਹੀਏ, ਬੋਰ-ਵੈੱਲ ਵਰਗੀਆਂ ਘਟਨਾਵਾਂ ਨੂੰ ਸੁਚੇਤ ਹੋ ਕੇ ਰੋਕਿਆ ਜਾ ਸਕਦਾ ਹੈ , ਫਿਲਮੀ ਸਿਤਾਰਿਆਂ ਦਾ ਸਿਆਸਤ ਵਿੱਚ ਆਉਣਾ ਕਿੰਨਾ ਕੁ ਸਹੀ , ਨੌਜਵਾਨਾਂ ਵਿੱਚ ਵੱਧ ਰਹੀ ਅਸਹਿਣਸ਼ੀਲਤਾ, ਅੱਜ ਦੀ ਪੀੜ੍ਹੀ ਆਜ਼ਾਦ ਬਣੇ ਆਵਾਰਾ ਨਹੀਂ, ਆਉ ਜਾਣੀਏ ਚੋਣ ਰੈਲੀਆਂ ਅਤੇ ਵਾਅਦਿਆਂ ਦਾ ਅਸਲੀ ਸੱਚ, ਨੌਜਵਾਨਾਂ ਵਿੱਚ ਵੱਧ ਰਹੀ ਅਸਹਿਣਸ਼ੀਲਤਾ' ਆਦਿ ਪ੍ਰਮੁੱਖ ਹਨ।

ਕੈਨੇਡਾ ਦੇ ਰੇਡਿਓ (ਰੇਡਿਓ ਆਪਣਾ) ਤੋਂ ਸ੍ਰੀਮਤੀ ਮਨਦੀਪ ਕੌਰ ਮੰਨੂ (ਟੀਵੀ ਅਤੇ ਰੇਡਿਓ ਪ੍ਰੋਗਰਾਮਰ) ਵੱਲੋਂ ਕੈਨੇਡਾ ਦੇ ਸ਼ਹਿਰ ਵਿਨੀਪੈਗ ਤੋਂ ਮਿਤੀ 12 ਦਸੰਬਰ 2019 ਵਿੱਚ ਲਾਈਵ ਇੰਟਰਵਿਊ ਲਈ ਗਈ ਅਤੇ ਲੇਖ ਨਾਲ ਸਬੰਧਤ ਵਿਸ਼ੇ ਤੇ ਚਰਚਾ ਅਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਉਹ ਨਾਭਾ ਵਿਖੇ ਆਪਣੀ ਧਰਮ ਪਤਨੀ ਸ੍ਰੀਮਤੀ ਨੀਲਮ ਨਾਲ ਆਨੰਦਮਈ ਜੀਵਨ ਬਤੀਤ ਕਰ ਰਹੇ ਹਨ। ਪ੍ਰਮਾਤਮਾ ਉਨ੍ਹਾਂ ਨੂੰ ਤੰਦਰੁਸਤੀ ਬਖਸ਼ੇ ਤਾਂ ਜੋ ਹੋਰ ਵਧੇਰੇ ਆਪਣੀ ਕਲਮ ਨਾਲ ਸਮਾਜ ਨੂੰ ਨਰੋਆ ਸਾਹਿਤ ਰਚ ਕੇ ਆਪਣਾ ਯੋਗਦਾਨ ਪਾ ਸਕਣ।

# ਇਜ਼ਰਾਈਲ ਅਤੇ ਫਲਸਤੀਨੀਆਂ ਜੰਗ ਵਿੱਚ ਹੁਣ ਤੱਕ 1800 ਤੋਂ ਵੱਧ ਲੋਕ ਮਾਰੇ ਗਏ

**(ਸਫਾ 1 ਦੀ ਬਾਕੀ)**

ਵਿੱਚ ਇਜ਼ਰਾਈਲ ਨੇ 900 ਸੈਨਿਕਾਂ ਅਤੇ ਨਾਗਰਿਕਾਂ ਦੀ ਮੌਤ ਅਤੇ ਫਲਸਤੀਨੀ ਅਧਿਕਾਰੀਆਂ ਨੇ ਗਾਜ਼ਾ ਅਤੇ ਪੱਛਮੀ ਕੰਢੇ ਵਿੱਚ ਲਗਭਗ 700 ਲੋਕਾਂ ਦੀ ਮੌਤ ਦੀ ਸੂਚਨਾ ਦਿੱਤੀ ਹੈ। ਇਜ਼ਰਾਇਲੀ ਫੌਜ ਨੇ ਕਿਹਾ ਕਿ ਹਮਾਸ ਖਿਲਾਫ ਮੁਹਿੰਮ 'ਚ ਗਾਜ਼ਾ ਦੀ ਸੰਸਦ ਅਤੇ ਗ਼ੈਰਫ਼ੌਜੀ ਮੰਤਰਾਲੇ ਉਸ ਦੇ ਨਿਸ਼ਾਨੇ 'ਤੇ ਹਨ।

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨਿ ਨੇਤਨਯਾਹੂ ਨੇ ਇਸਲਾਮਿਕ ਦਹਿਸ਼ਤੀ ਸਮੂਹ ਹਮਾਸ ਨੂੰ ਚੇਤਾਵਨੀ ਦਿੱਤੀ ਹੈ ਕਿ 'ਜੰਗ ਭਾਵੇਂ ਉਨ੍ਹਾਂ ਦੇ ਮੁਲਕ ਨੇ ਸ਼ੁਰੂ ਨਹੀਂ ਕੀਤੀ, ਪਰ ਉਹ ਇਸ ਨੂੰ ਖ਼ਤਮ ਜ਼ਰੂਰ ਕਰਨਗੇ'। ਨੇਤਨਯਾਹੂ ਨੇ ਸਮੂਹ ਤੋਂ ਬਦਲਾ ਲੈਣ ਦਾ ਅਹਿਦ ਲੈਂਦਿਆਂ ਕਿਹਾ ਕਿ ਇਸ ਦੀ 'ਗੂੰਜ ਆਉਣ ਵਾਲੀਆਂ ਪੀੜ੍ਹੀਆਂ ਤੱਕ ਸੁਣਾਈ ਦੇਵੇਗੀ।' ਉਧਰ ਹਮਾਸ ਨੇ ਵੀ ਚੇਤਾਵਨੀ ਦਿੱਤੀ ਕਿ ਇਜ਼ਰਾਈਲ ਜਿੰਨੀ ਵਾਰ ਫਲਸਤੀਨੀ ਘਰਾਂ ਨੂੰ ਨਿਸ਼ਾਨਾ ਬਣਾਏਗਾ, ਉਹ ਓਨੀ ਵਾਰ ਇਜ਼ਰਾਇਲੀ ਬੰਦੀਆਂ ਨੂੰ ਇਕ ਇਕ ਕਰ ਕੇ ਮੌਤ ਦੇ ਘਾਟ ਉਤਾਰਨਗੇ। ਇਸ ਦੌਰਾਨ ਇਜ਼ਰਾਈਲ ਨੇ ਜਵਾਬੀ ਕਾਰਵਾਈ ਲਈ ਤਿੰਨ ਲੱਖ ਫੌਜੀਆਂ ਨੂੰ ਲਾਮਬੰਦ ਕੀਤਾ ਹੈ। ਸਾਲ 1973 ਵਿੱਚ ਯੋਮ ਕਿੱਪੁਰ ਜੰਗ ਮਗਰੋਂ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਲਾਮਬੰਦੀ ਹੈ। ਇਜ਼ਰਾਈਲ ਨੇ ਉਦੋਂ 4 ਲੱਖ ਰਾਖਵੇਂ ਫੌਜੀ ਲਾਮਬੰਦ ਕੀਤੇ ਸਨ। ਇਜ਼ਰਾਈਲ ਦੇ ਸੂਤਰਾਂ ਮੁਤਾਬਕ ਅਚਨਚੇਤ ਹਮਲੇ ਤੋਂ ਬਾਅਦ ਜਾਰੀ ਜੰਗ ਦੇ ਚੌਥੇ ਦਿਨ ਸਰਹੱਦ 'ਤੇ ਪੂਰਾ ਕੰਟਰੋਲ ਹਾਸਲ ਕਰ ਲਿਆ ਗਿਆ ਹੈ। ਤਰਜਮਾਨ ਰਿਚਰਡ ਹੈਸ਼ਟ ਨੇ ਕਿਹਾ ਕਿ ਪਿਛਲੀ ਰਾਤ ਤੋਂ ਹੁਣ ਤੱਕ ਇਜ਼ਰਾਈਲ ਵਿੱਚ ਇਕ ਵੀ ਹਮਾਸ ਲੜਾਕਾ ਦਾਖਲ ਨਹੀਂ ਹੋਇਆ। ਇਜ਼ਰਾਈਲ ਨੇ ਕਿਹਾ ਕਿ ਹਮਾਸ ਤੇ ਗਾਜ਼ਾ ਵਿਚਲੇ ਹੋਰਨਾਂ ਦਹਿਸ਼ਤੀ ਸਮੂਹਾਂ ਨੇ 150 ਫੌਜੀਆਂ ਤੇ ਆਮ ਨਾਗਰਿਕਾਂ ਨੂੰ ਬੰਦੀ ਬਣਾਇਆ ਹੋਇਆ ਹੈ। ਇਜ਼ਰਾਈਲ ਨੇ 3 ਲੱਖ ਰਾਖਵੇਂ ਫੌਜੀਆਂ ਦੀ ਲਾਮਬੰਦੀ ਦੇ ਨਾਲ ਹੀ ਗਾਜ਼ਾ ਨੇੜਲੇ ਦਰਜਨਾਂ ਸ਼ਹਿਰਾਂ ਵਿਚੋਂ ਆਪਣੇ ਹਜ਼ਾਰਾਂ ਨਾਗਰਿਕਾਂ ਨੂੰ ਕੱਢ ਲਿਆ ਹੈ। ਗਾਜ਼ਾ ਨਾਲ ਲੱਗਦੀ ਸਰਹੱਦ 'ਤੇ ਟੈਂਕ ਤੇ ਡਰੋਨਾਂ ਦੀ ਤਾਇਨਾਤੀ ਕੀਤੀ ਗਈ ਹੈ।

ਉਧਰ ਗਾਜ਼ਾ ਵਿਚ ਵੀ ਹਜ਼ਾਰਾਂ ਲੋਕ ਇਮਾਰਤਾਂ 'ਤੇ ਹਵਾਈ ਹਮਲਿਆਂ ਦੇ ਮੱਦੇਨਜ਼ਰ ਆਪਣੇ ਘਰ ਬਾਹਰ ਛੱਡ ਕੇ ਭੱਜ ਗਏ ਹਨ। ਇਜ਼ਰਾਇਲੀ ਟੀਵੀ ਚੈਨਲਾਂ ਨੇ ਕਿਹਾ ਕਿ ਹਮਾਸ ਵੱਲੋਂ ਕੀਤੇ ਹਮਲੇ ਵਿੱਚ ਮੌਤਾਂ ਦੀ ਗਿਣਤੀ ਦਾ ਅੰਕੜਾ ਵੱਧ ਕੇ 1000 ਹੋ ਗਿਆ ਹੈ ਤੇ ਘੱਟੋ-ਘੱਟ 2616 ਵਿਅਕਤੀ ਜ਼ਖ਼ਮੀ ਹਨ। ਗਾਜ਼ਾ ਦੇ ਸਿਹਤ ਮੰਤਰਾਲੇ ਤੇ ਹੋਰ ਅਥਾਰਿਟੀਜ਼ ਨੇ ਗਾਜ਼ਾ ਤੇ ਵੈਸਟ ਬੈਂਕ ਵਿੱਚ 830 ਫਲਸਤੀਨੀਆਂ ਦੇ ਮਾਰੇ ਜਾਣ ਤੇ 4250 ਦੇ ਜ਼ਖ਼ਮੀ ਹੋਣ ਦਾ ਦਾਅਵਾ ਕੀਤਾ ਹੈ। ਹਮਲਿਆਂ ਵਿੱਚ ਸੜਕਾਂ ਤੇ ਘਰ ਵੀ ਤਬਾਹ ਹੋ ਗਏ। ਇਜ਼ਰਾਈਲ ਨੇ ਨਿੱਜੀ ਫਲਸਤੀਨੀ ਟੈਲੀਕਮਿਊਨੀਕੇਸ਼ਨ ਕੰਪਨੀ ਨੂੰ ਨਿਸ਼ਾਨਾ ਬਣਾਇਆ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਦੇਸ਼ ਦੇ ਨਾਂ ਆਪਣੇ ਸੰਬੋਧਨ ਵਿੱਚ ਕਿਹਾ, "ਇਜ਼ਰਾਈਲ ਜੰਗ ਵਿੱਚ ਹੈ। ਅਸੀਂ ਇਹ ਜੰਗ ਨਹੀਂ ਚਾਹੁੰਦੇ। ਸਾਡੇ ਉੱਤੇ ਇਹ ਸਭ ਤੋਂ ਵਹਿਸ਼ੀ ਢੰਗ ਨਾਲ ਥੋਪੀ ਗਈ ਹੈ। ਇਜ਼ਰਾਈਲ ਨੇ ਭਾਵੇਂ ਇਹ ਜੰਗ ਸ਼ੁਰੂ ਨਹੀਂ ਕੀਤੀ, ਪਰ ਇਜ਼ਰਾਈਲ ਇਸ ਨੂੰ ਖ਼ਤਮ ਜ਼ਰੂਰ ਕਰੇਗਾ।" ਹਮਾਸ ਵੱਲੋਂ ਸ਼ਨਿੱਚਰਵਾਰ ਸਵੇਰ ਨੂੰ ਚਾਣਚੱਕ ਕੀਤੇ ਹਮਲੇ ਵਿੱਚ ਹੁਣ ਤੱਕ 900 ਤੋਂ ਵੱਧ ਇਜ਼ਰਾਇਲੀ ਮਾਰੇ ਗਏ ਹਨ ਤੇ 2600 ਦੇ ਕਰੀਬ ਜ਼ਖ਼ਮੀ ਹਨ ਜਦੋਂਕਿ ਜਵਾਬੀ ਕਾਰਵਾਈ ਵਿੱਚ ਗਾਜ਼ਾ ਵਿੱਚ ਕਰੀਬ 700 ਲੋਕਾਂ ਦੀ ਜਾਨ ਜਾਂਦੀ ਰਹੀ ਹੈ। ਨੇਤਨਯਾਹੂ ਨੇ ਹਮਾਸ 'ਤੇ ਵਰ੍ਹਦਿਆਂ ਕਿਹਾ ਕਿ ਉਨ੍ਹਾਂ ਨੂੰ ਅਜਿਹੀ ਕੀਮਤ ਤਾਰਨੀ ਹੋਵੇਗੀ, ਜੋ ਉਹ ਲੰਮੇ ਸਮੇਂ ਤੱਕ ਯਾਦ ਰੱਖਣਗੇ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਕਿਹਾ, "ਹਮਾਸ ਨੂੰ ਸਮਝ ਆ ਜਾਵੇਗੀ ਕਿ ਸਾਡੇ ਉੱਤੇ ਹਮਲਾ ਕਰਕੇ ਉਸ ਨੇ ਇਤਿਹਾਸਕ ਗ਼ਲਤੀ ਕੀਤੀ ਹੈ। ਅਸੀਂ ਅਜਿਹੀ ਕੀਮਤ ਵਸੂਲਾਂਗੇ, ਜਿਸ ਨੂੰ ਉਹ ਤੇ ਇਜ਼ਰਾਈਲ ਦੇ ਹੋਰ ਦੁਸ਼ਮਣ ਆਉਣ ਵਾਲੀਆਂ ਸਦੀਆਂ ਤੱਕ ਯਾਦ ਰੱਖਣਗੇ।" ਨੇਤਨਯਾਹੂ ਨੇ 'ਤਹਿਜ਼ੀਬੀ ਤਾਕਤਾਂ' ਨੂੰ ਸੱਦਾ ਦਿੱਤਾ ਕਿ ਉਹ ਹਮਾਸ ਨੂੰ ਹਰਾਉਣ ਲਈ ਇਕਜੁੱਟ ਹੋਣ। ਇਜ਼ਰਾਇਲੀ ਪ੍ਰਧਾਨ ਮੰਤਰੀ ਨੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਤੇ ਹੋਰਨਾਂ ਆਲਮੀ ਆਗੂਆਂ ਵੱਲੋਂ ਮਿਲੀ ਹਮਾਇਤ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਨੇਤਨਯਾਹੂ ਨੇ ਕਿਹਾ, "ਹਮਾਸ ਖਿਲਾਫ਼ ਲੜਾਈ ਵਿਚ, ਇਜ਼ਰਾਈਲ ਸਿਰਫ਼ ਆਪਣੇ ਲੋਕਾਂ ਲਈ ਨਹੀਂ ਲੜ ਰਿਹਾ, ਬਲਕਿ ਉਹ ਹਰ ਉਸ ਦੇਸ਼ ਲਈ ਲੜ ਰਿਹੈ, ਜੋ ਬਰਬਰਤਾ ਖਿਲਾਫ਼ ਖੜ੍ਹਦਾ ਹੈ। ਇਜ਼ਰਾਈਲ ਇਹ ਜੰਗ ਜਿੱਤੇਗਾ ਤੇ ਜਦੋਂ ਇਜ਼ਰਾਈਲ ਜਿੱਤਿਆ ਪੂਰਾ ਸੱਭਿਅਕ ਵਿਸ਼ਵ ਜਿੱਤੇਗਾ।" ਹਮਾਸ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਇਜ਼ਰਾਈਲ ਨੇ ਗਾਜ਼ਾ ਵਿਚ ਲੋਕਾਂ ਨੂੰ ਨਿਸ਼ਾਨਾ ਬਣਾਇਆ ਤਾਂ ਉਹ ਬਿਨਾ ਕੋਈ ਚਿਤਾਵਨੀ ਦਿੱਤਿਆਂ ਅਗਵਾ ਕੀਤੇ ਇਜ਼ਰਾਇਲੀ ਬੰਦੀਆਂ ਨੂੰ ਮਾਰ ਦੇਵੇਗਾ। ਇਸੇ ਦੌਰਾਨ ਬਰਤਾਨਵੀ ਪ੍ਰਧਾਨ ਮੰਤਰੀ ਰਿਸ਼ੀ ਸੂਨਕ ਨੇ ਇਥੇ ਉੱਤਰੀ ਲੰਡਨ ਵਿਚਲੇ ਯਹੂਦੀ ਮੰਦਿਰ ਵਿੱਚ ਰੱਖੀ ਪ੍ਰਾਰਥਨਾ ਸਭਾ ਵਿਚ ਸ਼ਾਮਲ ਹੋਣ ਮੌਕੇ ਯਹੂਦੀ ਭਾਈਚਾਰੇ ਨੂੰ ਮੁੜ ਭਰੋਸਾ ਦਿੱਤਾ ਕਿ ਉਹ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣਗੇ।

ਫਲਸਤੀਨ ਦੇ ਰਾਜਦੂਤ ਅਦਨਾਨ ਅਬੂ ਅਲਹਾਇਜਾ ਨੇ ਕਿਹਾ ਕਿ ਭਾਰਤ ਦੀ ਫਲਸਤੀਨ ਨਾਲ ਇਕਮੁੱਠਤਾ ਮਹਾਤਮਾ ਗਾਂਧੀ ਦੇ ਸਮੇਂ ਤੋਂ ਹੈ ਅਤੇ ਇਸ ਦੇ ਆਲਮੀ ਪੱਧਰ 'ਤੇ ਵਧਦੇ ਕੱਦ-ਬੁੱਤ ਤੇ ਪੱਛਮੀ ਏਸ਼ੀਆ ਵਿੱਚ ਹੋਰਨਾਂ ਮੁਲਕਾਂ 'ਤੇ ਵਧਦੇ ਪ੍ਰਭਾਵ ਤੋਂ ਸਾਫ਼ ਹੈ ਕਿ ਭਾਰਤ ਇਜ਼ਰਾਇਲ-ਹਮਾਸ ਝਗੜੇ ਨੂੰ ਸੁਲਝਾਉਣ ਵਿੱਚ ਅਹਿਮ ਭੂਮਿਕਾ ਨਿਭਾ ਸਕਦਾ ਹੈ।

ਅਲਹਾਇਜ਼ਾ ਨੇ ਇਸ ਖ਼ਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਦੌਰਾਨ ਕਿਹਾ ਕਿ ਭਾਰਤ, ਇਜ਼ਰਾਇਲ ਤੇ ਫਲਸਤੀਨ ਦੋਵਾਂ ਦਾ 'ਦੋਸਤ' ਹੈ ਤੇ ਇਹ ਦੋਵਾਂ ਮੁਲਕਾਂ ਵਿਚਲੀ ਤਲਖ਼ੀ ਨੂੰ ਘਟਾਉਣ ਦੇ 'ਯੋਗ' ਹੈ ਤੇ ਫਲਸਤੀਨ ਮਸਲੇ ਦੇ ਹੱਲ ਲਈ ਯੋਗਦਾਨ ਪਾ ਸਕਦਾ ਹੈ।

### ਆਸਟਰੇਲੀਆ 'ਚ ਫਲਸਤੀਨੀ ਤੇ ਇਜ਼ਰਾਇਲੀ ਇੱਕ ਦੂਜੇ ਖ਼ਿਲਾਫ਼

ਸਿਡਨੀ- ਆਸਟਰੇਲੀਆ ਵਿੱਚ ਫਲਸਤੀਨੀ ਤੇ ਇਜ਼ਰਾਇਲੀ ਭਾਈਚਾਰੇ ਦੇ ਲੋਕ ਇੱਕ ਦੂਜੇ ਖਿਲਾਫ਼ ਨਿੱਤਰ ਆਏ ਹਨ। ਪ੍ਰਧਾਨ ਮੰਤਰੀ ਐਂਥਨੀ ਐਲਬਨੀਜ਼ ਨੇ ਇਜ਼ਰਾਈਲੀ ਨਾਗਰਿਕਾਂ 'ਤੇ ਹਮਲੇ ਨੂੰ 'ਅਸੁਰੱਖਿਅਤ' ਕਿਹਾ ਹੈ ਪਰ ਨਾਲ ਹੀ ਦੋਵਾਂ ਧਿਰਾਂ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਉਨ੍ਹਾਂ ਕਿਹਾ ਕਿ ਫਲਸਤੀਨੀਆਂ ਨੇ 'ਲੰਬੇ ਸਮੇਂ ਤੋਂ' ਦੁੱਖ ਝੱਲੇ ਹਨ। ਫਲਸਤੀਨ ਪੱਖੀ ਪ੍ਰਦਰਸ਼ਨਕਾਰੀਆਂ ਨੇ ਸਿਡਨੀ ਓਪੇਰਾ ਹਾਊਸ ਦੇ ਬਾਹਰ ਝੰਡੇ ਲਹਿਰਾਏ। ਫਲਸਤੀਨੀਆਂ ਦਾ ਇਹ ਪ੍ਰਦਰਸ਼ਨ ਕੈਨਬਰਾ ਵਿੱਚ ਮੈਲਬਰਨ ਕ੍ਰਿਕਟ ਗਰਾਊਂਡ ਅਤੇ ਪਾਰਲੀਮੈਂਟ ਹਾਊਸ ਸਮੇਤ ਹੋਰ ਥਾਵਾਂ ਨੂੰ ਇਜ਼ਰਾਇਲੀ ਝੰਡੇ ਦੇ ਨੀਲੇ ਅਤੇ ਚਿੱਟੇ ਰੰਗਾਂ ਨਾਲ ਰੁਸ਼ਨਾਉਣ ਖ਼ਿਲਾਫ਼ ਸੀ। ਵਿਰੋਧੀ ਧਿਰ ਨੇ ਸਰਕਾਰ ਨੂੰ ਫਲਸਤੀਨੀ ਪ੍ਰਦੇਸ਼ਾਂ ਲਈ ਹਰ ਤਰ੍ਹਾਂ ਦਾ ਸਮਰਥਨ ਬੰਦ ਕਰਨ ਦੀ ਮੰਗ ਕੀਤੀ ਹੈ।

### ਔਖੀ ਘੜੀ 'ਚ ਇਜ਼ਰਾਈਲ ਨਾਲ ਖੜ੍ਹੇ ਹਾਂ: ਮੋਦੀ

ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨਿ ਨੇਤਨਯਾਹੂ ਨੇ ਹਮਾਸ ਖਿਲਾਫ਼ ਜਵਾਬੀ ਕਾਰਵਾਈ ਵਜੋਂ ਜਾਰੀ ਹਮਲਿਆਂ ਨੂੰ ਲੈ ਕੇ ਅੱਜ ਆਪਣੇ ਭਾਰਤੀ ਹਮਰੁਤਬਾ ਨਰਿੰਦਰ ਮੋਦੀ ਨੂੰ ਟੈਲੀਫੋਨ ਕਰਕੇ ਮੌਜੂਦਾ ਹਾਲਾਤ ਬਾਰੇ ਸੰਖੇਪ ਜਾਣਕਾਰੀ ਦਿੱਤੀ। ਸ੍ਰੀ ਮੋਦੀ ਨੇ ਲੰਘੇ ਦਿਨ ਕਿਹਾ ਸੀ ਕਿ ਭਾਰਤ ਅਤਵਿਾਦ ਦੇ ਸਾਰੇ ਰੂਪਾਂ ਤੇ ਪ੍ਰਗਟਾਵੇ ਦੀ ਜ਼ੋਰਦਾਰ ਅਤੇ ਸਪੱਸ਼ਟ ਤੌਰ 'ਤੇ ਨਿਖੇਧੀ ਕਰਦਾ ਹੈ।

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ











### ਸੋਹਣਾ ਵੱਸ ਗਿਆ 'ਪਿੰਡ ਅਮਰੀਕਾ'

ਮਿਹਨਤਾਂ ਨੂੰ ਫਲ ਸਰਕਾਰੀ ਦੀ ਜੈ-ਜੈ ਕਾਰ ਡਾਕਟਰ ਹਰਚੰਦ ਸਿੰਘ ਤੇ ਸਿਮਰਨ ਸਿੰਘ ਨੇ ਅਮਰੀਕਾ ਰਹਿ ਕਿ ਵੀ ਮਿੱਟੀ ਮੋਹ ਨਹੀਂ ਛੱਡਿਆ ਤੇ ਇਥੇ 'ਪਿੰਡ ਅਮਰੀਕਾ' ਬਣਾ ਵਸਾ ਕਿ ਫ਼ਿਲਮ ਦੁਨੀਆਂ ਭਰ 'ਚ ਓਮ ਜੀ ਫ਼ਿਲਮਜ਼ ਤੋਂ ਲਿਆ ਦਿੱਤੀ। ਵਧਾਈ ਜੋਤੀ ਮਾਨ, ਸਿਮਰਨ ਪ੍ਰੋਡਕਸ਼ਨ ਤੇ ਭਿੰਦਾ ਔਜਲਾ, ਪ੍ਰੀਤੋ ਸਾਹਨੀ, ਅਸ਼ੋਕ ਟਾਂਗਰੀ, ਅਮਰ ਨੂਰੀ, ਸੁਹੇਲ ਸਿੱਧੂ, ਪਰੈਟੀ ਰਾਏ ਨੂੰ ਕਿ ਭਾਰਤ ਤੇ ਦੁਨੀਆਂ ਭਰ ਵਿੱਚ ਫ਼ਿਲਮ ਵਧੀਆ ਜਾਣ ਦੀਆਂ ਖ਼ਬਰਾਂ ਹਨ।

### ਹਰਪਾਲ-ਕੰਵਲ ਦੀਆਂ 'ਇਸ਼ਕ ਮੁਹੱਬਤਾਂ'

ਹਰਪਾਲ ਠੱਠੇਵਾਲਾ ਦੀ ਪੱਗ ਦੀ ਵੀ ਸਰਦਾਰੀ ਏ ਤੇ ਗਾਇਕੀ ਦੀ ਵੀ ਸਾਥਣ ਗਾਇਕੀ ਕੰਵਲਜੀਤ ਕੰਵਲ ਅਵਾਜ਼ ਸੁਰੀਕਲੀ ਤੇ ਅੰਦਾਜ਼ ਨਿਆਰੇ ਹਨ। 'ਇਸ਼ਕ ਮੁਹੱਬਤ' ਫ਼ਿਲਮ 'ਚ ਬਿੱਟੂ ਅਰੋੜਾ, ਸੰਧੂ ਫ਼ਿਲਮਜ਼ ਇਸ ਜੋੜੀ ਨੂੰ 'ਅਖਾੜਾ' ਰੂਪ 'ਚ ਲਿਆ ਰਹੇ ਹਨ। 'ਕਲੱਕਤਿਉਂ ਪੱਖੀ' ਵਾਲਾ ਦੋਗਾਣਾ ਦੋਹਵਾਂ ਤੇ ਸੰਧੂ ਫ਼ਿਓਮਪ;ਲਮਜ਼ ਤੇ ਸ਼ਸੀ ਰਾਜ ਨੇ ਫਿਲਮਾਇਆ ਹੈ। ਗੁਰਦੀਪ ਸੰਧੂ, ਸ਼ੈਲਾ, ਅਮਰੀਕ ਰੰਧਾਵਾ, ਅਨੂ ਪ੍ਰਿਆ, ਘੁੱਲੇ ਸ਼ਾਹ ਫ਼ਿਓਮਪ;ਲਮ ਦੇ ਮੁੱਖ ਸਿਤਾਰੇ ਹਨ।

### ਦਾਸਤਾਨ-ਏ-ਸਰਹਿੰਦ

ਆਖਿਰ ਯੋਗਰਾਜ ਸਿੰਘ ਦੇ ਉਪਰਾਲੇ ਸਦਕਾ 'ਦਾਸਤਾਨ-ਏ-ਸਰਹਿੰਦ' ਫ਼ਿਲਮ ਜਲਦੀ ਆਉਣ ਦੀ ਖ਼ਬਰ ਹੈ। ਪੁਸ਼ਪਿੰਦਰ ਸਿੰਘ ਸਾਹੋਂ ਦੀ ਇਹ ਫਿਲਮ ਨਵੀਂ ਸਿੱਧੂ, ਮਨਪ੍ਰੀਤ ਬਰਾੜ ਨੇ ਡਾਇਰੈਕਟ ਕੀਤੀ ਹੈ। ਯੋਗਰਾਜ ਸਿੰਘ, ਗੁਰਪ੍ਰੀਤ ਘੁੱਗੀ, ਗੁਰਮੀਤ ਸਾਜਨ ਫ਼ਿਲਮ 'ਚ ਹਨ। ਇਹ ਇਤਿਹਾਸਕ ਐਨੀਮੇਸ਼ਨ ਵਾਲੀ ਫ਼ਿਲਮ ਸਿੱਖ ਇਤਿਹਾਸ ਦਿਖਾਏਗੀ।





### ਪੰਮਾ ਮੱਲੀ ਦਾ 'ਸਾਰਾ ਪਿੰਡ'

ਅੱਜ ਕੱਲ ਛਾਇਆ ਪਿਆ ਹੈ ਗਾਇਕਾ ਪੰਮਾ ਮੱਲ੍ਹੀ ਜਿਸਦਾ ਦੋਗਾਣਾ 'ਸਲੂਟ' ਹਿੱਟ ਤੇ ਹੁਣ ਯਮਦੂਤ ਰਿਕਾਰਡ ਨੇ ਨਵਾਂ ਗਾਣਾ 'ਸਾਰਾ ਪਿੰਡ' ਤਿਆਰ ਕਰ ਲਿਆ ਹੈ। ਜੈ. ਸਿੱਧੂ ਦੇ ਸੰਗੀਤ 'ਚ ਜੱਸੀ ਰਾਜ ਪੁਰੀਆ ਦਾ ਗੀਤ ਜੀ. ਨੂਰ ਨੇ ਪੰਮਾ ਮੱਲ੍ਹੀ ਨਾਲ ਗਾਇਆ ਹੈ ਜੋ ਹਰਜੋਤ ਦੇ ਵੀਡਿਓ ਨੇ ਧੰਨ-ਧੰਨ ਕਰਵਾ ਦੇਣੀ ਹੈ। ਇੰਤਜ਼ਾਰ ਕਰੋ!

### ਵਨੀਤ ਅਟਵਾਲ ਸਰਗਰਮ

'ਚੰਨ ਤਾਰਾ' ਫ਼ਿਲਮ ਦਾ ਨਿਰਦੇਸ਼ਕ ਤੇ ਸਦਾਬਹਾਰ ਫ਼ਿਲਮ ਅਦ-'ਕਾਰ ਵਨੀਤ ਅਟਵਾਲਾ ਫ਼ਿਰ ਸਰਗਰਮ ਹੈ। ਹੁਣ ਉਸਨੇ-ਸ਼ੋਰਟ ਫ਼ਿਲਮ 'ਉਡੀਕ' 'ਚ ਹਰਦੀਪ ਕੌਰ ਤੇ ਨੀਲਮ ਚੌਹਾਨ ਨਾਲ ਕੰਮ ਕੀਤਾ ਹੈ। ਅਸ਼ੋਕ ਪੁਰੀ ਨਾਲ ਵੀ ਵਨੀਤ ਕੰਮ ਕਰ ਰਿਹਾ ਹੈ। ਭਵਿੱਖ ਸੁਨਹਿਰੀ ਹੈ।

### 'ਨਤੀਜ਼ਾ' ਬੇਗਮਪੁਰੀ ਦਾ

ਅਸੀਸ਼ ਦੁੱਗਲ ਜਿਹੇ ਸਟਾਰ ਕਲਾਕਾਰ ਤੇ ਗੁਰਦੀਪ ਸੰਧੂ ਜਿਹੇ ਟੀ.ਵੀ. ਸਟਾਰ ਨੂੰ ਲੈ ਕਿ ਰਿਸ਼ਵਤ ਤੇ ਫ਼ਿਲਮ 'ਨਤੀਜਾ' ਆਈ ਹੈ। ਬਲਬੀਰ ਬੇਗਮ ਪੁਰੀ ਨਿਰਦੇਸਤ ਇਹ ਫ਼ਿਲਮ ਪ੍ਰਾਈਮ ਬੀਟ ਰਿਕਾਰਡਜ਼ ਤੇ ਰਾਜ ਦੀ ਪੇਸ਼ਕਸ਼ ਹੈ।

## ਗੀਤ

ਧੂੜ ਖੱਬੀਖਾਨਾਂ ਨੂੰ ਚਟਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਜੋ ਸਦੀਆਂ ਤੋਂ ਪਛੜੇ ਪਛਾੜੇ ਲੋਕ ਦੇਸ਼ ਦੇ।
ਜਾਤਾਂ ਤੇ ਕੁਜਾਤਾਂ ਵਿਚ ਪਾੜੇ ਲੋਕ ਦੇਸ਼ ਦੇ।
ਸਾਂਝ ਭਾਈਚਾਰੇ ਦੀ ਸਿਖਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਮਨੂਵਾਦੀਆਂ ਨੂੰ ਉਹਦੇ ਗੜ੍ਹਾਂ ਵਿਚ ਘੇਰਕੇ।
ਉਨ੍ਹਾਂ ਰੱਖਤੇ ਗਣਿਤ ਰਾਜਨੀਤਕਾਂ ਦੇ ਫੇਰਕੇ।
ਐਸੀ ਪੁੱਠੀ ਚੱਕਰੀ ਘੁੰਮਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਾਂਗਰਸੀ, ਭਾਜਪਾ ਸਮੇਤ,ਸਭ ਰੱਖੇ ਠੋਕ ਕੇ।
ਬੈਠੇ ਸਨ ਸਾਰੇ ਮਨੂਵਾਦੀ ਸਾਹ ਰੋਕ ਕੇ।
ਨੀਂਦ ਕੱਲੇ ਕੱਲੇ ਦੀ ਉਡਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਕਹਿੰਦਾ ਛਡੂੰ ਦੇਸ਼ ਚੋਂ ਮੈਂ ਮਨੂਵਾਦ ਕੱਢ ਕੇ।
ਝੁੱਗੀਆਂ ਤੇ ਢਾਰਿਆਂ 'ਤੇ ਨੀਲਾ ਝੰਡਾ ਗੱਡ ਕੇ।
ਹਾਥੀ ਉੱਤੇ ਬਸਪਾ ਚੜ੍ਹਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।

ਉਹਦੀ ਕਰਨੀ ਤੇ ਕਹਿਣੀ ਇੱਕ, ਜੀਵਨ ਕਮਾਲ ਦਾ।
ਵੱਡਾ ਜਿਗਰਾ ਸੀ ਬਿਸ਼ਨ ਕੌਰ ਮਾਂ ਦੇ 'ਲਾਲ' ਦਾ।
ਸੁੱਤੀ ਕੌਮ ਹਲੂਣ ਕੇ ਜਗਾਈ ਕਾਂਸ਼ੀ ਰਾਮ ਨੇ।
ਗੋਡੀ ਮਨੂਵਾਦ ਦੀ ਲੁਆਈ ਕਾਂਸ਼ੀ ਰਾਮ ਨੇ।



ਲਾਲ ਸਿੰਘ ਸੁਲਹਾਣੀ
91-98721-55120

## 'ਨਸ਼ਾ'

'ਨਸ਼ਾ' ਹਾਨੀਕਾਰਕ ਜਦ ਨਾ ਛੱਡ ਹੁੰਦਾ,
ਜੋ ਦੂਹਰਾ ਤੀਹਰਾ ਕਰੇ ਨੁਕਸਾਨ ਲੋਕੋ।

ਨਾਲੇ ਨਿੱਤ ਕੀਰਨੇ ਪੈਂਦੇ ਤੱਕਦੇ ਨੇ,
ਲਾਟਾਂ ਉੱਠਦੀਆਂ ਵਿਚ ਸ਼ਮਸ਼ਾਨ ਲੋਕੋ।

ਨਸ਼ਾ ਰਿਸ਼ਵਤਖੋਰੀ ਦਾ ਲੱਗਾ ਫਾਇਦੇਮੰਦ ਜਿਸਨੂੰ,
ਉਹ ਕਿਵੇਂ ਛੇਤੀ ਛੱਡ ਦਿਉ ਇਨਸਾਨ ਲੋਕੋ ?

ਰਿਸ਼ਵਤਖੋਰ ਆਪਣੀਆਂ ਆਦਤ ਤੋਂ ਮਜ਼ਬੂਰ ਸਾਰੇ,
ਹੱਥਕੜੀਆਂ ਲੱਗਦੀਆਂ ਵੱਲ ਨਾ ਦੇਣ ਧਿਆਨ ਲੋਕੋ।



– ਮੇਜਰ ਸਿੰਘ ਬੁਢਲਾਡਾ
91-94176 42327

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ
ਕਲਿੱਕ ਕਰੋ:
www.deshdoaba.com
www.ambedkartimes.com

# ਲਾਹੌਰ ਵਿੱਚ ਪ੍ਰੇਮ ਚੋਪੜਾ ਜੀ ਦਾ ਘਰ











ਇਸ ਗੱਲ 'ਚ ਕੋਈ ਸ਼ੱਕ ਨਹੀਂ ਕਿ ਲਾਹੌਰ ਨੇ ਵੱਡੇ ਵੱਡੇ ਨਾਂ ਪੈਦਾ ਕੀਤੇ ਹਨ। ਇਹਨਾਂ 'ਚੋਂ ਇੱਕ ਨਾਂ ਪ੍ਰੇਮ ਚੋਪੜਾ ਦਾ ਵੀ ਏ ਜੋ ਬਾਲੀਵੁੱਡ ਦੇ ਵੱਡੇ ਅਦਾਕਾਰ ਨੇ। ਉਹ ਵਿਲਨ ਦੇ ਤੌਰ ਤੇ ਜਾਣੇ ਜਾਂਦੇ ਨੇ। ਉਨ੍ਹਾਂ ਦਾ ਜਨਮ ਉਸ ਸ਼ਹਿਰ ਵਿੱਚ ਹੋਇਆ ਜੋ ਪੰਜਾਬੀ ਫਿਲਮਾਂ ਤੇ ਮੌਸੀਕੀ ਦਾ ਗੜ੍ਹ ਹੁੰਦਾ ਸੀ। ਪ੍ਰੇਮ ਚੋਪੜਾ ਦਾ ਜਨਮ 23 ਸਤੰਬਰ 1935 ਨੂੰ ਗਵਾਲਮੰਡੀ ਦੇ ਨੇੜੇ ਰੇਲਵੇ ਰੋਡ ਕ੍ਰਿਸ਼ਨਾ ਗਲੀ ਨੰਬਰ 5 ਵਿੱਚ ਪਿਤਾ ਰਣਵੀਰ ਲਾਲ ਮਾਤਾ ਰਾਣੀ ਚੋਪੜਾ ਦੇ ਘਰ ਹੋਇਆ। ਜਿਸ ਘਰ ਵਿੱਚ ਪ੍ਰੇਮ ਚੋਪੜਾ ਦਾ ਜਨਮ ਹੋਇਆ ਉਹ ਘਰ ਉਸੇ ਹਾਲਤ ਵਿੱਚ ਅੱਜ ਵੀ ਮੌਜੂਦ ਹੈ।

ਅੱਜ ਜਦੋਂ ਅਸੀਂ ਉਥੋਂ ਦੀ ਯਾਤਰਾ ਕੀਤੀ ਤਾਂ ਇੰਝ ਲੱਗਾ ਕਿ ਜਿਵੇਂ ਪ੍ਰੇਮ ਚੋਪੜਾ ਜੀ ਅੱਜ ਵੀ ਉਥੇ ਹੀ ਰਹਿ ਰਹੇ ਨੇ। ਉਸ ਪਾਸੇ ਵੱਲ ਦੇ ਹੋਰ ਘਰ ਵੀ ਆਪਣੀ ਉਸੇ ਹਾਲਤ ਵਿੱਚ ਖੜ੍ਹੇ ਨੇ। ਉਹ ਵੀ ਸ਼ਾਇਦ ਉਹਨਾਂ ਪੰਜਾਬੀਆਂ ਦੇ ਹੋਣਗੇ ਜੋ ਸੰਤਾਲੀ ਦੀ ਵੰਡ ਵੇਲ਼ੇ ਆਪਣਾ ਪਿਆਰਾ ਸ਼ਹਿਰ ਛੱਡ ਕੇ ਚਲੇ ਗਏ।

ਪ੍ਰੇਮ ਚੋਪੜਾ ਜੀ ਦੇ ਪਰਿਵਾਰ ਨੂੰ ਵੀ ਸੰਤਾਲੀ ਦੀ ਕੁਲਹਿਣੀ ਵੰਡ ਸਮੇਂ ਆਪਣਾ ਦੇਸ਼ ਛੱਡਣਾ ਪਿਆ। ਉਨ੍ਹਾਂ ਦਾ ਪਰਿਵਾਰ ਸ਼ਿਮਲੇ ਚਲਾ ਗਿਆ। ਉਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਗਰੈਜੂਏਸ਼ਨ ਕੀਤੀ ਤੇ ਨਾਲ ਹੀ ਉਹ ਯੂਨੀਵਰਸਿਟੀ ਵਿੱਚ ਅਦਾਕਾਰੀ ਵੀ ਕਰਦੇ ਰਹੇ। ਪੜ੍ਹਾਈ ਦੌਰਾਨ ਹੀ ਉਨ੍ਹਾਂ ਨੇ ਮਨ ਬਣਾ ਲਿਆ ਸੀ ਕਿ ਉਹ ਅਦਾਕਾਰੀ ਕਰਨਗੇ। ਗਰੈਜੂਏਸ਼ਨ ਕਰਨ ਤੋਂ ਬਾਅਦ ਉਹਨਾਂ ਬੰਬੇ ਜਾਣ ਦਾ ਫ਼ੈਸਲਾ ਕੀਤਾ ਤੇ ਗੁਜ਼ਾਰਾ ਕਰਨ ਲਈ ਟਾਈਮਜ਼ ਆਫ਼ ਇੰਡੀਆ ਅਖਬਾਰ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੱਤਾ। ਇਸ ਦੌਰਾਨ ਫਿਲਮਾਂ ਵਿਚ ਕੰਮ ਕਰਨ ਲਈ ਜੱਦੋ-ਜਹਿਦ ਸ਼ੁਰੂ ਕੀਤੀ। ਇੱਕ ਪੰਜਾਬੀ ਫਿਲਮ ਵਿਚ ਕੰਮ ਮਿਲਿਆ ਜਿਸ ਦਾ ਨਾਂ ਚੌਧਰੀ ਕਰਨੈਲ ਸਿੰਘ ਸੀ। 1960 ਵਿੱਚ ਬਣੀ ਇਹ ਫਿਲਮ ਸੁਪਰਹਿੱਟ ਸਾਬਿਤ ਹੋਈ। ਇਸ ਨਾਲ ਪ੍ਰੇਮ ਚੋਪੜਾ ਦਾ ਨਾਂ ਚਰਚਾ ਵਿੱਚ ਆ ਗਿਆ। 1964 ਵਿੱਚ ਉਹਨਾਂ ਦੀ ਫਿਲਮ "ਵੋ ਕੌਣ ਥੀ" ਰਿਲੀਜ਼ ਹੋਈ ਜਿਸ ਦੇ ਹਦਾਇਤਕਾਰ ਰਾਜ ਖੋਸਲਾ ਸਨ। ਪ੍ਰੇਮ ਚੋਪੜਾ ਨੇ ਇਸ ਫਿਲਮ ਵਿਚ ਵਿਲੇਨ ਦਾ ਕਿਰਦਾਰ ਕੀਤਾ। ਇਸ ਵਿੱਚ ਮਨੋਜ ਕੁਮਾਰ ਤੇ ਸਾਧਨਾ ਮੋਹਰੀ ਰੋਲ ਵਿੱਚ ਸਨ। 1965 ਵਿੱਚ "ਸ਼ਹੀਦ" ਦੇ ਰਿਲੀਜ਼ ਹੋਣ ਨਾਲ ਪ੍ਰੇਮ ਚੋਪੜਾ ਦੀ ਵੱਖਰੀ ਪਛਾਣ ਬਣ ਗਈ। ਉਹ ਹੁਣ ਤੱਕ 300 ਤੋਂ ਵੱਧ ਫਿਲਮਾਂ ਵਿਚ ਕੰਮ ਕਰ ਚੁੱਕੇ ਹਨ।

– ਅੰਜਿਮ ਗਿੱਲ




# 19 ਵੀਆਂ ਏਸ਼ੀਅਨ ਖੇਡਾਂ ਵਿਚ ਭਾਰਤੀ ਖਿਡਾਰੀਆਂ ਨੇ 107 ਮੈਡਲ ਜਿੱਤੇ







**ਬਲਜਿੰਦਰ ਮਾਨ 98150-18947**

ਇਕ ਅਰਬ ਚਾਲੀ ਕਰੋੜ ਦੀ ਆਬਾਦੀ ਵਾਲਾ ਦੇਸ਼ ਅਜ ਹਰ ਖੇਤਰ ਵਿਚ ਦੁਨੀਆਂ ਦੀ ਸੁਪਰ ਪਾਵਰ ਬਣਦਾ ਜਾ ਰਿਹਾ ਹੈ। ਪਰ ਖੇਡ ਖੇਤਰ ਵਿਚ ਜਿੰਨੀਆਂ ਪ੍ਰਾਪਤੀਆਂ ਕੀਤੀਆਂ ਜਾ ਸਕਦੀਆਂ ਹਨ ਉਹਨਾਂ ਤੋਂ ਅਜੇ ਅਸੀਂ ਕਾਫ਼ੀ ਪਿੱਛੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤੀ ਖਿਡਾਰੀਆਂ ਨੇ 107 ਤਗਮੇ ਭਾਰਤ ਦੀ ਝੋਲੀ ਪਾ ਕੇ ਭਾਰਤ ਦੀ ਸ਼ਾਨ ਵਧਾਈ ਹੈ ਪਰ ਕੇਂਦਰੀ ਅਤੇ ਰਾਜ ਸਰਕਾਰਾਂ ਨੂੰ ਆਪੋ ਆਪਣੀ ਖੇਡ ਨੀਤੀ ਦੀ ਘੋਖ ਕਰਨ ਦੀ ਜ਼ਰੂਰਤ ਹੈ ਜਿਸ ਨਾਲ ਬਿਹਤਰ ਨਤੀਜਿਆਂ ਦੀ ਉਮੀਦ ਬਣ ਸਕੇ। ਇਹਨਾਂ ਖੇਡਾਂ ਵਿਚ ਮਾਹਿਲਪੁਰ ਦੀ ਉਡਣ ਪਰੀ ਅਥਲੀਟ ਹਰਮਿਲਨ ਬੈਂਸ ਨੇ 800 ਅਤੇ 1500 ਮੀਟਰ ਵਿਚ ਸਿਲਵਰ ਮੈਡਲ ਜਿੱਤਕੇ ਰਿਕਾਰਡ ਕਾਇਮ ਕੀਤਾ ਜਦਕਿ ਜ਼ਿਲ੍ਹਾ ਹੁਸ਼ਿਆਰਪੁਰ ਸਮੇਤ ਦੋਆਬੇ ਦੇ ਇਲਾਕੇ ਵਿਚ ਇੱਕ ਵੀ ਕੌਮਾਂਤਰੀ ਪੱਧਰ ਦਾ ਟਰੈਕ ਅਤੇ ਫੁੱਟਬਾਲ ਮੈਦਾਨ ਨਹੀਂ ਹੈ। ਇਸ ਪ੍ਰਾਪਤੀ ਤੇ ਅਸੀਂ ਮਾਣ ਕਰ ਸਕਦੇ ਹਾਂ ਕਿ ਉਸਦੀ ਮਾਤਾ ਮਾਧੁਰੀ ਏ ਸਿੰਘ ਬੂਸਾਨ (2002) ਏਸ਼ੀਅਨ ਵਿਚ 800 ਮੀਟਰ ਦਾ ਸਿਲਵਰ ਮੈਡਲ ਆਪਣੇ ਮਰਹੂਮ ਸਹੁਰੇ ਨੈਸ਼ਨਲ ਅਵਾਰਡੀ ਟੀਚਰ ਤੇ ਲੇਖਕ ਗਿਆਨੀ ਹਰਕੇਵਲ ਸਿੰਘ ਸੈਲਾਨੀ ਵਲੋਂ ਖੇਤਾਂ ਵਿਚ ਬਣਾਏ ਟਰੈਕ ਵਿਚ ਅਭਿਆਸ ਕਰਕੇ ਸਿਲਵਰ ਮੈਡਲ ਜਿੱਤ ਗਈ ਸੀ। ਹਰਮਿਲਨ ਬੈਂਸ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਵਿਚ ਆਪਣਾ ਅਭਿਆਸ ਕਰਦੀ ਰਹੀ। ਉਹਨਾਂ ਦਾ ਕਹਿਣਾ ਹੈ ਕਿ ਜੇਕਰ ਇਲਾਕੇ ਵਿਚ ਸਹੂਲਤ ਹੁੰਦੀ ਤਾਂ ਉਹਨਾਂ ਵਾਂਗ ਕਈ ਹੋਰ ਲੜਕੀਆਂ ਵੀ ਸ਼ਾਨਦਾਰ ਮੱਲਾਂ ਮਾਰ ਲੈਂਦੀਆਂ।ਭਾਰਤੀ ਖਿਡਾਰੀਆਂ ਨੇ ਦੇਸ਼ ਦੇ ਖੇਡ ਇਤਿਹਾਸ ਵਿਚ ਇਕ ਸ਼ਾਨਦਾਰ ਅਧਿਆਏ ਲਿਖਣ ਦੇ ਨਾਲ ਹੀ ਅਗਲੇ ਸਾਲ 2024 ਵਿਚ ਪੈਰਿਸ ਵਿਖੇ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਆਪਣੇ ਸਰਬਤੋਮ ਪ੍ਰਦਰਸ਼ਨ ਦੀਆਂ ਉਮੀਦਾਂ ਜਗਾ ਦਿੱਤੀਆਂ ਹਨ। ਭਾਰਤ ਨੇ ਏਸ਼ਿਆਈ ਖੇਡਾਂ ਵਿਚ ਲਗਪਗ 660 ਖਿਡਾਰੀਆਂ ਦੀ ਟੀਮ ਭੇਜੀਗਈ ਸੀ। ਭਾਰਤੀ ਟੀਮ ਨੇ ਇਨ੍ਹਾਂ ਖੇਡਾਂ ਵਿਚ ਰਿਕਾਰਡ 28 ਗੋਲਡ, 38 ਸਿਲਵਰ ਤੇ 41 ਕਾਂਸੇ ਦੇ ਮੈਡਲ ਜਿੱਤੇ। ਕੁੱਲ ਮੈਡਲਾਂ ਦੀ ਗਿਣਤੀ 2018 ਵਿਚ ਹੋਈਆਂ ਜਕਾਰਤਾਂ ਖੇਡਾਂ ਦੇ ਮੁਕਾਬਲੇ 37 ਵੱਧ ਹੈ।

ਭਾਰਤੀ ਖਿਡਾਰੀਆਂ ਨੇ ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਵਰਗੇ ਕੁੱਝ ਮੁਕਾਬਲਿਆਂ ਵਿਚ ਆਪਣੀਆਂ ਉਮੀਦਾਂ ਤੋਂ ਕਾਫ਼ੀ ਬਿਹਤਰ ਪ੍ਰਦਰਸ਼ਨ ਕੀਤਾ। ਭਾਰਤ ਇਨ੍ਹਾਂ ਖੇਡਾਂ ਦੀ ਮੈਡਲ ਸੂਚੀ ਵਿਚ ਚੀਨ, ਜਾਪਾਨ ਤੇ ਦੱਖਣੀ ਕੋਰੀਆ ਤੋਂ ਬਾਅਦ ਚੌਥੇ ਸਥਾਨ ’ਤੇ ਰਿਹਾ ਜੋ ਕਿ ਖਿਡਾਰੀਆਂ ਦੇ ਦ੍ਰਿੜ੍ਹ ਸੰਕਲਪ ਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਰੈਂਕਿੰਗ ਦੇ ਲਿਹਾਜ਼ ਨਾਲ ਵੀ ਮਹਾਂਦੀਪ ਵਿਚ ਭਾਰਤ ਦਾ ਕੱਦ ਕਈ ਸਥਾਨ ਉੱਪਰ ਵਧ ਗਿਆ ਹੈ। ਮੈਡਲ ਸੂਚੀ ਵਿਚ ਚੌਥਾ ਸਥਾਨ 1951 ਤੋਂ 1962 ਵਿਚ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ਤੋਂ ਬਾਅਦ ਭਾਰਤ ਦਾ ਆਲਟਾਈਮ ਤੀਜਾ ਸਰਬੋਤਮ ਪ੍ਰਦਰਸ਼ਨ ਹੈ। ਭਾਰਤ 2018 ਜਕਾਰਤਾ ਖੇਡਾਂ ਦੀ ਸੂਚੀ ਵਿਚ ਅੱਠਵੇਂ ਸਥਾਨ ’ਤੇ ਸੀ। ਟੋਕੀਓ ਓਲੰਪਿਕ ਵਿਚ ਭਾਰਤ ਦੇ ਸਰਬੋਤਮ ਪ੍ਰਦਰਸ਼ਨ ਤੋਂ ਬਾਅਦ ਏਸ਼ਿਆਈ ਖੇਡਾਂ ਦੀ ਸ਼ਾਨਦਾਰ ਸਫ਼ਲਤਾ ਨਾਲ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਦੇਸ਼ ਦੇ ਖਿਡਾਰੀਆਂ ਤੋਂ 2024 ਪੈਰਿਸ ਵਿਚ ਦੋਹਰੇ ਅੰਕ ਵਿਚ ਮੈਡਲਾਂ ਦੀ ਗਿਣਤੀ ਦੀ ਉਮੀਦ ਕੀਤੀ ਜਾ ਸਕਦੀ ਹੈ। ਇਨ੍ਹਾਂ ਖੇਡਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਭਾਰਤੀ ਓਲੰਪਿਕ ਸੰਘ ਦੇ ਅਧਿਕਾਰੀਆਂ ਨੇ 100 ਮੈਡਲਾਂ ਦਾ ਟੀਚਾ ਰੱਖਿਆ ਸੀ। ਸਭ ਤੋਂ ਵੱਡੀ ਨਿਰਾਸ਼ਾ ਕੁਸ਼ਤੀ ਵਿਚ ਬਜਰੰਗ ਪੂਨੀਆ ਨੂੰ ਮਿਲੀ ਹਾਰ ਨਾਲ ਹੋਈ। ਵੇਟਲਿਫਟਿੰਗ ਵਿਚ ਮੀਰਾਬਾਈ ਚਾਨੂ ਚੌਥੇ ਸਥਾਨ ’ਤੇ ਰਹੀ ਜਦਕਿ ਬੈਡਮਿੰਟਨ ਵਿਚ ਪੀ.ਵੀ. ਸਿੰਧੂ ਨੂੰ ਕੁਆਰਟਰ ਫਾਈਨਲ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਤੀਰਅੰਦਾਜ਼ਾਂ ਨੇ ਇਨ੍ਹਾਂ ਖੇਡਾਂ ਵਿਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਤੀਰਅੰਦਾਜ਼ਾਂ ਨੇ 2018 ਸੈਸ਼ਨ ਵਿਚ ਸਿਰਫ਼ ਦੋ ਸਿਲਵਰ ਤੋਂ ਬਾਅਦ ਵੱਡਾ ਸੁਧਾਰ ਕਰਦੇ ਹੋਏ ਪੰਜ ਗੋਲਡ ਸਮੇਤ ਨੌਂ ਮੈਡਲ ਜਿੱਤੇ। ਏਸ਼ਿਆਈ ਖੇਡਾਂ ਦੇ ਕਿਸੇ ਵੀ ਐਡੀਸ਼ਨ ਵਿਚ ਤੀਰਅੰਦਾਜ਼ੀ ਵਿਚ ਇਹ ਭਾਰਤ ਦਾ ਸਰਬੋਤਮ ਪ੍ਰਦਰਸ਼ਨ ਸੀ। ਨਿਸ਼ਾਨੇਬਾਜ਼ਾਂ ਨੇ ਵੀ ਸੱਤ ਗੋਲਡ, ਨੌਂ ਸਿਲਵਰ ਤੇ ਛੇ ਕਾਂਸੇ ਦੇ ਮੈਡਲਾਂ ਨਾਲ ਆਪਣਾ ਸਰਬੋਤਮ ਪ੍ਰਦਰਸ਼ਨ ਕੀਤਾ। ਭਾਰਤ ਨੇ ਹਾਕੀ ਤੇ ਕਬੱਡੀ ਵਿਚ ਗੋਲਡ ਦੇ ਨਾਲ ਇਨ੍ਹਾਂ ਖੇਡਾਂ ਵਿਚ ਆਪਣਾ ਦਬਦਬਾ ਮੁੜ ਕਾਇਮ ਕੀਤਾ।

ਪੰਜਾਬ ਦੇ 33 ਖਿਡਾਰੀਆਂ ਨੇ ਇਨ੍ਹਾਂ ਖੇਡਾਂ ਦੇ 72 ਵਰ੍ਹਿਆਂ ਦੇ ਸਾਰੇ ਰਿਕਾਰਡ ਤੋੜਦਿਆਂ 8 ਸੋਨੇ, 6 ਚਾਂਦੀ ਤੇ 5 ਕਾਂਸੀ ਦੇ ਤਮਗ਼ਿਆਂ ਨਾਲ ਕੁੱਲ 19 ਤਮਗੇ ਜਿੱਤੇ।ਏਸ਼ੀਅਨ ਖੇਡਾਂ ਦੇ 72 ਵਰ੍ਹਿਆਂ ਦੇ ਇਤਿਹਾਸ ਵਿਚ ਪੰਜਾਬ ਦੇ ਖਿਡਾਰੀਆਂ ਨੇ ਇਸ ਤੋਂ ਪਹਿਲਾਂ ਸਭ ਤੋਂ ਵੱਧ ਸੋਨ ਤਮਗ਼ੇ 1951 ਵਿਚ ਨਵੀਂ ਦਿੱਲੀ ਅਤੇ 1962 ਵਿਚ ਜਕਾਰਤਾ ਏਸ਼ੀਅਨ ਖੇਡਾਂ ਵਿਚ 7-7 ਸੋਨ ਤਮਗੇ ਜਿੱਤੇ ਸਨ ਅਤੇ ਇਸ ਵਾਰ ਇਹ ਰਿਕਾਰਡ ਤੋੜਦਿਆਂ ਪੰਜਾਬ ਦੇ ਖਿਡਾਰੀਆਂ ਨੇ 8 ਸੋਨ ਤਮਗ਼ੇ ਜਿੱਤ ਲਏ। ਇਸ ਤੋਂ ਇਲਾਵਾ ਪੰਜਾਬੀ ਖਿਡਾਰੀਆਂ ਨੇ ਕੁੱਲ ਸਭ ਤੋਂ ਵੱਧ 15 ਤਮਗ਼ੇ 1951 ਵਿਚ ਨਵੀਂ ਦਿੱਲੀ ਵਿਖੇ ਜਿੱਤੇ ਸਨ। ਇਸ ਵਾਰ ਇਹ ਵੀ ਰਿਕਾਰਡ ਤੋੜਦਿਆਂ ਕੁੱਲ 19 ਤਮਗੇ ਜਿੱਤੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦੇ ਨਿਰਦੇਸ਼ਾਂ ’ਤੇ ਇਸ ਵਾਰ ਏਸ਼ੀਅਨ ਖੇਡਾਂ ਵਿਚ ਹਿੱਸਾ ਲੈਣ ਗਏ 48 ਪੰਜਾਬੀ ਖਿਡਾਰੀਆਂ ਨੂੰ ਤਿਆਰੀ ਲਈ ਪ੍ਰਤੀ ਖਿਡਾਰੀ 8 ਲੱਖ ਰੁਪਏ ਦੇ ਹਿਸਾਬ ਨਾਲ ਕੁੱਲ 4.64 ਕਰੋੜ ਰੁਪਏ ਦਿੱਤੇ ਗਏ। ਸਿਫ਼ਤ ਕੌਰ ਸਮਰਾ ਨੇ ਨਿਸ਼ਾਨੇਬਾਜ਼ੀ ਵਿਚ ਇਕ ਸੋਨੇ ਤੇ ਇਕ ਚਾਂਦੀ ਦਾ ਤਮਗ਼ਾ ਜਿੱਤਿਆ। ਸੋਨ ਤਮਗ਼ਾ ਜਿਤਣ ਵਾਲਿਆਂ ਵਿਚ ਹਰਮਨਪ੍ਰੀਤ ਕੌਰ (ਕਪਤਾਨ), ਕਨਿਕਾ ਆਹੂਜਾ ਤੇ ਅਮਨਜੋਤ ਕੌਰ ਨੇ ਮਹਿਲਾ ਕ੍ਰਿਕਟ, ਤੇਜਿੰਦਰ ਪਾਲ ਸਿੰਘ ਤੂਰ ਨੇ ਸ਼ਾਟਪੁੱਟ, ਅਰਜੁਨ ਸਿੰਘ ਚੀਮਾ ਤੇ ਜ਼ੋਰਾਵਾਰ ਸਿੰਘ ਸੰਧੂ ਨੇ ਨਿਸ਼ਾਨੇਬਾਜ਼ੀ, ਪ੍ਰਨੀਤ ਕੌਰ ਨੇ ਤੀਰਅੰਦਾਜ਼ੀ, ਹਰਮਨਪ੍ਰੀਤ ਸਿੰਘ (ਕਪਤਾਨ), ਹਾਰਦਿਕ ਸਿੰਘ (ਵਾਈਸ ਕਪਤਾਨ), ਮਨਪ੍ਰੀਤ ਸਿੰਘ, ਮਨਦੀਪ ਸਿੰਘ, ਵਰੁਣ ਕੁਮਾਰ, ਗੁਰਜੰਟ ਸਿੰਘ, ਸ਼ਮਸ਼ੇਰ ਸਿੰਘ, ਜਰਮਨਪ੍ਰੀਤ ਸਿੰਘ ਥੱਲ, ਕ੍ਰਿਸ਼ਨ ਬਹਾਦਰ ਪਾਠਕ ਤੇ ਸੁਖਜੀਤ ਸਿੰਘ ਨੇ ਪੁਰਸ਼ ਹਾਕੀ ਅਤੇ ਅਰਸ਼ਦੀਪ ਸਿੰਘ ਤੇ ਪ੍ਰਭਸਿਮਰਨ ਸਿੰਘ ਨੇ ਪੁਰਸ਼ ਕ੍ਰਿਕਟ ਵਿਚ ਸੋਨੇ ਦਾ ਤਮਗ਼ਾ ਜਿੱਤਿਆ। ਚਾਂਦੀ ਦੇ ਤਮਗ਼ੇ ਜਿੱਤਣ ਵਾਲਿਆਂ ਵਿਚ ਹਰਮਿਲਨ ਬੈਂਸ ਨੇ 800 ਮੀਟਰ ਤੇ 1500 ਮੀਟਰ ਵਿਚ ਦੋ ਚਾਂਦੀ ਅਤੇ ਜਸਵਿੰਦਰ ਸਿੰਘ ਨੇ ਰੋਇੰਗ ਵਿਚ ਇਕ ਚਾਂਦੀ ਤੇ ਇਕ ਕਾਂਸੀ ਦਾ ਤਮਗ਼ਾ ਜਿੱਤਿਆ।

ਏਸ਼ਿਆਈ ਖੇਡਾਂ ’ਚ ਪੰਜਾਬੀਆਂ ਦੀ ਸ਼ੁਰੂ ਤੋਂ ਹੀ ਸਰਦਾਰੀ ਰਹੀ ਹੈ। ਖ਼ਾਸ ਤੌਰ ’ਤੇ ਹਾਕੀ, ਕਬੱਡੀ ਆਦਿ ’ਚ ਤਾਂ ਪੰਜਾਬੀ ਨੌਜਵਾਨਾਂ ਅਤੇ ਪੰਜਾਬ ਦੀਆਂ ਧੀਆਂ ਨੇ ਆਪਣੇ ਦਬਦਬੇ ਨੂੰ ਨਾ ਸਿਰਫ਼ ਹਮੇਸ਼ਾ ਕਾਇਮ ਰੱਖਿਆ, ਸਗੋਂ ਉਸਦਾ ਸਫ਼ਲਤਾ ਨਾਲ ਪ੍ਰਦਰਸ਼ਨ ਵੀ ਕੀਤਾ ਹੈ। ਪੁਰਸ਼ ਹਾਕੀ ਟੀਮ ’ਚ ਕਪਤਾਨ ਹਰਮਨਪ੍ਰੀਤ ਸਿੰਘ ਸਮੇਤ 10 ਖਿਡਾਰੀ ਪੰਜਾਬ ਦੇ ਹਨ। ਇਨ੍ਹਾਂ ’ਚੋਂ ਪੰਜ ਤਾਂ ਇਕੱਲੇ ਜਲੰਧਰ ਤੋਂ ਹਨੇ, ਜਦੋਂ ਕਿ 4 ਅੰਮ੍ਰਿਤਸਰ ਦੇ ਅਤੇ ਇਕ ਕਪੂਰਥਲਾ ਤੋਂ ਹੈ। ਪੰਜਾਬ ਦੇ ਆਮ ਲੋਕਾਂ ਅਤੇ ਪੰਜਾਬੀ ਖਿਡਾਰੀਆਂ ਲਈ ਇਹ ਵੀ ਮਾਣ ਦਾ ਪਲ ਰਿਹਾ, ਜਦੋਂ ਉਦਘਾਟਨ ਵਾਲੇ ਦਿਨ 654 ਮੈਂਬਰੀ ਭਾਰਤੀ ਦਲ ਦੀ ਅਗਵਾਈ ਕਰਨ ਲਈ, ਭਾਰਤ ਦਾ ਕੌਮੀ ਜੰਡਾ ਬਰਦਾਰ ਪੰਜਾਬੀ ਨੌਜਵਾਨ ਹਰਮਨਪ੍ਰੀਤ ਸਿੰਘ ਨੂੰ ਬਣਾਇਆ ਗਿਆ। ਬਿਨਾਂ ਸ਼ੱਕ ਇਸ ਸੁਭਾਗੇ ਮੌਕੇ ਨੇ ਪੰਜਾਬੀ ਖਿਡਾਰੀਆਂ ’ਚ ਨਵੇਂ ਉਤਸ਼ਾਹ ਤੇ ਜੋਸ਼ ਦਾ ਸੰਚਾਰ ਕੀਤਾ ਹੋਵੇਗਾ।ਹਾਕੀ ’ਚ ਭਾਰਤ ਨੇ 9 ਸਾਲ ਦੇ ਸੁਨਹਿਰੀ ਸੋਕੇ ਨੂੰ ਖ਼ਤਮ ਕੀਤਾ। ਕਬੱਡੀ ’ਚ ਵੀ ਦੋਵੇਂ ਪੁਰਸ਼ ਤੇ ਮਹਿਲਾ ਟੀਮਾਂ ਨੇ ਸੋਨ ਤਗਮੇ ਜਿੱਤੇ। ਇਸੇ ਲਈ ਤਾਂ ਪੂਰੇ ਟੂਰਨਾਮੈਂਟ ’ਚ ਪੰਜਾਬੀ ਖਿਡਾਰੀ ਛਾਏ ਰਹੇ। ਹਾਕੀ, ਕਬੱਡੀ ਅਤੇ ਕ੍ਰਿਕਟ ’ਚ ਜੇਕਰ ਪੰਜਾਬੀ ਖਿਡਾਰੀਆਂ ਨੇ ਦਬਦਬਾ ਬਣਾਇਆ, ਤਾਂ ਕੁਸ਼ਤੀ ਮੁਕਾਬਲਿਆਂ ’ਚ ਹਰਿਆਣਵੀ ਲੜਕੇ ਅਤੇ ਲੜਕੀਆਂ ਨੇ ਆਪਣੀ ਧਾਂਕ ਦਾ ਬਾਖ਼ੂਬੀ ਪ੍ਰਗਟਾਵਾ ਕੀਤਾ, ਹਾਲਾਂਕਿ ਕੁਸ਼ਤੀ ਦੇ ਕਈ ਮੁਕਾਬਲਿਆਂ ’ਚ ਭਾਰਤੀ ਪਹਿਲਵਾਨ ਉਮੀਦਾਂ ’ਤੇ ਖਰ੍ਹੇ ਨਹੀਂ ਉਤਰ ਸਕੇ। ਪਰ ਫਿਰ ਵੀ ਇਸ ਵੱਕਾਰੀ ਖੇਡ ਟੂਰਨਾਮੈਂਟ ਨੇ ਦੇਸ਼ ਨੂੰ ਜਸ਼ਨ ਮਨਾਉਣ ਦਾ ਇਕ ਸੁਨਹਿਰੀ ਅਵਸਰ ਮੁਹੱਈਆ ਕਰਵਾਇਆ ਹੈ। ਦੇਸ਼ ਦੇ ਰਾਸ਼ਟਰਪਤੀ ਦਰੋਪਦੀ ਮੁਰਮੂ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਰਤੀ ਖਿਡਾਰੀਆਂ ਦੀ ਉਲਪਬਧੀ ’ਤੇ ਵਧਾਈਆਂ ਦਿੰਦਿਆਂ ਓਲੰਪਿਕ ਦੀ ਤਿਆਰੀ ਵਿਚ ਜੁਟਣ ਦੀ ਸਲਾਹ ਦਿੱਤੀ।ਆਪਣੇ ਮੌਜੂਦਾ ਪ੍ਰਦਰਸ਼ਨ ਦੇ ਬਲ ’ਤੇ ਕਈ ਖਿਡਾਰੀਆਂ ਅਤੇ ਟੀਮਾਂ ਨੇ ਉਲੰਪਿਕ ਦਾ ਟਿਕਟ ਵੀ ਕਟਾਇਆ ਹੈ।ਹਾਂਗਜ਼ੂ ’ਚ ਭਾਰਤੀ ਖਿਡਾਰੀਆਂ ਦੇ ਇਸ ਪ੍ਰਦਰਸ਼ਨ ਨਾਲ ਉਲੰਪਿਕ ’ਚ ਵੀ ਭਾਰਤ ਦੇ ਪ੍ਰਦਰਸ਼ਨ ’ਚ ਸੁਧਾਰ ਹੋਣ ਦੀਆਂ ਉਮੀਦਾਂ ਜਾਗਦੀਆਂ ਹਨ।

1951 ਤੋਂ ਸ਼ੁਰੂ ਹੋਈਆਂ ਇਨ੍ਹਾਂ ਏਸ਼ੀਅਨ ਖੇਡਾਂ ’ਚ ਅੱਜ ਤੱਕ ਭਾਰਤ ਦੀ ਝੋਲੀ ’ਚ ਕਦੇ ਏਨੇ ਤਗਮੇ ਨਹੀਂ ਆਏ ਸਨ। ਹੁਣ ਤੱਕ ਭਾਰਤ ਨੇ 2018 ਜਕਾਰਤਾ ਏਸ਼ਿਆਈ ਖੇਡਾਂ ’ਚ ਸਭ ਤੋਂ ਵੱਧ ਕੁੱਲ 70 ਤਗਮੇ ਹਾਸਿਲ ਕੀਤੇ ਸਨ। 'ਸੌ ਪਾਰ’ ਦੀ ਉਮੀਦ ਵੀ ਸੰਭਾਵਿਤ ਤੌਰ ’ਤੇ ਇਸੇ ਕਾਰਨ ਹੀ ਕੀਤੀ ਜਾ ਰਹੀ ਸੀ।

ਇਸ ਵਾਰ ਭਾਰਤੀ ਕ੍ਰਿਕਟ ਦੀ ਪੁਰਸ਼ ਟੀਮ ਦੇ ਬਰਾਬਰ ਹੀ ਮਹਿਲਾ ਕ੍ਰਿਕਟ ਟੀਮ ਨੇ ਵੀ ਆਪਣੇ ਆਪ ਨੂੰ ਸਾਬਿਤ ਕਰਦਿਆਂ ਏਸ਼ਿਆਈ ਖੇਡਾਂ ’ਚ ਪਹਿਲੀ ਵਾਰ ਭਾਗ ਲੈਂਦਿਆਂ ਹੀ ਕ੍ਰਿਕਟ ’ਚ ਪਹਿਲਾ ਸੋਨ ਤਗਮਾ ਆਪਣੇ ਨਾਂਅ ਕੀਤਾ। ਪੁਰਸ਼ ਟੀਮ ਨੇ ਵੀ ਕ੍ਰਿਕਟ ’ਚ ਸੋਨ ਤਗਮਾ ਜਿੱਤਿਆ।

ਨੀਰਜ ਚੋਪੜਾ ਵਰਗੇ ਖਿਡਾਰੀਆਂ ਦੇ ਉਮੀਦਾਂ ’ਤੇ ਖਰ੍ਹਾ ਉਤਰਨ ਦੀ ਵੀ ਪੂਰੀ-ਪੂਰੀ ਉਮੀਦ ਸੀ। ਨਿਸ਼ਾਨੇਬਾਜ਼ੀ ਅਤੇ ਤੀਰਅੰਦਾਜ਼ੀ ’ਚ ਦੇਸ਼ ਦੇ ਨੌਜਵਾਨਾਂ ਵਾਂਗ ਦੇਸ਼ ਦੀਆਂ ਬੇਟੀਆਂ ਨੇ ਵੀ ਬਰਾਬਰ ਆਪਣੇ ਕਦਮਾਂ ਨੂੰ ਮਜ਼ਬੂਤੀ ਨਾਲ ਰੱਖਦੇ ਹੋਏ ਨਾਰੀ ਸ਼ਕਤੀ ਦੇ ਝੰਡੇ ਨੂੰ ਬੁਲੰਦ ਕਰੀ ਰੱਖਿਆ। ਭਾਰਤ ਨੂੰ ਪਹਿਲੇ ਦੋ ਸੋਨ ਤਗਮੇ ਟੂਰਨਾਮੈਂਟ ਦੇ ਦੂਜੇ ਦਿਨ ਲੜਕਿਆਂ ਅਤੇ ਲੜਕੀਆਂ ਨੇ ਨਿਸ਼ਾਨੇਬਾਜ਼ੀ ’ਚ ਟੀਮ ਰੂਪ ’ਚ ਦਿਵਾਏ। ਪਹਿਲਾ ਸੋਨਾ ਅਤੇ 100ਵਾਂ ਤਗਮਾ ਵੀ ਦੇਸ਼ ਦੀਆਂ ਬੇਟੀਆਂ ਦੇ ਨਾਂ ਰਿਹਾ।

ਦੇਸ਼ ਨੂੰ ਟੂਰਨਾਮੈਂਟ ਦੇ ਪਹਿਲੇ ਦਿਨ ਤਿੰਨ ਚਾਂਦੀ ਤੇ ਦੋ ਕਾਂਸੀ ਤਗਮਿਆਂ ਨਾਲ ਹੀ ਸਬਰ ਕਰਨਾ ਪਿਆ ਸੀ। ਦੇਸ਼ ਨੂੰ ਮਾਣ ਕਰਨ ਦਾ ਮੌਕਾ 26 ਸਤੰਬਰ ਨੂੰ ਉਦੋਂ ਮਿਲਿਆ, ਜਦੋਂ ਘੋੜਸਵਾਰੀ ਦੀ ਕਿਸੇ ਟੂਰਨਾਮੈਂਟ ’ਚ ਭਾਰਤ ਦੀ ਇਕ ਨੌਜਵਾਨ ਬੇਟੀ ਦਿਵਿਆਕ੍ਰਿਤੀ ਸਿੰਘ ਨੇ 41 ਸਾਲ ਪੁਰਾਣੀ ਪਰੰਪਰਾ ਨੂੰ ਤੋੜਦਿਆਂ ਰਿਕਾਰਡ ਅੰਕਾਂ ਨਾਲ ਸੋਨ ਤਗਮਾ ਜਿੱਤਿਆ। ਕੁਮਾਰੀ ਸਿੰਘ ਨੇ ਇਹ ਤਗਮਾ ਚੀਨੀ ਘੋੜਸਵਾਰ ਨੂੰ ਉਸੇ ਦੀ ਧਰਤੀ ’ਤੇ ਦੂਜੇ ਸਥਾਨ ’ਤੇ ਧੱਕ ਕੇ ਪ੍ਰਾਪਤ ਕੀਤਾ। ਇਸ ਤਰ੍ਹਾਂ ਇਹਨਾਂ ਖੇਡਾਂ ਵਿਚ ਭਾਰਤੀ ਗੱਭਰੂਆਂ ਅਤੇ ਮੁਟਿਆਰਾਂ ਨੇ ਬਰਾਬਰ ਦਾ ਪ੍ਰਦਰਸ਼ਨ ਕਰਕੇ ਭਾਰਤ ਦੇ ਤਿਰੰਗੇ ਨੂੰ ਉਚਾ ਕੀਤਾ।

# ਰਿਕਾਰਡ ਮੈਡਲਾਂ ਨਾਲ ਪੈਰਿਸ ਓਲੰਪਿਕ ’ਚ ਦਮਦਾਰ ਪ੍ਰਦਰਸ਼ਨ ਦੀ ਆਸ ਜਾਗੀ

**ਹਾਂਗਝੂ-** ਏਸ਼ਿਆਈ ਖੇਡਾਂ ਵਿਚ 107 ਮੈਡਲਾਂ ਦੇ ਰਿਕਾਰਡ ਨਾਲ ਭਾਰਤੀ ਖਿਡਾਰੀਆਂ ਨੇ ਦੇਸ਼ ਦੇ ਖੇਡ ਇਤਿਹਾਸ ਵਿਚ ਇਕ ਸ਼ਾਨਦਾਰ ਅਧਿਆਏ ਲਿਖਣ ਦੇ ਨਾਲ ਹੀ ਅਗਲੇ ਸਾਲ ਪੈਰਿਸ ਵਿਚ ਹੋਣ ਵਾਲੀਆਂ ਓਲੰਪਿਕ ਖੇਡਾਂ ਵਿਚ ਆਪਣੇ ਸਰ-ਬਤੋਮ ਪ੍ਰਦਰਸ਼ਨ ਦੀਆਂ ਉਮੀਦਾਂ ਜਗਾ ਦਿੱਤੀਆਂ ਹਨ। ਭਾਰਤ ਨੇ ਏਸ਼ਿਆਈ ਖੇਡਾਂ ਵਿਚ ਲਗਪਗ 660 ਖਿਡਾਰੀਆਂ ਦੀ ਟੀਮ ਭੇਜੀ ਸੀ। ਭਾਰਤੀ ਟੀਮ ਨੇ ਇਨ੍ਹਾਂ ਖੇਡਾਂ ਵਿਚ ਰਿਕਾਰਡ 28 ਗੋਲਡ, 38 ਸਿਲਵਰ ਤੇ 41 ਕਾਂਸੇ ਦੇ ਮੈਡਲ ਜਿੱਤੇ। ਕੁੱਲ ਮੈਡਲਾਂ ਦੀ ਗਿਣਤੀ 2018 ਵਿਚ ਹੋਈਆਂ ਜਕਾਰਤਾਂ ਖੇਡਾਂ ਦੇ ਮੁਕਾਬਲੇ 37 ਵੱਧ ਹੈ। ਭਾਰਤੀ ਖਿਡਾਰੀਆਂ ਨੇ ਨਿਸ਼ਾਨੇਬਾਜ਼ੀ ਤੇ ਤੀਰਅੰਦਾਜ਼ੀ ਵਰਗੇ ਕੁੱਝ ਮੁਕਾਬਲਿਆਂ ਵਿਚ ਆਪਣੀਆਂ ਉਮੀਦਾਂ ਤੋਂ ਕਾਫ਼ੀ ਬਿਹਤਰ ਪ੍ਰਦਰਸ਼ਨ ਕੀਤਾ। ਭਾਰਤ ਇਨ੍ਹਾਂ ਖੇਡਾਂ ਦੀ ਮੈਡਲ ਸੂਚੀ ਵਿਚ ਚੀਨ, ਜਾਪਾਨ ਤੇ ਦੱਖਣੀ ਕੋਰੀਆ ਤੋਂ ਬਾਅਦ ਚੌਥੇ ਸਥਾਨ ’ਤੇ ਰਿਹਾ ਜੋ ਕਿ ਖਿਡਾਰੀਆਂ ਦੇ ਦ੍ਰਿੜ੍ਹ ਸੰਕਲਪ ਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਰੈਂਕਿੰਗ ਦੇ ਲਿਹਾਜ਼ ਨਾਲ ਵੀ ਮਹਾਦੀਪ ਵਿਚ ਭਾਰਤ ਦਾ ਕੱਦ ਕਈ ਸਥਾਨ ਉੱਪਰ ਵਧ ਗਿਆ ਹੈ। ਮੈਡਲ ਸੂਚੀ ਵਿਚ ਚੌਥਾ ਸਥਾਨ 1951 ਤੇ 1962 ਵਿਚ ਕ੍ਰਮਵਾਰ ਦੂਜੇ ਤੇ ਤੀਜੇ ਸਥਾਨ ਤੋਂ ਬਾਅਦ ਭਾਰਤ ਦਾ ਆਲਟਾਈਮ ਤੀਜਾ ਸਰਬੋਤਮ ਪ੍ਰਦਰਸ਼ਨ ਹੈ। ਭਾਰਤ 2018 ਜਕਾਰਤਾ ਖੇਡਾਂ ਦੀ ਸੂਚੀ ਵਿਚ ਅੱਠਵੇਂ ਸਥਾਨ ’ਤੇ ਸੀ।

ਟੋਕੀਓ ਓਲੰਪਿਕ ਵਿਚ ਭਾਰਤ ਦੇ ਸਰਬੋਤਮ ਪ੍ਰਦਰਸ਼ਨ ਤੋਂ ਬਾਅਦ ਏਸ਼ਿਆਈ ਖੇਡਾਂ ਦੀ ਸ਼ਾਨਦਾਰ ਸਫਲਤਾ ਨਾਲ ਇਸ ਗੱਲ ਦਾ ਸੰਕੇਤ ਮਿਲਦਾ ਹੈ ਕਿ ਦੇਸ਼ ਦੇ ਖਿਡਾਰੀਆਂ ਤੋਂ 2024 ਪੈਰਿਸ ਵਿਚ ਦੋਹਰੇ ਅੰਕ ਵਿਚ ਮੈਡਲਾਂ ਦੀ ਗਿਣਤੀ ਦੀ ਉਮੀਦ ਕੀਤੀ ਜਾ ਸਕਦੀ ਹੈ। ਇਨ੍ਹਾਂ ਖੇਡਾਂ ਦੇ ਸ਼ੁਰੂ ਹੋਣ ਤੋਂ ਪਹਿਲਾਂ ਭਾਰਤੀ ਓਲੰਪਿਕ ਸੰਘ ਦੇ ਅਧਿਕਾਰੀਆਂ ਨੇ 100 ਮੈਡਲਾਂ ਦਾ ਟੀਚਾ ਰੱਖਿਆ ਸੀ। ਭਾਰਤੀ ਖਿਡਾਰੀਆਂ ਨੇ ਖੇਡਾਂ ਦੇ ਪਹਿਲੇ ਦਿਨ ਤੋਂ ਮੈਡਲ ਜਿੱਤਣੇ ਸ਼ੁਰੂ ਕੀਤੇ ਤੇ ਇਹ ਉਨ੍ਹਾਂ ਦੇ ਮੁਕਾਬਲਿਆਂ ਦੇ ਆਖ਼ਰੀ ਦਿਨ ਤੱਕ ਜਾਰੀ ਰਿਹਾ। ਭਾਰਤੀ ਖੇਮੇ ਨੂੰ ਹਾਲਾਂਕਿ ਕੁਝ ਨਿਰਾਸ਼ਾ ਦਾ ਵੀ ਸਾਹਮਣਾ ਕਰਨਾ ਪਿਆ। ਸਭ ਤੋਂ ਵੱਡੀ ਨਿਰਾਸ਼ਾ ਕੁਸ਼ਤੀ ਵਿਚ ਬਜਰੰਗ ਪੂਨੀਆ ਨੂੰ ਮਿਲੀ ਹਾਰ ਨਾਲ ਹੋਈ। ਵੇਟਲਿਫਟਿੰਗ ਵਿਚ ਮੀਰਾਬਾਈ ਚਾਨੂ ਚੌਥੇ ਸਥਾਨ ’ਤੇ ਰਹੀ ਜਦਕਿ ਬੈਡਮਿੰਟਨ ਵਿਚ ਪੀਵੀ ਸਿੰਧੂ ਨੂੰ ਕੁਆਰਟਰ ਫਾਈਨਲ ਵਿਚ ਹਾਰ ਦਾ ਸਾਹਮਣਾ ਕਰਨਾ ਪਿਆ। ਐਥਲੈਟਿਕਸ ਤੇ ਨਿਸ਼ਾਨੇਬਾਜ਼ੀ ਤੋਂ ਦੇਸ਼ ਨੂੰ ਸਭ ਤੋਂ ਵੱਧ ਕ੍ਰਮਵਾਰ 29 ਤੇ 22 ਮੈਡਲ ਮਿਲੇ।

ਇਨ੍ਹਾਂ ਦੋਵਾਂ ਦੀ ਗਿਣਤੀ ਭਾਰਤ ਦੇ ਕੁੱਲ ਤੇ ਗੋਲਡ ਮੈਡਲਾਂ ਦੀ ਗਿਣਤੀ ਦਾ ਲਗਪਗ ਅੱਧਾ ਹੈ। ਨਿਸ਼ਾਨੇਬਾਜ਼ੀ ਵਿਚ ਸਭ ਤੋਂ ਵੱਧ ਸੱਤ ਗੋਲਡ ਮੈਡਲ ਮਿਲੇ ਜਦਕਿ ਐਥਲੈਟਿਕਸ ਵਿਚ ਛੇ ਗੋਲਡ ਮੈਡਲ ਮਿਲੇ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



Call:
**530-824-5134**

## ਪੁਰਾਣੇ ਟਾਇਰਾਂ ਦੀ ਸੇਲ

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES
**WASH, LUBE, BRAKES**

Call:
**650-642-0697**

## 3525 Highway 99, West Corning, CA 96021
Across the Street from TA Truck Stop





# KB USED AUTO SALES



## 8655 B Monterey Street Gilroy, CA 95020

Kashmiri Bhatia,
Dealer/Broker
408-848-2365

**50% OFF WARRANTY**
**with Qualifying Car Purchase**

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

# K&K AUTO REPAIR
## and Car Wash

**63 Muckelemi St**
**San Juan Bautista 95045**

Kashmiri Bhatia (Owner)
**831-623-4702**

**20% OFF LABOUR**
on your next qualifying service

Car Care You Can Trust